*Published in Punjabi & English*
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-11, ਅੰਕ-1, ਜਨਵਰੀ 2021
Website: www.ppapmg.com
HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

ਬੀਤਿਆ ਸਾਲ ਸਾਡੇ ਕੋਲ ਢੇਰ ਸਾਰੀਆਂ ਯਾਦਾਂ ਛੱਡ ਕੇ ਗਿਆ ਹੈ। ਨਵੇਂ ਸਾਲ ਦੀ ਸ਼ੁਰੂਆਤ ਸਭਨਾ ਲਈ ਸ਼ਾਂਤੀ, ਖੁਸ਼ੀਆਂ ਤੇ ਉਮੀਦਾਂ ਦੇ ਭੰਡਾਰ ਲੈ ਕੇ ਆਵੇ।

**ਨਵਾਂ ਸਾਲ ਮੁਬਾਰਕ !**

**ਪਾਠਕਾਂ ਦੇ ਭਰਵੇਂ ਸਹਿਯੋਗੀ, ਹੁੰਗਾਰੇ ਸਦਕਾ**

**ਸਰੋਕਾਰਾਂ ਦੀ ਆਵਾਜ਼**

**11ਵੇਂ ਸਾਲ**

'ਚ ਪ੍ਰਵੇਸ਼ ਕਰ ਗਿਆ ਹੈ। ਤੁਹਾਡਾ ਭਰਪੂਰ ਹੁੰਗਾਰਾ ਤੇ ਸਾਡਾ ਸੰਘਰਸ਼ ਇਸ ਤਰ੍ਹਾਂ ਹੀ ਜਾਰੀ ਰਹੇ ਤਾਂ ਜੋ ਅਸੀਂ ਮੰਜ਼ਿਲ ਸਰ ਸਕੀਏ। 'ਸਰੋਕਾਰਾਂ ਦੀ ਆਵਾਜ਼'
ਨੂੰ 11ਵੇਂ ਸਾਲ ਵਿਚ ਪ੍ਰਵੇਸ਼ ਹੋਣ ਦੀ ਹਾਰਦਿਕ ਵਧਾਈ।

**ਸਰੋਕਾਰਾਂ ਦੀ ਆਵਾਜ਼**

**ਦਾ ਇਹ ਵਿਸ਼ੇਸ਼ ਅੰਕ ਕਿਰਸਾਨੀ ਘੋਲ਼ ਨੂੰ ਸਮਰਪਿਤ ਹੈ**

ਖੇਤੀ ਵਿਰੋਧੀ ਕਾਨੂੰਨਾਂ ਦੇ ਖਿਲਾਫ਼ ਜਾਰੀ ਕਿਰਸਾਨੀ ਘੋਲ਼ ਦੀ ਪੁਰਜ਼ੋਰ ਹਮਾਇਤ ਕਰਦੇ ਹਾਂ। ਦਿੱਲੀ ਨੂੰ ਘੇਰੀਂ ਬੈਠੇ ਪੰਜਾਬ ਦੇ ਅਣਖੀਲੇ ਯੋਧੇ ਅਤੇ ਸੰਘਰਸ਼ੀ ਲੋਕ ਜਿੱਤ ਕੇ ਹੀ ਘਰਾਂ ਨੂੰ ਪਰਤਣਗੇ।

# ਪੰਜਾਬੀ ਕਿਸਾਨ ਸੰਘਰਸ਼, ਮੁਲਕ ਲਈ ਪ੍ਰੇਰਣਾ







**ਬੂਟਾ ਸਿੰਘ ਨਵਾਂਸ਼ਹਿਰ**
94634-74342

ਪਿਛਲੇ ਤਿੰਨ ਮਹੀਨਿਆਂ ਤੋਂ ਅਖਾਉਤੀ ਖੇਤੀ ਕਾਨੂੰਨਾਂ ਅਤੇ ਹੋਰ ਖ਼ਤਰਨਾਕ ਬਿੱਲਾਂ ਅਤੇ ਸੋਧਾਂ ਵਿਰੁੱਧ ਚੱਲ ਰਿਹਾ ਕਿਸਾਨ ਮੋਰਚਾ ਹੁਣ ਇਕ ਖ਼ਾਸ ਵਰਗ ਦਾ ਅੰਦੋਲਨ ਨਹੀਂ ਰਿਹਾ। ਇਸ ਨੇ ਸਮਾਜ ਦੇ ਵਿਸ਼ਾਲ ਹਿੱਸਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਇਸ ਸੰਘਰਸ਼ ਨੇ ਮਹੀਨਿਆਂ 'ਚ ਹੀ ਪੰਜਾਬ ਦੇ ਅਵਾਮ ਵਿਚ ਜਿਸ ਕਦਰ ਆਪਣੇ ਹਿਤਾਂ ਦੀ ਸੋਝੀ ਅਤੇ ਹੱਕਾਂ ਲਈ ਲੜਨ ਦੀ ਜ਼ਬਰਦਸਤ ਚੇਤਨਾ ਦਾ ਸੰਚਾਰ ਕੀਤਾ ਹੈ, ਉਹ ਬੇਮਿਸਾਲ ਹੈ। ਦਹਾਕਿਆਂ ਦਾ ਕੰਮ ਹਫ਼ਤਿਆਂ ਨੇ ਕਰ ਦਿੱਤਾ ਹੈ। ਦੇਸ਼-ਬਦੇਸ਼ 'ਚ ਬੱਚੇ-ਬੱਚੇ ਸਮੇਤ ਸਮਾਜ ਦੇ ਹਰ ਜੀਅ ਦੀ ਸੁਰਤੀ ਦਿੱਲੀ ਮੋਰਚਿਆਂ ਨੇ ਮੱਲੀ ਹੋਈ ਹੈ। ਹਰ ਕੋਈ ਸਿੰਘੂ-ਟਿੱਕਰੀ ਬਾਰਡਰਾਂ ਉੱਪਰ ਜਾ ਕੇ ਉਸ ਦਾ ਹਿੱਸਾ ਬਣਨਾ ਚਾਹੁੰਦਾ ਹੈ ਅਤੇ ਬੇਸ਼ੁਮਾਰ ਤਾਦਾਦ 'ਚ ਲੋਕ ਆ ਜਾ ਰਹੇ ਹਨ। ਪ੍ਰਵਾਸੀ ਭਾਰਤੀ ਪਿੱਛੇ ਵਤਨ ਵਿਚ ਆਪਣੇ ਹਮਵਤਨੀਆਂ ਤੋਂ ਵੀ ਕਾਹਲੇ ਅਤੇ ਤੱਤਪਰ ਹਨ।

ਨੌਜਵਾਨਾਂ, ਔਰਤਾਂ, ਬਜ਼ੁਰਗਾਂ, ਬੱਚਿਆਂ ਸਮੇਤ ਹਰ ਉਮਰ ਦੇ ਮਨੁੱਖ ਦੀ ਸੰਘਰਸ਼ ਵਿਚ ਹਿੱਸੇਦਾਰੀ ਅਤੇ ਯੋਗਦਾਨ ਨੇ ਬਣੀਆਂ ਨਾਂਹਪੱਖੀ ਵਿਸ਼ਲੇਸ਼ਣਾਂ ਅਤੇ ਮਿੱਥਾਂ ਦੇ ਪਰਖੱਚੇ ਉਡਾ ਕੇ ਇਹ ਬਾਖ਼ੂਬੀ ਦਿਖਾ ਦਿੱਤਾ ਹੈ ਕਿ ਲੋਕਾਈ ਵਿਚ ਕਿੰਨੀ ਇਤਿਹਾਸ ਸਿਰਜਕ ਤਾਕਤ ਮੌਜੂਦ ਹੈ। ਪੰਜਾਬ ਤੋਂ ਦਿੱਲੀ ਨੂੰ ਜਾਂਦੇ ਮੁੱਖ ਮਾਰਗਾਂ ਉੱਪਰ ਕਿਸਾਨ ਜਥੇਬੰਦੀਆਂ ਦੇ ਝੰਡਿਆਂ ਨਾਲ ਸਜੀਆਂ ਗੱਡੀਆਂ ਦੀ ਲਗਾਤਾਰ ਆਵਾਜਾਈ ਨੂੰ ਦੇਖ ਕੇ ਇੰਞ ਲੱਗਦਾ ਹੈ ਜਿਵੇਂ ਕਿਸੇ ਫ਼ੌਜ ਦੀ ਕਾਨਵਾਈ ਯੁੱਧ ਦੇ ਮੋਰਚੇ ਉੱਪਰ ਜਾ ਰਹੀ ਹੋਵੇ। ਇਹ ਅਸਲੋਂ ਹੀ ਇਕ ਵੱਖਰੀ ਤਰ੍ਹਾਂ ਦਾ ਯੁੱਧ ਹੈ, ਜੋ ਇਸ ਵਕਤ ਪੰਜਾਬ ਦੇ ਅਵਾਮ ਹੋਰ ਰਾਜਾਂ ਦੇ ਲੋਕਾਂ ਦੀ ਹਮਾਇਤ ਨਾਲ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੈਂਕੜਬਾਜ਼ ਫਾਸ਼ੀਵਾਦੀ ਹਕੂਮਤ ਵਿਰੁੱਧ ਪੁਰਅਮਨ ਰਹਿਕੇ ਇਖ਼ਲਾਕੀ ਤਾਕਤ, ਸਬਰ, ਸਿਰੜ ਅਤੇ ਸਿਦਕ ਦੇ ਹਥਿਆਰਾਂ ਨਾਲ

(ਬਾਕੀ ਸਫ਼ਾ 24 'ਤੇ)

CONGRATULATIONS
TEAM OVER 600 REALTORS
HomeLife Silvercity
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical Illness • Disability Insurance • Car Loans
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਐਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਕੈਲਗਰੀ ਦੇ ਸਹਿਯੋਗ ਨਾਲ ਦਿੱਲੀ ਮੋਰਚੇ 'ਚ 2,50000 ਦੀਆਂ ਕਿਤਾਬਾਂ ਦਾ ਲੰਗਰ ਲਗਾਇਆ










**ਹਰਚਰਨ ਪਰਹਾਰ**

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ ਅਤੇ ਕੈਲਗਰੀ (ਕੈਨੇਡਾ) ਵੱਲੋਂ, ਦਿੱਲੀ ਕਿਸਾਨ ਮੋਰਚੇ ਲਈ 2,50000 ਕਿਤਾਬਾਂ ਦੇ ਲੰਗਰ ਦੀ ਪਹਿਲੀ ਖੇਪ, ਪੱਖੋਵਾਲ ਤੋਂ ਲੈ ਕੇ ਵਲੰਟੀਅਰ ਦਿੱਲੀ ਪਹੁੰਚ ਚੁੱਕੇ ਹਨ ਤਾਂ ਕਿ ਇਸ ਕਿਸਾਨ ਧਰਨੇ ਵਿੱਚ ਸ਼ਾਮਿਲ ਲੋਕ ਆਪਣੇ ਵਿਹਲੇ ਸਮੇਂ ਵਿੱਚ ਚੰਗਾ ਸਾਹਿਤ ਪੜ੍ਹ ਸਕਣ।

ਕੈਲਗਰੀ ਵਿੱਚ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਵੱਲੋਂ ਕਈ ਸਾਲਾਂ ਤੋਂ ਵੱਖ-ਵੱਖ ਮੌਕਿਆਂ ਤੇ ਪੁਸਤਕ ਮੇਲੇ ਲਗਾ ਕੇ ਉਸਾਰੂ ਤੇ ਲੋਕ ਪੱਖੀ ਸਾਹਿਤ ਪਾਠਕਾਂ ਤੱਕ ਪਹੁੰਚਾਇਆ ਜਾਂਦਾ ਹੈ। ਇਸ ਸਮੇਂ ਕਿਸਾਨੀ ਮੋਰਚੇ ਵਿੱਚ ਆਪਣਾ ਯੋਗਦਾਨ ਪਾਉਣ ਲਈ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸਹਿਯੋਗੀਆਂ ਵੱਲੋਂ ਇਸ ਕਿਤਾਬ ਲੰਗਰ ਵਿੱਚ ਕਿਤਾਬਾਂ ਪਹੁੰਚਾਉਣ ਲਈ ਮਾਇਕ ਸਹਾਇਤਾ ਭੇਜੀ ਗਈ ਹੈ। ਅਸੀਂ ਜਿੱਥੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲੁਧਿਆਣਾ ਦਾ ਇਸ ਪੁਸਤਕ ਲੰਗਰ ਲਈ ਧੰਨਵਾਦ ਕਰਦੇ ਹਾਂ, ਉੱਥੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵੱਲੋਂ ਆਪਣੇ ਸਾਰੇ ਸਹਿਯੋਗੀਆਂ ਤੇ ਪਾਠਕਾਂ ਦਾ ਧੰਨਵਾਦ ਕਰਦੇ ਹਾਂ, ਜੋ ਹਮੇਸ਼ਾਂ ਸਾਡਾ ਸਹਿਯੋਗ ਕਰਦੇ ਹਨ।

## ਦੂਜੀ ਖੇਪ 4 ਜਨਵਰੀ ਨੂੰ ਦਿੱਲੀ ਲਈ ਰਵਾਨਾ

**ਸਹਿਯੋਗ ਰਾਸ਼ੀ ਰਾਹੀਂ ਯੋਗਦਾਨ ਪਾਉਣ ਵਾਲ਼ਿਆਂ ਦੇ ਨਾਮ ਇਸ ਤਰ੍ਹਾਂ ਹਨ:**

ਮਨਜੀਤ ਸਿੰਘ ਗਿੱਲ-1 ਲੱਖ ਰੁਪਏ, ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ-500 ਡਾਲਰ, ਸਰੋਕਾਰਾਂ ਦੀ ਆਵਾਜ਼ ਟਰਾਂਟੋ-500 ਡਾਲਰ, ਸਿੱਖ ਵਿਰਸਾ ਇੰਟਰਨੈਸ਼ਨਲ-200 ਡਾਲਰ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ-200 ਡਾਲਰ, ਕਮਲਪ੍ਰੀਤ ਪੰਧੇਰ-200 ਡਾਲਰ, ਹਰੀਪਾਲ-100 ਡਾਲਰ, ਬਲਜਿੰਦਰ ਸੰਘਾ-100 ਡਾਲਰ, ਹਰਮਨ ਸੇਖੋਂ-100 ਡਾਲਰ, ਰਮਨ ਗਿੱਲ-100 ਡਾਲਰ, ਰਣਜੀਤ ਬੜਿੰਗ-100 ਡਾਲਰ, ਗੁਰਚਰਨ ਕੌਰ ਥਿੰਦ-100 ਡਾਲਰ, ਜੱਸ ਲੰਮੇ-100 ਡਾਲਰ, ਅਵਤਾਰ ਮੁੰਜਾਲ-100 ਡਾਲਰ, ਜਸਪਾਲ ਸਿੰਘ ਹੰਸਰਾ-100 ਡਾਲਰ, ਪਰਮਜੀਤ ਬੁੱਟਰ-100 ਡਾਲਰ, ਜਸਵੰਤ ਸਿੰਘ ਜਗੈਤ-100 ਡਾਲਰ, ਸਰਵਨ ਸਿੰਘ ਸੰਧੂ-100 ਡਾਲਰ, ਸੁਰਿੰਦਰ ਗੀਤ-100 ਡਾਲਰ, ਭਗਵੰਤ ਸਿੰਘ ਸਿੱਧੂ-100 ਡਾਲਰ, ਸਾਧੂ ਸਿੰਘ ਸਰਪੰਚ-100 ਡਾਲਰ, ਹਰਦੇਵ ਸਿੰਘ ਮੈਨੇਜਰ-100 ਡਾਲਰ, ਰਿਟਾ. ਜੀ.ਐਮ. ਕਸ਼ਮੀਰ ਸਿੰਘ ਮੂਧਲ-100 ਡਾਲਰ, ਲੈਫ. ਮੋਹਨ ਸਿੰਘ-100 ਡਾਲਰ, ਬਾਬਾ ਗੁਰਨਾਮ ਸਿੰਘ -50 ਡਾਲਰ, ਵੈਦ ਬਲਬੀਰ ਸਿੰਘ ਬਰੇਟਾ-100 ਡਾਲਰ, ਹਰਦਮ ਸਿੰਘ ਬਰਾੜ (ਸਰਸੇ ਵਾਲੇ)-100 ਡਾਲਰ, ਬਲਵਿੰਦਰ ਸਿੰਘ ਢੁਡੀਕੇ-100 ਡਾਲਰ, ਜਸਵਿੰਦਰ ਸਿੰਘ ਸਿੱਧੂ-100 ਡਾਲਰ

ਕੁੱਲ/3850

ਅਗਰ ਕੋਈ ਹੋਰ ਪਾਠਕ ਇਸ ਪੁਸਤਕ ਲੰਗਰ ਵਿੱਚ ਸਹਿਯੋਗ ਕਰਨਾ ਚਾਹੇ ਤਾਂ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰ ਸਕਦਾ ਹੈ। ਧੰਨਵਾਦੀ ਹੋਵਾਂਗੇ।

**ਸੰਪਰਕ: 94176-42785 (ਭਾਰਤ)**
**403-455-4220 (ਕੈਲਗਰੀ)**
**You can send money directly to account #**
**13491131000245**
**RTGS/NEFT/FS/code**
**ORBC 010349**
**Punjab National Bank Pakhowal**

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)




10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

SARO KARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Sub Editor
Master Bhajan Singh
Calgary (Alberta)
403-455-4220
btarksheel@gmail.com

Sub Editor
Dr. Hardeep Singh, Milton
(Ontario)
416-209-6363
deephsingh@gmail.com

Sub Editor
Randeep Singh
(India)
09855695905
rvs0001@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Graphic Desinger
Baljinder Singh
+91-92167-29598
akashdeep.1064@gmail.com

Honorary Advisory Board

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ੂਰਗੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕਿਸਾਨ ਸੰਘਰਸ਼ ਦੇ ਹੱਕ 'ਚ ਟੋਰਾਂਟੋ ਭਾਰਤੀ ਦੂਤਾਵਾਸ ਅੱਗੇ ਜਬਰਦਸਤ ਰੋਸ-ਵਿਖਾਵੇ




ਟੋਰਾਂਟੋ, (ਸਟਾਫ ਰਿਪੋਰਟਰ) : ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਦੇ ਸਾਹਮਣੇ ਕੈਨੇਡੀਅਨ ਭਾਰਤੀਆਂ ਵਲੋਂ ਭਾਰਤ ਦੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਜਬਰਦਸਤ ਰੋਸ ਵਿਖਾਵੇ ਕੀਤੇ ਗਏ। ਇੱਕੋ ਦਿਨ, ਵੱਖ ਵੱਖ ਸਮੇਂ ਹੋਏ ਇਹ ਵਿਖਾਵੇ, ਭਾਰਤੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਗਏ ਸੱਦੇ ਨੂੰ ਮੁੱਖ ਰੱਖਕੇ ਟਰੋਂਟੋ ਇਲਾਕੇ ਦੇ ਭਾਰਤੀ ਲੋਕਾਂ ਵੱਲੋਂ ਕੀਤੇ ਗਏ । ਵੱਡੀ ਗਿਣਤੀ ਵਿਚ ਔਰਤਾਂ ਬੱਚਿਆਂ ਸਮੇਤ ਲੋਕਾਂ ਨੇ ਹੱਥਾਂ ਵਿੱਚ ਬੈਨਰ, ਪਲੇਕਾਰਡ ਆਦਿ ਫੜ੍ਹ ਨਾਅਰੇਬਾਜ਼ੀ ਕਰਕੇ ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ ਕੀਤੀ। ਇਸ ਦੇ ਨਾਲ ਨਾਲ ਕਾਰ ਰੈਲੀ ਵੀ ਕੱਢੀ ਗਈ। ਇਲਾਕੇ ਦੀਆਂ 14 ਅਗਾਂਹਵਧੂ, ਸਾਹਿਤਕ ਜਥੇਬੰਦੀਆਂ ਵਾਲੀ ਫਾਰਮਰਜ਼ ਸਪੋਰਟ ਕੋਔਰਡੀਨੇਸ਼ਨ ਕਮੇਟੀ, ਓਂਟਾਰੀਓ" ਦੇ ਸੱਦੇ ਰੋਹ ਭਰਪੂਰ ਵਿਖਾਵਾ ਕੀਤਾ ਗਿਆ।

ਫਾਰਮਜ਼ ਸਪੋਰਟ ਕਮੇਟੀ ਦੀ ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਤਰਕਸ਼ੀਲ ਸੁਸਾਇਟੀ ਦੇ ਬਲਦੇਵ ਰਹਿਪਾ, ਸਰੋਕਾਰਾਂ ਦੀ ਅਵਾਜ ਦੇ ਡਾ: ਹਰਦੀਪ ਸਿੰਘ, ਅਲਾਂਇਸ ਆਫ ਪ੍ਰਗੈਸਿਵ ਕੈਨੇਡੀਅਨ ਦੇ ਹਰਪਰਮਿੰਦਰ ਗਦਰੀ, ਦਿਸ਼ਾ-ਮਹਿਲਾ ਜੱਥੇਬੰਦੀ ਦੇ ਕੰਵਲਜੀਤ ਕੌਰ ਢਿੱਲੋਂ, ਜੀ ਟੀ ਏ ਕਮਿਉਨਿਸਟ ਪਾਰਟੀ ਕੈਨੇਡਾ ਦੇ ਹਰਿੰਦਰ ਹੁੰਦਲ, ਪੰਜਾਬੀ ਕਲਮਾਂ ਦਾ ਕਾਫਲਾ ਦੇ ਕੁਲਵਿੰਦਰ ਖਹਿਰਾ, ਆਦਿ ਪ੍ਰਮੁੱਖ ਸਨ। ਵੱਖ-ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਬਣਾਏ ਤਿੰਨੋ ਕਾਨੂੰਨਾਂ ਦੀ ਸਖਤ ਅਲੋਚਨਾ ਕੀਤੀ ਅਤੇ ਸੰਘਰਸ਼ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਦੀ ਪੁਰਜੋਰ ਹਮਾਇਤ ਕੀਤੀ । ਬੀਤੇ ਮਹੀਨੇ ਤੋਂ ਵੀ ਜਿਆਦਾ ਸਮੇਂ ਤੋਂ ਦਿੱਲੀ ਦੇ ਬਾਰਡਰਾਂ ਤੇ ਕੜਾਕੇ ਦੀ ਠੰਡ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਰੋਕਾਂ, ਲਾਠੀਆਂ, ਵਾਟਰ ਕੈਨਨ ਰਾਹੀਂ ਦਬਾਉਣ ਦੀ ਸਰਕਾਰੀ ਕਾਰਵਾਈ ਦੀ ਨਿਖੇਧੀ ਕੀਤੀ ਗਈ। ਬੁਲਾਰਿਆਂ ਨੇ ਭਾਰਤੀ ਸਰਕਾਰ ਦੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਸਬੰਧੀ ਅਪਣਾਏ ਅੜੀਅਲ ਵਤੀਰੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਓਨਟਾਰੀਓ ਸਰਕਾਰ ਦੀਆਂ ਸਖਤ ਕੋਰੋਨਾਂ ਪਾਬੰਦੀਆਂ ਦੀ ਪਾਲਣਾ ਕਰਦਿਆਂ ਮੁਜ਼ਾਹਰਾ ਕਰਨ ਆਏ ਬਹੁਤ ਸਾਰੇ ਲੋਕਾਂ ਨੇ ਅਪਣੀਆਂ ਕਾਰਾਂ ਵਿਚ ਹੀ ਰਹਿਕੇ ਸ਼ਮੂਲਿਅਤ ਕੀਤੀ ਅਤੇ ਕਾਰ ਰੈਲੀ ਵੀ ਕੀਤੀ। ਆਪਣੀਆਂ ਕਾਰਾਂ ਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਾਲੇ ਝੰਡੇ, ਬੈਨਰ ਸਟਿਕਰ ਲਗਾਕੇ ਭਾਰਤੀ ਸਫਾਰਤਖਾਨੇ ਦੀ ਇਮਾਰਤ ਦੇ ਸਾਹਮਣਿਓ ਲੰਘਦੇ ਰਹੇ। ਇਸ ਮੌਕੇ ਭਾਰਤ ਸਰਕਾਰ ਨੂੰ ਭੇਜਣ ਲਈ ਜਥੇਬੰਦੀਆਂ ਵਲੋਂ ਸਫਾਰਤਖਾਨੇ ਨੂੰ ਇੱਕ ਮੰਗ ਪੱਤਰ ਰਾਹੀਂ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਗਈ। ਵਰਨਣਯੋਗ ਹੈ ਕਿ ਇਹ 'ਫਾਰਮਰਜ਼ ਸਪੋਰਟ ਕੋਆਰਡੀਨੇਸ਼ਨ ਕਮੇਟੀ' ਟੋਰਾਂਟੋ ਇਲਾਕੇ ਦੀਆਂ ਤਕਰੀਬਨ ਸਾਰੀਆਂ ਸਰਗਰਮ ਖੱਬੇ ਪੱਖੀ, ਸਮਾਜਸੇਵੀ, ਸਾਹਿਤਕ ਜਥੇਬੰਦੀਆਂ ਦੀ ਸ਼ਮੂਲੀਅਤ ਨਾਲ ਬਣੀ ਹੈ, ਜਿਸ ਵਿੱਚ ਅਲਾਇੰਸ ਆਫ ਪ੍ਰੋਗਰੈਸਿਵ ਕਨੇਡੀਅਨਜ਼, ਕਨੇਡੀਅਨ ਪੰਜਾਬੀ ਸਹਿਤ ਸਭਾ, ਦੇਸ਼ ਭਗਤ ਸਪੋਰਟਸ ਕਲੱਬ, ਦਿਸ਼ਾ - ਐਸੋਸੀਏਸ਼ਨ ਆਫ ਕਨੇਡੀਅਨ ਪੰਜਾਬੀ ਵੁਮੈਂਨ, ਜੀ ਟੀ ਏ ਵੈਸਟ ਕਲੱਬ ਕਮਿਉਨਿਸਟ ਪਾਰਟੀ ਆਫ ਕਨੇਡਾ, ਹੋਮ-ਸਟੈਂਡ ਸੀਨੀਅਰਜ਼ ਕਲੱਬ, ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ, ਐਮ ਐਲ ਪਾਰਟੀ ਆਫ ਕਨੇਡਾ, ਨਾਰਥ ਅਮੈਰੀਕਨ ਤਰਕਸ਼ੀਲ ਸੋਸਾਇਟੀ, ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ (ਓਨਟਾਰੀਓ), ਪਰਵਾਸੀ ਪੰਜਾਬੀ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਆਫ ਓਨਟਾਰੀਓ, ਸਰੋਕਾਰਾਂ ਦੀ ਆਵਾਜ਼, ਸਿਰਜਿਣਹਾਰੀਆਂ - ਇੰਨਟਰਨੈਸ਼ਨਲ ਵੂਮੈਨ ਐਸੋਸੀਏਸ਼ਨ, ਕੈਨੇਡਾ ਆਦਿ ਪ੍ਰਮੁੱਖ ਹਨ। ਇਹ ਕਮੇਟੀ ਕਿਸਾਨ ਸੰਘਰਸ਼ ਦੀ ਹਮਾਇਤ ਲਈ ਬਣਾਈ ਗਈ ਹਨ। ਇਸ ਸਮੇਂ ਰੋਸ ਵਿਖਾਵੇ ਵਿੱਚ ਸਰੋਕਾਰਾਂ ਦੀ ਆਵਾਜ਼ ਦੇ ਹਰਬੰਸ ਸਿੰਘ, ਤਰਕਸ਼ੀਲ ਆਗੂ ਡਾ. ਬਲਜਿੰਦਰ ਸਿੰਘ ਸੇ ਇੰਡੋ-ਕੈਨੇਡੀਅਨ ਵਰਕਰਜ ਐਸੋਸੀਏਸ਼ਨ ਦੇ ਦੇਵ ਢੀਂਡਸਾ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮਲੂਕ ਸਿੰਘ ਕਾਹਲੋਂ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰੋ; ਜਗੀਰ ਸਿੰਘ ਕਾਹਲੋਂ, ਮਹਿਲਾ ਸੰਗਠਨ ਸਿਰਜਨਹਾਰੀਆਂ ਦੇ ਹਰਜਸਪ੍ਰੀਤ ਗਿੱਲ, ਏ ਪੀ ਸੀ ਦੇ ਸ਼ਮਸ਼ਾਦ ਇਲਾਹੀ, ਐਮ ਐਲ ਪਾਰਟੀ ਕੈਨੇਡਾ ਦੇ ਕਾ: ਫਿਲਿਪ ਤੋਂ ਇਲਾਵਾ ਕੁਲਦੀਪ ਬੋਪਾਰਾਏ, ਕਾ ਮਲਕੀਤ ਸਿੰਘ, ਦਰਸ਼ਨ ਗਿੱਲ, ਜਰਨੈਲ ਸਿੰਘ, ਇ:ਬਲਦੇਵ ਸਿੰਘ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ। ਦੂਸਰਾ ਵਿਖਾਵਾ ਓਂਟਾਰੀਓ ਗੁਰਦੁਵਾਰਾਜ ਕਮੇਟੀ ਅਤੇ ਗੁਰੁ ਨਾਨਕ ਮਿਸ਼ਨ ਗੁਰਦੁਆਰਾ ਵੱਲੋਂ ਵੀ ਕੌਂਸਲੇਟ ਦੇ ਦਫਤਰ ਅੱਗੇ ਕੀਤਾ ਗਿਆ ਜਿਸ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਰਹੀ ਅਤੇ ਕਿਸਾਨ ਸੰਘਰਸ਼ ਦੇ ਹਮਾਇਤ ਵਿੱਚ ਖੇਤੀ ਕਾਨੂੰਨ ਵਾਪਿਸ ਲੈਣ ਦੀ ਮੰਗ ਕੀਤੀ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ





Harmanjot Dhudike
403-975-0006
Sharmanjot22@gmail.com
Dalveer Purba
587-435-5600



Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500





ਹਰੀਪਾਲ
403-714-4816

# ਖ਼ੱਬਲ਼ ਦੀ ਤਿੜ੍ਹ

## (ਕਿਸਾਨੀ ਸੰਘਰਸ਼ ਨੂੰ ਸਮਰਪਤ)

ਗੱਲ 1962 ਜਾਂ 63 ਦੀ ਹੈ, ਮਾਲਵੇ ਦੇ ਪਿੰਡਾਂ ਵਿੱਚ ਕਾਮਰੇਡਾਂ ਦਾ ਬਹੁਤ ਜ਼ੋਰ ਹੁੰਦਾ ਸੀ। ਲੋਕਾਂ ਦੇ ਅਜੇ ਵੀ ਚੇਤਿਆਂ ਵਿੱਚ ਸੀ ਜਦ ਤੇਜਾ ਸਿੰਘ ਸੁਤੰਤਰ ਦੀ ਲਾਲ ਪਾਰਟੀ ਨੇ 868 ਪਿੰਡਾਂ ਵਿੱਚੋਂ ਜਗੀਰਦਾਰੀ ਸਿਸਟਮ ਖਤਮ ਕਰਕੇ, ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਸੀ। ਉਹੀ ਸਰਦਾਰ ਜਿਹੜੇ ਲੋਕਾਂ ਦੀ ਪਿੰਡ ਨੂੰ ਵਾਪਸ ਆਂਉਦਿਆਂ ਦੀ ਤਲਾਸ਼ੀ ਲੈਂਦੇ ਸਨ, ਕਿਤੇ ਲੋਕ ਕੋਈ ਸਬਜ਼ੀ ਭਾਜੀ ਦਾ ਸਮਾਨ ਤਾਂ ਨੀ ਖੇਤੋਂ ਚੱਕ ਲਿਆਏ ਹੁਣ ਭਿੱਜੀ ਹੋਈ ਬਿੱਲੀ ਬਣੇ ਫਿਰਦੇ ਸਨ ਅਤੇ ਕਾਂਗਰਸ ਸਰਕਾਰ ਤੋਂ ਆਪਦੇ ਬਚਾਅ ਦੀ ਖੈਰ ਮੰਗ ਰਹੇ ਸਨ। ਕਿੱਡੀ ਬੇਸ਼ਰਮੀ ਵਾਲ਼ੀ ਗੱਲ ਸੀ ਕਿ ਨਵੀਂ ਬਣੀ ਅਜਾਦ ਭਾਰਤ ਦੀ ਸਰਕਾਰ ਨੇ ਲਾਲ ਪਾਰਟੀ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਸੀ ਅਤੇ ਲਾਲ ਪਾਰਟੀ ਦੇ ਕਾਰਕੁੰਨਾਂ ਨੂੰ ਅੰਡਰਗਰਾਂਊਡ ਹੋਣਾ ਪਿਆ ਸੀ, ਪਰ ਕਾਮਰੇਡ ਮਾਲਵੇ ਵਿੱਚ ਲੋਕਾਂ ਦੇ ਹੀਰੋ ਬਣ ਗਏ ਸਨ। ਇਸੇ ਦੋਸ਼ ਵਿੱਚ ਕਾਮਰੇਡ ਸੁਤੰਤਰ ਨੇ ਚੌਦਾਂ ਸਾਲ ਅੰਡਰਗਰਾਂਊਡ ਜੀਵਨ ਬਤੀਤ ਕੀਤਾ ਸੀ। ਲਾਲ ਪਾਰਟੀ ਦੇ ਗੈਰ ਕਾਨੂੰਨੀ ਹੋਣ ਕਰਕੇ ਕਮਿਊਨਿਸਟ ਪਾਰਟੀ ਨੇ ਲੋਕਾਂ ਨੂੰ ਸੁਚੇਤ ਕਰਨ ਦਾ ਕੰਮ ਤੇਜ ਕਰ ਦਿੱਤਾ। ਲੋਕਾਂ ਨਾਲ਼ ਜੁੜੇ ਰਹਿਣ ਲਈ ਪਾਰਟੀ ਨੇ ਪਿੰਡਾਂ ਵਿੱਚ ਡਰਾਮੇ (ਨਾਟਕ) ਕਰਨ ਦਾ ਕਾਰਜ ਵਿੱਢਿਆ ਸੀ। ਕਾਮਰੇਡ ਆਮ ਹੀ ਗਾਹੇ ਬਗਾਹੇ ਪਿੰਡਾਂ ਵਿੱਚ ਡਰਾਮੇ ਕਰਕੇ ਲੋਕਾਂ ਨੂੰ ਉਹਨਾਂ ਦੇ ਜਮਾਤੀ ਦੁਸ਼ਮਣਾਂ ਤੋਂ ਸੁਚੇਤ ਕਰਦੇ ਰਹਿੰਦੇ ਸਨ। ਡਰਾਮਾਂ ਟੀਮਾਂ ਦੇ ਪੰਜਾਬ ਵਿੱਚ ਕਿੰਨੇ ਹੀ ਗਰੁੱਪ ਸਨ ਪਰ ਮਾਲਵੇ ਵਿੱਚ 'ਮਸਤ' ਦੀ ਡਰਾਮਾ ਟੀਮ ਸਭ ਤੋਂ ਵੱਧ ਪਾਪੂਲਰ ਸੀ। ਜਦ ਵੀ ਮਸਤ ਹੋਰਾਂ ਦੀ ਟੀਮ ਦਾ ਡਰਾਮਾ ਹੋਣਾ, ਤਦ ਪਿੰਡਾਂ ਦੇ ਲੋਕ ਸਾਜ਼ਰੇ ਹੀ ਕੰਮ ਨਬੇੜ ਕੇ ਮੂੰਹ ਹਨੇਰੇ ਜਿਹੇ ਹੁੰਦੇ ਨੂੰ ਸੱਥਾਂ ਵਿੱਚ ਪਹੁੰਚ ਜਾਂਦੇ ਸਨ। 'ਮਸਤ' ਜਦ ਸਟੇਜ ਤੇ ਆਉਂਦਾ ਤਾਂ ਸਾਰੇ ਲੋਕ ਤਾੜੀਆਂ ਮਾਰਕੇ ਮਸਤ ਦਾ ਸੁਆਗਤ ਕਰਦੇ। ਕੋਠਿਆਂ ਤੇ ਲੱਤਾਂ ਲਮਕਾਈ ਬੈਠੀਆਂ ਜਨਾਨੀਆਂ ਵੀ ਮਸਤ ਦੇ ਨਾਂ ਤੋਂ ਇੱਕ ਦਮ ਸਤੱਰਕ ਹੋ ਜਾਂਦੀਆਂ। ਸੱਥਾਂ ਦੀ ਐਨੀ ਖੁੱਲੀ ਸਟੇਜ ਬਿਲਕੁਲ ਸ਼ਾਂਤ ਹੋ ਜਾਂਦੀ। ਮਸਤ ਸਟੇਜ ਤੇ ਆਉਂਦਾ ਰਾਮਦਾਸੀਆਂ ਵਾਲ਼ਾ ਜੁੱਤੀਆਂ ਸਿਉਣ ਵਾਲ਼ਾ ਝੋਲ਼ਾ, ਇੱਕ ਵੱਡਾ ਸਾਰਾ ਸੂਆ, ਟੁੱਟੀ ਹੋਈ ਜੁੱਤੀ ਵਿੱਚੋਂ ਫੇਰ ਕੇ ਮਾਈਕ ਵੱਲ ਮੂੰਹ ਕਰਕੇ ਗਾਉਂਦਾ :–

**"ਜੁੱਤੀਆਂ ਸਿਉਣ ਵਾਲ਼ਾ,**
**ਕੰਮੀ ਹਾਂ ਕਹਾਉਣ ਵਾਲ਼ਾ**
**ਕੁੰਨਾਂ ਵਿੱਚ ਜਾ ਕੇ ਮੈਂ ਚਮੜੇ ਨੂੰ ਰੰਗਦਾ**
**ਘਰ ਵਿੱਚ ਭੰਗ ਭੁੱਜੇ,**
**ਆਟਾ ਹੈਨੀ ਡੰਗ ਦਾ"**

ਲੋਕ ਕੀਲੇ ਜਾਂਦੇ। ਡਰਾਮੇ ਦਾ ਬਹੁਤਾ ਸਮਾਂ ਮਸਤ ਹੀ ਸਟੇਜ ਤੇ ਰਹਿੰਦਾ। ਜਦ ਕਾਮਰੇਡ ਲੈਕਚਰ ਕਰਨ ਲੱਗਦੇ ਤਾਂ ਲੋਕ ਉਸਲ਼ਸ਼ੱਟੇ ਲੈਣ ਲੱਗ ਜਾਂਦੇ, ਕਾਮਰੇਡਾਂ ਨੂੰ ਅਨਾਊਂਸ ਕਰਨਾ ਪੈਂਦਾ ਕਿ ਮਸਤ ਦੀਆਂ ਅਜੇ ਕਈ ਆਈਟਮਾਂ ਰਹਿੰਦੀਆਂ ਹਨ। ਬੜੀ ਬੇਸਬਰੀ ਨਾਲ਼ ਲੋਕ ਮਸਤ ਦੀਆਂ ਅਗਲੀਆਂ ਆਈਟਮਾਂ ਦੀ ਉਡੀਕ ਕਰਦੇ। ਇਹੋ ਜਿਹੇ ਸਮੇਂ ਮੇਰਾ ਸੇਵਕ ਤਾਇਆ ਫੁਲਿਆ ਨਾ ਸਮਾਉਂਦਾ। ਵਿਆਹ ਸਾਹੇ ਤੋਂ ਵੀ ਵੱਧ ਮੇਰੇ ਤਾਏ ਨੂੰ ਨਾਟਕ ਮੰਡਲ਼ੀ ਦੀ ਸੇਵਾ ਸੰਭਾਲ਼ ਦਾ ਫਿਕਰ ਰਹਿੰਦਾ। ਪਾਰਟੀ ਲਈ ਫੰਡ ਇਕੱਠਾ ਕਰਦਾ ਮੇਰਾ ਸੇਵਕ ਤਾਇਆ ਕਿਸੇ ਹੋਰ ਹੀ ਰੰਗ ਵਿੱਚ ਹੁੰਦਾ। ਸੇਵਕ ਤਾਏ ਨੇ ਵਿਆਹ ਨਹੀਂ ਕਰਾਇਆ ਸੀ, ਮੇਰੀ ਦਾਦੀ ਦੱਸਦੀ ਹੁੰਦੀ ਸੀ ਕਿ ਖੁਸ਼ ਹੈਸੀਅਤ ਮੋਰਚੇ ਵੇਲ਼ੇ ਸੇਵਕ ਨੂੰ ਠਾਣੇਦਾਰ ਨੇ ਥਮਲੇ ਨਾਲ਼ ਬੰਨ ਕੇ ਕੁੱਟਿਆ ਸੀ, ਬੱਸ ਇਸੇ ਕਰਕੇ ਸੇਵਕ ਨੇ ਆਪਦੀ ਪੂਰੀ ਜ਼ਿੰਦਗੀ ਪਾਰਟੀ ਦੇ ਲੇਖੇ ਲਾ ਦਿੱਤੀ ਸੀ। ਸੇਵਕ ਹਰ ਮੋਰਚੇ, ਹਰ ਕਾਨਫਰੰਸ ਵਿੱਚ ਮੂਹਰਲੀਆਂ ਸਫਾਂ ਵਿੱਚ ਰਿਹਾ।

ਜਿੰਨਾਂ ਚਿਰ ਕਾਮਰੇਡ ਨਾਟਕ ਖੇਲਦੇ ਰਹੇ ਪਾਰਟੀ ਪੂਰੀ ਚੜਤ ਵਿੱਚ ਰਹੀ। ਪਾਰਟੀ ਦੇ ਨਾਟਕਾਂ ਦੀ ਆਮ ਹੀ ਲੋਕਾਂ ਵਿੱਚ ਗੱਲਬਾਤ ਹੁੰਦੀ ਰਹਿੰਦੀ। ਲੋਕਾਂ ਦਾ ਇਕੱਠ ਕਰਨ ਲਈ ਨਾਟਕ ਬਹੁਤ ਸਹਾਈ ਹੋਏ। ਬੰਗਾਲ ਵਿੱਚ ਜਦ ਲੋਕ ਯੁੱਧ ਦਾ ਬਿਗਲ ਬੱਜਿਆ ਤਾਂ ਪਾਰਟੀ ਵਿੱਚ ਬੜੇ ਵਿਚਾਰਧਾਰਕ ਮੱਤ ਭੇਦ ਉਭਰੇ । ਇੱਥੋਂ ਤੱਕ ਕੇ 'ਮਸਤ' ਵਰਗੇ ਹੰਢੇ ਹੋਏ ਕਾਮਰੇਡ ਵੀ ਗਰਮ ਵਿਚਾਧਾਰਾ ਵੱਲ ਕੀਲੇ ਗਏ। 'ਮਸਤ' ਦੀ ਅਣਹੋਂਦ ਨੇ ਇੱਕ ਵਾਰ ਤਾਂ ਪਾਰਟੀ ਨਾਟਕਾਂ ਵਿੱਚ ਖੜੋਤ ਲੈ ਆਂਦੀ। ਪਰ ਕੁੱਝ ਨੌਜੁਆਨ ਕੇਡਰਾਂ ਨੇ ਇਕੱਠੇ ਹੋ ਕੇ, ਡਰਾਮਿਆਂ ਦਾ ਨਵਾਂ ਗਰੱਪ ਖੜ੍ਹਾ ਕੀਤਾ। ਜਿਸ ਵਿੱਚ 'ਗੁਰਮੇਲ ਸਿੰਘ ਪੰਛੀ' ਮਹੋਲ਼ੀ ਵਾਲ਼ਾ, ਸੁਰਜੀਤ ਸਿੰਘ ਸ਼ੇਰਪੁਰੀ, ਬਾਰਾ ਸਿੰਘ ਬਾਗੀ, ਹਥਨ ਵਾਲ਼ਾ ਗਾਮਾਂ ਲੋਕਾਂ ਦੇ ਚਹੇਤੇ ਕਲਾਕਾਰ ਬਣੇ। ਮੈਨੂੰ ਯਾਦ ਹੈ ਕਿ ਇੱਕ ਵਾਰ ਹਾੜੀ ਦੀ ਵਾਡੀ ਵਿੱਚ ਵੀ ਲੋਕ ਸਾਰਾ ਦਿਨ ਹਾੜੀ ਵੱਡ ਕੇ ਰਾਤ ਨੂੰ ਕਾਮਰੇਡਾਂ ਦੇ ਡਰਾਮੇ ਦੇਖਣ ਜਾਂਦੇ। ਹੁਣ ਇਹਨਾਂ ਗਰੁੱਪਾਂ ਨੂੰ ਸਾਥੀ ਮਸਤ ਜਿਹੇ ਤਜ਼ਰਬੇਕਾਰ ਸਿੱਖਿਅਤ ਕਰਦੇ। ਪਾਰਟੀ ਵਿੱਚ ਇਹ ਗੱਲ ਜੋ ਫੜਨ ਲੱਗੀ ਕਿ ਲੋਕ ਡਰਾਮਿਆਂ ਨੂੰ ਸਿਰਫ ਮਨੋਰੰਜਨ ਦੇ ਤੌਰ 'ਤੇ ਲੈਂਦੇ ਹਨ। ਇਸੇ ਕਰਕੇ ਕੁੱਝ ਚਿਰ ਬਾਅਦ ਪਾਰਟੀ ਨੇ ਨਾਟਕ ਖੇਡਣੇ ਬੰਦ ਕਰ ਦਿੱਤੇ ਜਿਸ ਨੂੰ ਸਾਡੇ ਸੇਵਕ ਤਾਏ ਨੇ ਕਦੇ ਵੀ ਸਹਿਮਤੀ ਨਾ ਦਿੱਤੀ। ਪਾਸ਼ ਅਤੇ ਸੰਤ ਰਾਮ ਉਦਾਸੀ ਜਿਹੇ ਕਵੀ ਗਰਮ ਲਹਿਰ ਨਾਲ਼ ਸੰਬੰਧਤ ਸਨ। ਸੇਵਕ ਹੋਰਾਂ ਦੀ ਨਿਗਾਹ ਵਿੱਚ ਇਸ ਲਹਿਰ ਨੇ ਕਾਹਲ਼ ਵਿੱਚੋਂ ਜਨਮ ਲਿਆ ਸੀ। ਤਾਏ ਦਾ ਸਾਰਾ ਜ਼ੋਰ ਹੁਣ ਨਵੇਂ ਮੁੰਡਿਆਂ ਨੂੰ ਸ਼ਾਤ ਰਹਿਣ ਤੇ ਲੱਗਿਆ ਹੋਇਆ ਸੀ। ਸੇਵਕ ਤਾਏ ਦੇ ਲਫ਼ਜਾਂ ਵਿੱਚ ਅਜੇ ਲੋਕ ਤਿਆਰ ਨਹੀਂ ਸਨ। ਨੌਜੁਆਨਾਂ ਨੇ ਤਾਏ ਤੇ ਸੋਧਵਾਦੀ ਹੋਣ ਦਾ ਇਲਜ਼ਾਮ ਵੀ ਲਾਇਆ, ਤਾਏ ਨੂੰ ਇਸ ਇਲਜ਼ਾਮ ਨੇ ਦੁਖੀ ਤਾਂ ਬਹੁਤ ਕੀਤਾ ਪਰ ਫਿਰ ਵੀ ਤਾਇਆ ਕਹਿੰਦਾ ਰਿਹਾ ਕਿ ਕੋਈ ਗੱਲ ਨਹੀਂ ਤਜ਼ਰਬਾ ਹਰ ਮਤਭੇਦ ਨੂੰ ਹੱਲ ਕਰ ਦਿੰਦਾ ਹੈ। ਸਰਕਾਰ ਨੇ ਇਸ ਗਰਮ ਲਹਿਰ ਨੂੰ ਕੁਚਲਣ ਲਈ ਪੁਲਿਸ ਦੀਆਂ ਵਾਗਾਂ ਖੋਲ ਦਿੱਤੀਆਂ। ਜਦ ਪੁਲਿਸ ਤਸ਼ੱਦਦ ਦਾ ਦੌਰ ਚੱਲਿਆ ਤਾਂ ਨੌਜੁਆਨਾਂ ਨੇ ਬਾਹਰਲੇ ਮੁਲਕਾਂ ਨੂੰ ਭੱਜਣਾ ਸ਼ੁਰੂ ਕੀਤਾ। ਇਸੇ ਗੱਲ ਦਾ ਤਾਏ ਨੂੰ ਡਰ ਸੀ, ਜਦ ਪਿੰਡ ਦਾ ਕੋਈ ਨੌਜੁਆਨ ਬਾਹਰਲੇ ਮੁਲਕ ਨੂੰ ਜਾਂਦਾ ਤਾਂ ਤਾਏ ਨੇ ਕਹਿਣਾ ਕਿ ਮੇਰੀ ਪੱਕੀ ਫਸਲ ਤੇ ਗੜੇ ਪੈ ਗਏ ਹਨ। ਇਸ ਗੰਧਲ਼ਚੌਂਦੇਂ ਵਿੱਚ ਹੀ ਚੁਰਾਸੀ ਵਾਪਰ ਗਿਆ, ਲਗਦਾ ਸੀ ਇਤਿਹਾਸ ਨੂੰ ਪੁਠਾ ਗੇੜਾ ਆ ਗਿਆ। ਫਿਰਕੂ ਕੱਟੜਪੁਣੇ ਦਾ ਵਿਰੋਧ ਕਰਨ ਵਾਲ਼ੇ ਕਾਮਰੇਡਾਂ ਤੇ ਸਰਕਾਰੂ ਹੋਣ ਦੋਸ਼ ਲੱਗਣ ਲੱਗਿਆ, ਪਾਰਟੀ ਨੇ ਕਿੰਨੇ ਹੀ ਹੀਰੇ ਗੁਆ ਲਏ। ਪਿੰਡ ਦੇ ਸਿਆਣੇ ਬੰਦਿਆਂ ਨੇ ਤਾਏ ਨੂੰ ਕਹਿਣਾਂ ਆਪ ਦਾ ਬਚਾਅ ਰੱਖ ਪਰ ਤਾਇਆ ਫੇਰ ਵੀ ਲੋਕਾਂ ਨੂੰ ਸਾਂਝ ਅਤੇ ਭਾਈਚਾਰਾ ਰੱਖਣ ਲਈ ਜ਼ੋਰ ਪਾਉਂਦਾ ਰਿਹਾ। ਇੱਕ ਗੱਲ ਤਾਏ ਦੀ ਸਹੀ ਸਾਬਤ ਹੋਈ, ਤਾਇਆ ਕਹਿੰਦਾ ਸੀ ਕਿ ਇਹ ਮਿਡਲ ਕਲਾਸ ਦੇ ਲੜਾਕੂ ਹਨ ਤੇ ਮਿਡਲ ਕਲਾਸ ਕਦੇ ਵੀ ਲੰਬੀ ਲੜਾਈ ਨਹੀਂ ਦੇ ਸਕਦੀ। ਦਸ ਸਾਲ ਪੰਜਾਬ ਇਸ ਕਾਲ਼ੇ ਦੌਰ ਦਾ ਸੰਤਾਪ ਝੱਲਦਾ ਰਿਹਾ। ਹੁਣ ਫੇਰ ਖਾੜਕੂ ਲਹਿਰ ਦੇ ਬਹੁਤ ਮੁੰਡੇ ਬਾਹਰ ਨੂੰ ਜਾ ਰਹੇ ਸਨ। ਇਸੇ ਸਮੇ ਪੰਜਾਬ ਵਿੱਚ ਬਿਹਾਰੀ ਅਤੇ ਯੂਪੀ ਦੇ ਲੋਕਾਂ ਦਾ ਵੱਡਾ ਪਰਵਾਸ ਪੰਜਾਬ ਵੱਲ ਨੂੰ ਹੋਇਆ। ਪੰਜਾਬੀ ਲੋਕਾਂ ਦੇ ਦਿਮਾਗ ਵਿੱਚ ਕਿਉਂਕਿ ਅਮਰੀਕਾ ਕੈਨੇਡਾ ਵਸ ਗਿਆ ਸੀ ਤੇ ਪੰਜਾਬੀ ਖਾਂਦੇ ਪੀਂਦੇ ਲੋਕ ਆਪਦੇ ਆਪ ਨੂੰ ਸੁਰੱਖਿਅਤ ਵੀ ਨਹੀਂ ਸਮਝਦੇ ਸਨ ਇਸ ਕਰਕੇ ਉਹ ਆਪਦੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਾਉਣ ਲੱਗੇ, ਇਸ ਮੰਗ ਨੇ ਪੰਜਾਬ ਵਿੱਚ ਦੁਕਾਨਾਂ ਨੁਮਾਂ ਅੰਗਰੇਜ਼ੀ ਸਕੂਲਾਂ ਦੀ ਹਨ੍ਹੇਰੀ ਲਿਆ ਦਿੱਤੀ। ਹੁਣ ਪਰਵਾਸੀ ਮਜ਼ਦੂਰਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਲੱਗੇ ਕਿਉਂਕਿ ਉਹ ਅੰਗਰੇਜ਼ੀ ਸਕੂਲਾਂ ਦੀ ਫੀਸ ਭਰ ਨਹੀਂ ਸਕਦੇ ਸਨ। ਸਰਕਾਰੀ ਸਕੂਲਾਂ ਵਿੱਚ ਪੜ੍ਹਨ ਕਰਕੇ ਪਰਵਾਸੀ ਮਜ਼ਦੂਰਾਂ ਦੇ ਬੱਚੇ, ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਦੇ ਨੇੜੇ ਹੋਣ ਲੱਗੇ। ਇਹ ਪਰਵਾਸੀ ਮਜ਼ਦੂਰਾਂ ਦੇ ਬੱਚੇ ਜਦੋਂ ਠੇਠ ਪੰਜਾਬੀ ਬੋਲਣ ਲੱਗੇ ਤਾਂ ਤਾਏ ਸੇਵਕ ਦੇ ਦਿਮਾਗ ਵਿੱਚ ਇੱਕ ਨਵੀਂ ਆਸ ਦੀ ਕਿਰਨ ਜਾਗੀ। ਤਾਏ ਨੇ ਸਕੂਲ ਦੇ ਅਗਾਂਹਵਧੂ ਮਾਸਟਰਾਂ ਦੀ ਸਹਇਤਾ ਨਾਲ਼ ਫੇਰ ਨਾਟਕ ਟੀਮ ਬਨਾਉਣੀ ਸ਼ੁਰੂ ਕੀਤੀ। ਜਦੋਂ ਇਸ ਸਾਲ ਕਿਸਾਨ ਅੰਦੋਲਨ ਚੱਲਿਆ ਤਾਂ ਨੱਬੇ ਸਾਲ ਦਾ ਤਾਇਆ ਫਿਰ ਸਰਗਰਮ ਹੋ ਗਿਆ। ਤਾਇਆ ਕਿਸਾਨ ਅੰਦੋਲਨ ਦੇ ਹੱਕ ਵਿੱਚ ਨੇੜੇ ਤੇੜੇ ਦੇ ਪਿੰਡਾਂ ਵਿੱਚ ਨਾਟਕ ਕਰਵਾਉਣ ਲੱਗਾ।

ਅੱਜ ਨਾਟਕ ਟੀਮ ਦਾ ਨੰਬਰ ਸਾਡੇ ਪਿੰਡ ਲੱਗਿਆ। ਤਾਇਆ ਅੱਜ ਸਵੇਰ ਦਾ ਹੀ ਵਿਆਹ ਵਾਂਗ ਲਾਂਗੜ ਮਾਰੀ ਫਿਰਦਾ ਸੀ। ਫੰਡ ਕੱਠਾ ਕਰਨ ਲਈ ਤਾਏ ਨੂੰ ਕੋਈ ਬਹੁਤਾ ਔਖਾ ਨਹੀਂ ਹੋਣਾ ਪਿਆ ਕਿਉਂਕਿ ਤਾਏ ਦੇ ਕਿੰਨੇ ਹੀ ਚੇਲੇ ਬਾਲਕੇ ਬਾਹਰੋਂ ਆਏ ਹੋਏ ਸਨ, ਤਾਇਆ ਉਹਨਾਂ ਤੋਂ ਫੰਡ ਮੰਗਦਾ ਨਹੀਂ ਸੀ ਸਗੋਂ ਆਰਡਰ ਕਰਦਾ ਸੀ। ਸ਼ਾਮ ਦੇ ਅੱਠ ਕੁ ਵਜਦੇ ਨੂੰ ਹੱਟਾਂ ਵਾਲ਼ੀਆਂ ਸੱਥਾਂ ਵਿੱਚ ਸਟੇਜ ਲੱਗ ਗਈ। ਲੋਕ ਵੀ ਕੰਮਾਂ ਕਾਰਾਂ ਤੇ ਖਾਣੇ ਦਾਣੇ ਤੋਂ ਵੇਹਲੇ ਹੋਕੇ ਸੱਥਾਂ ਵਿੱਚ ਜੁੜ ਬੈਠੇ। ਤਾਏ ਨੇ ਸਭ ਤੋਂ ਪਹਿਲਾਂ ਲੋਕਾਂ ਨੂੰ ਜੀਅ ਆਇਆਂ ਕਿਹਾ ਤੇ ਫੇਰ ਪ੍ਰੋਗਰਾਮ ਦਾ ਵੇਰਵਾ ਦੱਸ ਦਿੱਤਾ। ਤਾਏ ਨੇ ਬੜੇ ਮਾਣ ਨਾਲ਼ ਕਿਹਾ 'ਮੈਂ ਇੱਕ ਨਵੀਂ ਫਸਲ ਤਿਆਰ ਕੀਤੀ ਹੈ, ਤੁਸੀਂ ਹੌਸਲਾ ਦੇਣਾ। ਪਹਿਲਾਂ ਅਕਸ਼ੇ ਕੁਮਾਰ ਨੂੰ ਗੀਤ ਪੇਸ਼ ਕਰਨ ਲਈ ਸੱਦਾ ਦਿੱਤਾ ਗਿਆ। ਪਾਟੇ ਜਿਹੇ ਲੀੜਿਆਂ ਵਾਲ਼ਾ ਬੱਚਾ ਸਟੇਜ ਤੇ ਆਇਆ, ਮੈਂ ਨਾਲ਼ ਦੇ ਸਾਥੀ ਨੂੰ ਪੁਛਿਆ ਕਿ ਇਸ ਬੱਚੇ ਦੇ ਕੱਪੜੇ ਇੰਨੇ ਪਾਟੇ ਹੋਏ ਕਾਸਤੋਂ ਹਨ ਤਾਂ ਉਸ ਨੇ ਦੱਸਿਆ ਇਸ ਨੇ ਅੱਜ ਦਲੀਪ ਸਿੰਘ 'ਮਸਤ' ਦਾ ਜੁਤੀਆਂ ਸਿਉਣ ਵਾਲ਼ਾ ਕਿਰਦਾਰ ਵੀ ਨਿਭਾਉਣਾ ਹੈ। ਅਕਸ਼ੇ ਨੇ ਸਟੇਜ ਤੇ ਆ ਕੇ ਪਹਿਲਾਂ ਮਜ਼ਦੂਰ ਕਿਸਾਨ ਏਕਤਾ ਦਾ ਨਾਹਰਾ ਲਾਇਆ ਫੇਰ ਮਾਈਕ ਦੇ ਕੋਲ਼ ਮੂੰਹ ਕਰਕੇ ਕਹਿਣ ਲੱਗਿਆ, "ਸਾਥੀਓ ਮੈਂ ਇਨਕਲਾਬੀ ਕਵੀ ਪਾਸ ਦੀ ਕਵਿਤਾ ਪੇਸ ਕਰਨ ਲੱਗਿਆ ਹਾਂ" ਐਨਾਂ ਕਹਿ ਕੇ ਅਕਸ਼ੇ ਤਾਏ ਵੱਲ ਦੇਖਦਾ ਹੈ ਜਦ ਤਾਇਆ ਘੂਰੀ ਵੱਟ ਕੇ ਝਾਕਦਾ ਹੈ ਤਾਂ ਅਕਸ਼ੇ ਹੱਸਦਾ ਹੈ "ਸਾਥੀਓ ਮੈਂ ਤਾਂ ਬਾਬੇ ਸੇਵਕ ਨੂੰ ਤੰਗ ਕਰਨ ਲਈ ਬਿਹਾਰੀ ਬੋਲੀ ਵਿੱਚ ਸੱਸੇ ਦੇ ਪੈਰ ਵਿੱਚ ਜਾਣ ਕੇ ਬਿੰਦੀ ਨਹੀਂ ਲਾਈ ਸੀ, ਲਓ ਮੈਂ ਪਾਸ਼ ਦੀ ਕਵਿਤਾ 'ਕੱਖਾਂ ਦੀ ਕੁੱਲੀ' ਪੇਸ਼ ਕਰਦਾ ਹਾਂ। ਇਸ ਤੋਂ ਬਾਅਦ ਉਹ ਤਰੱਨਮ ਵਿੱਚ ਪਾਸ਼ ਦੀ ਕਵਿਤਾ ਪੇਸ਼ ਕਰਦਾ ਹੈ –

"ਕੱਖਾਂ ਦੀਏ ਕੁੱਲੀਏ ਮਿਨਾਰ ਬਣ ਜਾਂਈ
ਪੈਰਾਂ ਦੀਏ ਮਿੱਟੀਏ ਪਹਾੜ ਬਣ ਜਾਂਈ"
ਤੂੰ ਆਪਣੀ ਕਮਾਈ ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ,
ਲੱਖ ਲੱਖ ਦਾ ਏ ਤੇਰਾ ਕੱਖ ਨੀ"

ਲੋਕ ਤਾੜੀਆਂ ਮਾਰਦੇ ਹਨ ਤੇ ਇਕੱਠ ਦੇ ਖੂੰਜੇ ਤੇ ਬੈਠਾ ਉਸਦਾ ਬਾਪ ਰਾਮ ਦਿਆਲ ਬਹੁਤ ਖੁਸ਼ ਹੋਇਆ ਬੈਠਾ ਹੈ। ਅਕਸ਼ੇ ਦੱਸਦਾ ਹੈ ਕਿ ਪਾਸ਼ ਅਤੇ ਉਦਾਸੀ ਦੇ ਗੀਤ ਅੱਜ ਵੀ ਕੁੰਡਲ਼ੀ ਬਾਰਡਰ ਤੇ ਲੋਕ ਦੁਸ਼ਮਣਾਂ ਦੀ ਨੀਂਦ ਖਰਾਬ ਕਰ ਰਹੇ ਹਨ, ਜੈਮਲ ਪੱਡਾ ਦੇ ਅਤੇ ਅਮੋਲਕ ਦੇ ਗੀਤਾਂ ਨਾਲ਼ 'ਅਕਸ਼ੇ' 'ਰਾਮ ਦੇਵ' 'ਕਾਲਾ ਬਿੱਲੂ' ਰੰਗ ਬੰਨ ਦਿੰਦੇ ਹਨ। ਲੋਕ ਹੈਰਾਨ ਹਨ ਇਹ ਤਾਂ ਭਈਆਂ ਦੇ ਜੁਆਕ ਹਨ ਜੋ ਅੱਜ ਪੰਜਾਬ ਦੇ ਖਾੜਕੂ ਸੱਭਿਆਚਾਰ ਨੂੰ ਚਾਰ ਚੰਨ ਲਾ ਰਹੇ ਹਨ। ਡਰਾਮੇ ਦਾ ਉਦੋਂ ਸ਼ਿਖਰ ਆ ਜਾਂਦਾ ਹੈ ਜਦ ਅਕਸ਼ੇ ਮਸਤ ਦੀ ਕਾਪੀ ਕਰਦਾ ਹੋਇਆ 'ਜੁਤੀਆਂ ਸਿਉਣ ਵਾਲ਼ੇ' ਦਾ ਰੋਲ ਕਰਦਾ ਹੈ। ਸਾਰਾ ਨਾਟਕ ਲੋਕ ਚੁੱਪ ਕਰਕੇ ਬੈਠੇ ਰਹਿੰਦੇ ਹਨ। ਅਖੀਰ ਵਿੱਚ ਤਾਇਆ ਕਿਸਾਨ ਮੋਰਚੇ ਤੋਂ ਵਾਪਸ ਆਏ ਜਲੌਰ ਸਿੰਘ ਨੂੰ ਮੋਰਚੇ ਵਾਰੇ ਬੋਲਣ ਲਈ ਕਹਿੰਦਾ ਹੈ। ਜਲੌਰ ਵਿਸਥਾਰ ਪੂਰਬਕ ਮੋਰਚੇ ਦਾ ਹਾਲ ਦੱਸਦਾ ਹੈ ਅਤੇ ਲੋਕਾਂ ਨੂੰ ਕਹਿੰਦਾ ਹੈ ਕਿ ਕੱਲ ਨੂੰ ਗੁਰਦੁਆਰਾ ਸਾਹਿਬ ਤੋਂ ਮੋਰਚੇ ਲਈ ਟਰਾਲੀ ਤੁਰੇਗੀ, ਜਿਹੜਾ ਵੀ ਜਾਣਾ ਚਾਂਹੁੰਦਾ ਹੈ ਜਾਂ ਕੋਈ ਮੱਦਦ ਕਰਨਾ ਚਾਂਹੁੰਦਾ ਹੈ ਸਵੇਰੇ ਸੱਤ ਵਜੇ ਗੁਰਦੁਆਰਾ ਸਾਹਿਬ ਪਹੁੰਚਣ ਦੀ ਖੇਚਲ਼ ਕਰੇ। ਇਸ ਤੋਂ ਬਾਦ ਤਾਇਆ ਮੁੰਡਿਆਂ ਨੂੰ ਸਟੇਜ ਵਗੈਰਾ ਤੇ ਸਮਾਨ ਸਾਂਭਣ ਲਈ ਵੀ ਭੱਜਿਆ ਫਿਰਦਾ ਹੈ। ਜਦ ਮੈਂ ਨਾਟਕ ਦੇਖ ਕੇ ਵਾਪਸ ਆ ਰਿਹਾ ਸੀ ਮੈਂ ਬੁੱਗਰਾਂ ਦੇ ਨਾਜਰ ਨੂੰ ਪੁੱਛਦਾ ਹਾਂ "ਇਹ ਤਾਇਆ ਸੇਵਕ ਕੀ ਖਾਂਦਾ ਹੈ ਨੱਬੇ ਸਾਲ ਦੀ ਉਮਰ ਵਿੱਚ ਵੀ ਭੱਜਿਆ ਫਿਰਦਾ ਹੈ ਤਾਂ ਨਾਜਰ ਦੱਸਦਾ ਹੈ ਮੈਂ ਆਪ ਹੈਰਾਨ ਹਾਂ ਜਿੱਦੇਂ ਦਾ ਕਿਸਾਨ ਮੋਰਚਾ ਲੱਗਿਆ ਹੈ ਪੱਟੂ ਨੂੰ ਵਿਆਹ ਜਿੰਨਾਂ ਚਾਅ ਚੜ੍ਹਿਆ ਪਿਆ ਹੈ। ਥੋੜਾ ਚਿਰ ਸੋਚਕੇ ਨਾਜਰ ਬੋਲਦਾ ਹੈ ' ਮੇਰਾ ਬਾਪੂ ਸਹੀ ਕਹਿੰਦਾ ਸੀ ਕਿ ਕਾਮਰੇਡ ਤਾਂ ਖੱਬਲ਼ ਦੀ ਤਿੜ ਵਰਗੇ ਹੁੰਦੇ ਹਨ ਜਿਹੜੀ ਜੱਟ ਦੇ ਵਾਹੇ ਬਾਹਣ ਵਿੱਚ ਜੇਠ ਹਾੜ ਦੀਆਂ ਧੁੱਪਾਂ ਨਾਲ਼ ਸੁੱਕ ਤਾਂ ਜਾਂਦੀ ਹੈ ਪਰ ਮਾੜੇ ਜਿਹੇ ਸੌਣ ਦੇ ਸ਼ਰਾਟੇ ਨਾਲ਼ ਹੀ ਉਠ ਖੜਦੀ ਹੈ' ਤੇਰਾ ਤਾਇਆ ਵੀ ਬੱਸ ਉਸ ਖੱਬਲ਼ ਦੀ ਤਿੜ੍ਹ ਵਰਗਾ ਹੈ। ਜਦ ਮੈਂ ਘਰ ਨੂੰ ਵਾਪਸ ਜਾ ਰਿਹਾ ਸੀ, ਸੋਚ ਰਿਹਾ ਸੀ ਕਿ ਜਦ ਤੱਕ ਤਾਏ ਵਰਗੀਆਂ ਖੱਬਲ਼ ਦੀਆਂ ਤਿੜਾਂ ਲੋਕਾਂ ਦਾ ਪਰੇਰਨਾ ਸਰੋਤ ਬਣੀਆਂ ਰਹਿਣਗੀਆਂ ਲੋਕ ਸੰਘਰਸ਼ ਹਮੇਸ਼ਾ ਸਲਾਮਤ ਰਹਿਣਗੇ।






# ਮੌਜੂਦਾ ਕਿਸਾਨੀ ਅੰਦੋਲਨ ਅਤੇ ਬੀ.ਜੇ.ਪੀ. ਦੀ ਹੈਂਕੜਬਾਜ਼ ਆਹਮੋ-ਸਾਹਮਣੇ



ਹਰਚੰਦ ਸਿੰਘ ਬਾਸੀ



ਉਸ ਆਦਮੀ ਤੇ ਹੈ ਖ਼ੁਦਾ ਦਾ ਹੱਥ ਜੋ ਭੁਖ ਸਮੇਂ ਕਿਸੇ ਦੇ ਪੈਰੀਂ ਨਹੀਂ ਡਿਗਦਾ

ਪਿਛਲੇ ਪਾਰਲੀਮੈਂਟ ਦੇ ਸੈਸ਼ਨ ਵਿੱਚ ਜਿਸ ਤਰਾਂ ਦੀ ਕਾਹਲੀ ਨਾਲ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਉਸ ਸਮੇਂ ਪਾਰਲੀਮੈਂਟ ਦੀ ਲੋਕ ਸਭਾ ਵਿੱਚ ਵੀ ਵਿਰੋਧੀ ਧਿਰਾਂ ਵੱਲੋਂ ਇਸ ਦੇ ਕਿਸਾਨਾਂ ਉਪਰ ਮਾਰੂ ਅਸਰ ਬਾਰੇ ਜ਼ੋਰਦਾਰ ਹੰਗਮਾ ਹੋਇਆ ਸੀ। ਵਿਰੋਧੀ ਪਾਰਲੀਮੈਂਟ ਮੈਂਬਰਾਂ ਨੇ ਇਸ ਤੇ ਸੁਆਲ ਉਠਾਏ ਸਨ। ਇਸ ਨੂੰ ਪਾਰਲੀਮੈਂਟ ਦੀ ਸਲੈਕਟ ਕਮੇਟੀ ਕੋਲ ਭੇਜਣ ਦਾ ਪ੍ਰਸਤਾਵ ਵੀ ਰੱਖਿਆ ਸੀ ਪਰ ਮੋਦੀ ਸ਼ਾਹ ਦੇ ਬਹੁਮਤ ਦੇ ਹੰਕਾਰ ਸਦਕਾ ਕਿਸੇ ਦੀ ਦਲੀਲ ਨੂੰ ਹੱਠਧਰਮੀ ਨਾਲ ਨਾ ਸੁਣਿਆ। ਠੀਕ ਤਰੀਕੇ ਨਾਲ ਵੋਟਿੰਗ ਕਰਵਾਏ ਤੋਂ ਬਿਨਾਂ ਅਡਾਨੀ ਅਬਾਨੀ ਦੇ ਅੰਨੇਵਾਹ ਮੁਨਾਫੇ ਲਈ ਬਿਲ ਪਾਸ ਕਰ ਦਿਤਾ। ਇਸੇ ਤਰਾਂ ਹੀ ਰਾਜ ਸਭਾ ਵਿੱਚ ਬਹੁ ਗਿਣਤੀ ਦੀ ਹਉਮੇ ਵਿਚ ਮੋਦੀ ਸ਼ਾਹ ਦੇ ਹੁਕਮ ਵਿਚ ਬਿਲ ਵੋਟਿੰਗ ਤੋਂ ਬਿਨਾਂ ਹੀ ਖੇਤੀ ਸਬੰਧੀ ਤਿੰਨੇ ਪਾਸ ਕਰ ਦਿਤੇ। ਇੰਨਾਂ ਬਿਲਾਂ ਬਾਰੇ ਕਿਸੇ ਕਿਸਾਨ ਜਥੇਬੰਦੀਆਂ ਨਾਲ ਵਿਚਾਰ ਵਿਟਾਂਦਰਾ ਨਹੀਂ ਕੀਤਾ ਗਿਆ। ਕਿਸਾਨ ਤਾਂ ਸਵਾਮੀ ਨਾਥਨ ਦੀਆਂ ਸਿਫਾਰਸ਼ਾ ਲਾਗੂ ਕਰਵਾਉਣਾ ਚਾਹੁੰਦੇ ਸਨ। ਉਸ ਦੀ ਤਾਂ ਗਲ ਹੀ ਕੋਈ ਨਹੀਂ ਸਗੋਂ ਇਹ ਕਾਲੇ ਬਿਲ ਕਾਰਪੋਰੇਟ ਦੇ ਹੱਕਾਂ ਲਈ ਬਣਾ ਕੇ ਢੰਡੋਰਾ ਪਿਟਿਆ ਕਿ ਕਿਸਾਨਾਂ ਲਈ ਸੁਗਾਤ ਦਿਤੀ ਹੈ ਗੋਦੀ ਮੀਡੀਆ ਰਾਹੀ ਇਸ ਦਾ ਜ਼ੋਰ ਸ਼ੋਰ ਨਾਲ ਪਰਚਾਰ ਕੀਤਾ ਗਿਆ। ਜਿੰਨਾਂ ਖੇਤੀ ਕਿਸਨਾਂ ਲਈ ਇਹ ਬਣਾਏ ਉਹਨਾਂ ਉਸੇ ਵਕਤ ਇਸ ਮਾਰੂ ਅਸਰਾਂ ਬਾਰੇ ਸਮਝਣ ਵਿੱਚ ਦੇਰ ਨਹੀਂ ਲਾਈ। ਉਹਨਾਂ ਕਿਹਾ ਜੋ ਇਹ ਸੌਗਾਤ ਸਾਡੇ ਲਈ ਜ਼ਹਿਰ ਤੇ ਖੰਡ ਲਾ ਕੇ ਖੁਆਉਣ ਦਾ ਯਤਨ ਕਰ ਰਹੇ ਹੋ ਅਸੀਂ ਸਭ ਚੰਗੀ ਤਰ੍ਹਾਂ ਸਮਝਦੇ ਹਾਂ। ਇਹ ਪ੍ਰੋਸਿਆ ਹੋਇਆ ਖਾਣਾ ਸਾਡੇ ਅਗੋਂ ਚੱਕ ਲਉ ਸਾਨੂੰ ਕਤਈ ਮਨਜ਼ੂਰ ਨਹੀਂ। ਸਾਨੂੰ ਸਾਡਾ ਉਹ ਖਾਣਾ (ਕਾਨੂੰਨ) ਲਗੂ ਕਰੋ ਜੋ ਸਵਾਮੀ ਨਾਥਨ ਦੀਆਂ ਸਿਫਾਰਸ਼ਾ ਨੇ ਮਨਜ਼ੂਰ ਕੀਤਾ ਹੈ। ਰਾਸਟਰਪਤੀ ਨੇ ਵੀ ਬਿਨਾਂ ਹੀਲ ਹੁਜਤ ਦੇ ਇਸ ਤੇ ਮੋਹਰ ਲਾ ਦਿਤੀ। ਚਾਹੀਦਾ ਤਾਂ ਇਹ ਸੀ ਕਿ ਜਿਸ ਤਰਾਂ ਪਾਰਲੀਮੈਂਟ ਵਿੱਚ ਇਸ ਤੇ ਗੈਰ ਸੰਵਿਧਾਨਕ ਤਰੀਕੇ ਨਾਲ ਵੋਟਿੰਗ ਕਰਵਾ ਕੇ ਪਾਸ ਕੀਤਾ ਸੀ ਰਾਸ਼ਟਰਪਤੀ ਇਸ ਨੂੰ ਦੁਬਾਰਾ ਵਾਚਣ ਲਈ ਪਾਰਲੀਮੈਂਟ ਨੂੰ ਵਾਪਸ ਕਰਦਾ। ਪਰ ਮਜੂਦਾ ਮੋਦੀ,ਸ਼ਾਹ ਦੀ ਤਾਨਾਸ਼ਾਹ ਸਰਕਾਰ ਨੇ ਸੰਵਿਧਾਨ ਤੇ ਲੋਕਰਾਜੀ ਸੰਸਥਾਵਾਂ ਤੇ ਹਮਲਾ ਕਰਕੇ ਲੋਕ ਰਾਜ ਨੂੰ ਕਮਜ਼ੋਰ ਕੀਤਾ ਹੈ, ਰਾਸ਼ਰਪਤੀ ਵੀ ਉਹਨਾਂ ਦੇ ਦਬਾਅ ਹੇਠ ਦਿਖਾਈ ਦਿੰਦਾ ਹੈ। ਜਿਸ ਨੇ ਕਾਹਲੀ ਨਾਲ ਖੇਤੀ ਸਬੰਧੀ ਤਿੰਨਾਂ ਬਿਲਾਂ ਤੇ ਹਸਤਾਖਰ ਕਰਨ ਲਗਿਆਂ ਦੇਰ ਨਹੀਂ ਲਾਈ ਜਿਸ ਤਰ੍ਹਾਂ ਉਹ ਕਾਹਲੀ ਨਾਲ ਉਧੀਕ ਕਰ ਰਿਹਾ ਹੋਵੇ।

ਇਸ ਬਿਲ ਦੇ ਪਾਸ ਹੋਣ ਤੇ ਭਾਰਤ ਦੇ ਕਿਸਾਨ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਦੇ ਆਗੂ ਆਪਣੀ ਸੂਝ ਅਤੇ ਸਮਝ ਨੂੰ ਸਾਣ ਤੇ ਲਾਕੇ ਇਸ ਬਿਲ ਦੇ ਇੱਕ ਇੱਕ ਮਦ ਨੂੰ ਪੜ੍ਹ ਕੇ ਬੜੇ ਹੀ ਚਿੰਤਾਤੁਰ ਹੋਏ ਕਿ ਇਹ ਬਿਲ ਕਿਸਾਨ ਦੇ ਗਲਮੇਂ ਵਿੱਚ ਹੱਥ ਪਾਉਣ ਵਾਲਾ ਹੈ ਸਾਡੀਆਂ ਨਸਲਾਂ ਨੂੰ ਘਸਿਆਰੇ ਬਣਾਉਣ ਵਾਲਾ ਹੈ। ਉਹਨਾਂ ਦਾ ਖੂਨ ਉਬਾਲੇ ਖਾਣ ਲੱਗਾ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗਾਂ ਕੀਤੀਆਂ। ਆਪਣੇ ਕਿਸਾਨ ਭਰਾਵਾਂ ਨੂੰ ਇਹਨਾਂ ਕਿਸਾਨਾਂ ਵਿਰੋਧੀ ਤਿੰਨਾਂ ਕਾਲੇ ਕਾਨੂਨਾਂ ਦੇ ਮਾਰੂ ਅਸਰਾਂ ਬਾਰੇ ਜਾਗਰੂਕ ਕੀਤਾ। ਵਿਸਥਾਰ ਨਾਲ ਦਸਿਆ ਕਿ ਇਹ ਕਾਨੂੰਨ ਕਿਸਾਨ ਦੀ ਹੋਂਦ ਨੂੰ ਖਤਰਾ ਹੈ ਸਾਨੂੰ ਇੱਕ ਵਾਰ ਫਿਰ ਗੁਲਾਮ ਬਣਾਉਣ ਲਈ ਕਾਨੂੰਨ ਬਣਾਇਆ ਗਿਆ ਹੈ। ਆਊ ਇਸ ਸਬੰਧੀ ਆਪਣੇ ਇਤਰਾਜ਼ ਸਰਕਾਰ ਤਾਈਂ ਪਹੁੰਚਾਈਏ। ਕਿਸਾਨਾਂ ਨੈ ਇਹਨਾਂ ਕਾਨੂਨਾਂ ਵਿਰੁਧ ਧਰਨੇ ਪ੍ਰਦਰਸ਼ਨ ਕੀਤੇ। ਪੰਜਬ ਦੇ ਕਿਸਾਨਾਂ ਨਾਲ ਹਰਿਆਨੇ ਦੇ ਕਿਸਾਨਾਂ ਵੀ ਅੰਦੋਲਣ ਵਿੱਚ ਇਕ ਜੁਟ ਹੋਕੇ ਸ਼ਾਮਲ ਹੋਣ ਦਾ ਹੁੰਗਾਰਾ ਭਰਿਆ। ਸਤੰਬਰ ਤੋਂ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਕਰਨੇ ਸ਼ੁਰੂ ਕੀਤੇ ਪਰ ਕੀ ਮਜਾਲ ਇਨ੍ਹੇ ਵਡੇ ਪਰਦਰਸ਼ਨਾਂ ਦੇ ਹੁੰਦਿਆਂ ਵੀ ਮੋਦੀ ਦੇ ਕੰਨ ਤੇ ਜੂੰ ਸਰਕੀ ਹੋਵੇ। ਇਸ ਦੇ ਉਲਟ ਕਿਸਾਨਾਂ ਨੂੰ ਟਿਚਰਾਂ ਕਰਦੇ ਰਹੇ ਕਿ ਕਿਸਾਨਾਂ ਨੂੰ ਸਮਝ ਨਹੀਂ ਮੈਂ (ਮੋਦੀ) ਤਾਂ ਕਿਸਾਨਾਂ ਦੀ ਬਿਹਤਰੀ ਲਈ ਕੰਮ ਕਰ ਰਿਹਾ ਹਾਂ ਉਹ ਕੰਮ ਕੀਤਾ ਹੈ ਜੋ ਕਿਸੇ ਪਹਿਲਾਂ ਨਹੀਂ ਕੀਤਾ। ਕੀ ਜੇ ਕਿਸੇ ਘਰ ਚੋਰ ਲਗ ਜਾਏ ਘਰ ਦਾ ਸਮਾਨ ਇਕ ਇਕ ਕਰਕੇ ਪੰਡ ਬੰਨ ਕੇ ਜਾਣ ਨੂੰ ਤਿਆਰ ਹੋਏ ਘਰ ਵਾਲਾ ਰੋਕੇ ਤੇ ਉਹ ਅੱਗੋਂ ਕਹੇ ਮੈਂ ਤਾਂ ਇਹਨਾਂ ਦਾ ਭਲਾ ਕਰਨ ਲੱਗਾ ਹਾਂ ਘਰੇ ਸਫਾਈ ਹੋ ਜਾਏਗੀ ਕੋਈ ਚੂਹਾ ਚਿੜ੍ਹਾ ਘਰ ਨਹੀਂ ਆਏਗਾ। ਪਰਧਾਨ ਮੰਤਰੀ ਅਤੇ ਸ਼ਾਹ ਦੀ ਜੋੜੀ ਜਿਸ ਨੇ ਪਹਿਲਾਂ (ਏਅਰਪੋਰਟ) ਹਵਾਈ ਅੱਡੇ, ਰੱਖਿਆ ਖੇਤਰ, ਯੂਨੀਵਰਸਿਟੀਆਂ, ਰੇਲਵੇ, ਬੈਂਕ, ਤੇਲ ਕੰਪਨੀਆਂ ਆਦਿ ਦੇਸ ਦੇ ਲੋਕਾਂ ਦੀ ਸੰਪਤੀ ਅਡਾਨੀ ਅਬਾਨੀ ਕੰਪਨੀਆਂ ਕੋਲ ਵੇਚ ਦਿੱਤੇ ਕੀ ਉਸ ਤੇ ਭਰੋਸਾ ਕੀਤਾ ਜਾ ਸਕਦਾ ਹੈ। ਕਦੀ ਨਹੀਂ। ਲੋਕਰਾਜ ਵਿੱਚ ਲੋਕ ਵਡੇ ਹੁੰਦੇ ਹਨ। ਮੰਨਿਆ ਕਿ ਦੇਸ ਦਾ ਸਾਸ਼ਨ ਚਲਾਉਣ ਲਈ ਲੋਕਾਂ ਕਿਸੇ ਵਿਅੱਤੀ ਨੂੰ ਚੁਣ ਲਿਆ ਇਸ ਦਾ ਮਤਲਬ ਇਹ ਮਹੀਂ ਹੁੰਦਾ ਲੋਕਾਂ ਨੇ ਉਸ ਨੂੰ ਜਨਤਾ ਨੂੰ ਕਤਲ ਕਰਨ ਦੇ ਹੱਕ ਦੇ ਦਿੱਤੇ ਹਨ। ਉਸ ਨੂੰ ਲੋਕਾਂ ਦਾ ਬਿਹਤਰੀ ਲਈ ਕੰਮ ਕਰਨ ਲਈ ਦੇਸ ਦੀ ਵਾਗ ਡੋਰ ਫੜਾਈ ਹੁੰਦੀ ਹੈ। ਕਿਸੇ ਵੀ ਵਰਗਦੀਆਂ ਤਕਲੀਫਾਂ ਨੂੰ ਸਮਝ ਕੇ ਉਹਨਾਂ ਦੇ ਇਰਾਜਾਂ ਨੂੰ ਦੂਰ ਕਰਨਾ ਹੁੰਦਾ ਹੈ। ਹਿਟਲਰ ਵੀ ਕਹਿੰਦਾ ਸੀ ਕਿ ਮੈ ਦੂਨੀਆਂ ਦੇ ਭਲੇ ਲਈ ਕੰ ਕਰਦਾ ਹਾਂ ਲੋਕਾਂ ਅਤੇ ਸਾਸ਼ਕਾਂ ਨੂੰ ਸਮਝ ਲੈਣਾ ਹੈ ਅਜਿਹੇ ਇਕ ਤਰਫਾ ਫੈਸਲਿਆਂ ਨਾਲ ਕੀ ਹਸ਼ਰ ਹੁੰਦਾ ਹੈ। ਇਤਿਹਾਸ ਵਾਚਣ ਦੀ ਅਤਿਅੰਤ ਲੋੜ ਹੁੰਦੀ ਹੈ।

ਅੱਜ ਦੇਸ ਦੇ ਕਿਸਾਨ ਮੋਦੀ ਦ ਭਰਮਜਾਲ ਵਿੱਚੋਂ ਨਿਕਲ ਕੇ ਖੇਤੀ ਸੈਕਟਰ ਦੀ ਰਾਖੀ ਲਈ ਅੱਗੇ ਆਏ ਹਨ। ਇਸ ਲਈ ਅੰਦੋਲਣ ਦੇ ਪਹਿਲੇ ਦੂਜੇ ਪੜਾਅ ਤੇ ਕਿਸਾਨਾਂ ਦੀ ਮੋਦੀ ਦੀ ਤਾਨਾਸ਼ਾਹ ਸਰਕਾਰ ਨੇ ਕੰਨ ਨਹੀਂ ਦਿਤਾ ਸਗੋਂ ਗੋਦੀ ਮੀਡੀਆ ਰਾਹੀਂ ਕੂੜ ਪ੍ਰਚਾਰ ਅਰੰਭ ਕੇ ਕਿਸਾਨਾਂ ਦੀਆਂ ਵਾਜਬ ਮੰਗਾ ਛੁਟਿਆਉਣ ਲਗੀ।

ਖਹਾਵਤ ਹੈ "ਉਹ ਫਿਰੇ ਨੱਥ ਘੜਾਉਣ ਨੂੰ ਉਹ ਫਿਰੇ ਨੱਕ ਵਢਾਉਣ ਨੂੰ"

ਕਿਸਾਨ ਤਾਂ ਆਪਣੀ ਖੇਤੀ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਸਵਾਮੀ ਨਾਥਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਾਉਣ ਲਈ ਸਰਕਾਰ ਨੂੰ ਲੰਮੇ ਸਮੇਂ ਤੋਂ ਕਹਿ ਰਹੇ ਸਨ ਪਰ ਸਰਕਾਰ ਨੇ ਕਾਨੂੰਨ ਪਾਸ ਕਰਕੇ ਕਹਿ ਦਿਤਾ

"ਨਾਂ ਰਹੇਗਾ ਬਾਂਸ ਨਾਂ ਰਹੇਗੀ ਬੰਸਰੀ"

ਇਸ ਕਾਨਨੂੰ ਨਾਲ ਕਿਸਾਨ ਨੂੰ ਹੌਲੀ ਹੌਲੀ ਬੇ ਜ਼ਮੀਨੇ ਕਰ ਦਿਤਾ ਜਾਵੇਗਾ ਫਿਰ ਗਲ ਖਤਮ ਹੋ ਜਾਏਗੀ। ਸਭ ਕੁਝ ਕਾਰਪੋਰੇਟ ਦੀ ਮਰਜੀ ਨਾਲ ਹੋਵੇਗਾ ਪੰਜਾਬ ਦੀ ਆਨ, ਬਾਨ ਸ਼ਾਨ ਮਿਟ ਜਾਏਗੀ। ਇਸ ਤਰ੍ਹਾਂ ਦਿੱਲੀ ਦੀ ਭਾਰਤੀ ਜਨਤਾ ਪਾਰਟੀ ਵੱਲੋਂ ਬੜੀ ਚਤੁਰਾਈ ਨਾਲ ਪੰਜਾਬੀਆਂ ਦੀ ਨਸਲਕੁਸ਼ੀ ਕੀਤੀ ਜਏਗੀ। ਇਹਨਾਂ ਸਾਰੇ ਖਤਰਿਆਂ ਨੂੰ ਸਮਝਦਿਆਂ ਹੋਇਆਂ ਆਪਣੀ ਨਸਲਾਂ ਦੀ ਰਾਖੀ ਲਈ ਕਿਸਾਨ ਚਤੁਰ ਤਾਨਾਸ਼ਾਹ ਸਰਕਾਰ ਖਿਲਾਫ ਬਜ਼ੁਰਗ, ਨੌਜਵਾਨ, ਬੀਬੀਆਂ, ਮੁਟਿਆਰਾਂ, ਬੱਚੇ, ਕਲਾਕਾਰ, ਸਾਬਕਾ ਸੈਨਿਕ, ਖਿਡਾਰੀ,ਮਜ਼ਦੂਰ, ਆੜਤੀ, ਛੋਟੇ ਵਪਾਰੀ, ਕਰਮਚਾਰੀ ਗਲ ਕੀ ਹਰ ਵਰਗ ਸੜਕਾਂ ਤੇ ਉਤਰਿਆ ਹੈ।

26 ਨਵੰਬਰ ਤੋਂ ਪੋਹ ਮਾਘ ਦੀਆਂ ਠੰਢੀਆਂ ਰਾਤਾਂ ਵਿੱਚ ਵੀ ਇਹਨਾਂ ਤਿੰਨੇ ਕਾਲੇ ਕਾਨੂੰਨਾਂ ਨੂੰ ਰਦ ਕਰਾਉਣ ਲਈ ਦਿਲੀ ਵਲ ਚਾਲੇ ਪਾਏ। ਹਰਿਆਣਾ ਦੀ ਗਾਫਲ ਖਟਰ ਸਰਕਾਰ ਨੇ ਦਿੱਲੀ ਸਾਸ਼ਕਾਂ ਦੇ ਹੁਕਮਾਂ ਅਨੁਸਾਰ ਪੁਲਸ ਫੋਰਸ ਨਾਲ ਸੜਕਾਂ ਤੇ ਵੱਡੇ ਵੱਡੇ ਪੱਥਰ ਰਖ ਕੇ ਅਤੇ ਸੜਕਾਂ ਪੁਟ ਕੇ ਵਡੇ ਵਡੇ ਟੋਏ ਪੁਟ ਕੇ ਰਾਹ ਰੋਕੇ। ਕਿਸਾਨਾਂ ਨੇ ਦਿਲੀ ਬਾਰਡਰਾਂ ਦੇ ਮੁਖ ਮਾਰਗਾਂ ਤੇ ਸਾਂਤਮਈ ਬੈਠ ਕੇ ਹੀ ਰੋਸ ਪਰਗਟ ਕਰਨਾ ਸ਼ੁਰੂ ਕਰ ਦਿੱਤਾ। ਭਾਰਤ ਦੇ ਸੰਵਿਧਾਨ ਅੰਦਰ ਲੋਕਾਂ ਨੂੰ ਆਪਣੀਆਂ ਮੰਗਾ ਲਈ ਅਹਿੰਸਕ ਰੋ ਪਰਦਸ਼ਨ ਕਰਨ ਦੇ ਪੂਰਨ ਹੱਕ ਹੈ। ਸਰਕਾਰ ਉਸ ਹੱਕ ਤੇ ਡਾਕਾ ਮਾਰ ਕੇ ਦਿਲੀ ਅੰਦਰ ਦਾਖਲ ਨਹੀਂ ਹੋਣ ਦਿੰਦੀ। ਗੱਲ ਸੁਨਣ ਦੀ ਬਜਾਏ ਡਰਾ ਧਮਕਾ ਕੇ ਲੋਕਾਂ ਦੇ ਹੱਕਾਂ ਨੂੰ ਕੁਚਲ ਦੇਣਾ ਚਾਹੁੰਦੀ ਹੈ। ਅੱਜ ਜਦ ਭਾਰਤ ਦੇ ਸਭ ਪ੍ਰਾਂਤਾਂ ਦੇ ਕਿਸਾਨਾਂ ਨੂੰ ਇਸ ਬਾਰੇ ਸੋਝੀ ਆਈ ਤਾਂ ਦੇਸ ਵਿਆਪੀ ਅੰਦੋਲਣ ਬਣ ਗਿਆ। ਸਰਕਾਰ ਨੇ ਆਪਣੇ ਕੋਝੇ ਹਥ ਕੰਡੇ ਜੋ ਹਰ ਵਿਰੋਧ ਨੂੰ ਦਬਾਉਣ ਲਈ ਵਰਤਦੇ ਆਏ ਹਨ ਕਦੀ ਪਾਕਿਸਤਾਨੀ, ਕਦੀ ਚੀਨੀ, ਕਦੀ ਖਾਲਿਸਤਾਨੀ, ਕਦੀ ਟੁਕੜੇ ਟੁਕੜੇ ਗੈਂਗ, ਕਦੀ ਅਰਬਨ ਨਕਸਲੀ, ਕਦੀ ਕਸ਼ਮੀਰੀ ਅਤਿਵਾਦੀ ਵਰਤ ਕੇ ਅੰਦੋਲਨ ਨੂੰ ਬਦਨਾਮ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਦੇਸ ਦੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਹਰ ਪ੍ਰਾਂਤ ਅਤੇ ਹਰ ਧਰਮ ਹਿੰਦੂ ਮੁਸਲਿਮ ਸਿੱਖ ਈਸਾਈ ਬੋਧੀ ਜੈਨੀ ਕਿਸਾਨ ਮਜ਼ਦੂਰ ਨੇ ਇਕ ਜੁਟ ਹੋ ਕੇ ਬਹੁਤ ਵਡਾ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਸਾਂਮਈ ਅੰਦੋਲਨ ਚਲਾ ਕੇ ਸਦੀਆਂ ਦਾ ਇਤਿਹਾਸ ਬਣਾ ਦਿੱਤਾ। ਦੇਸ ਦੇ ਹਰ ਪ੍ਰਾਂਤ ਤੋਂ ਕਿਸਾਨ ਮਜਦੂਰ ਵਹੀਰਾਂ ਘੱਤ ਕੇ ਦਿਲੀ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਮਿਲਦੇ ਜਾ ਰਹੇ ਹਨ। ਹਰ ਪ੍ਰਾਂਤ ਵਿਚ ਸਰਕਾਰ ਅੰਦੋਲਣ ਨੂੰ ਦਬਾਉਣ ਵਿੱਚ ਲੱਗੀ ਹੈ। ਕਿਸਾਨਾਂ ਦੀ ਫੜੋ ਫੜੀ ਕਰ ਰਹੀ ਹੈ ਇਸ ਦੇ ਬਾਵਜੂਦ ਹਰ ਪ੍ਰਾਂਤ ਤੋਂ ਕਿਸਾਨ ਆ ਕੇ ਸਰਕਾਰ ਦੇ ਕਾਲੇ ਚਿੱਠੇ ਖੋਹਲ ਰਹੇ ਹਨ। ਲੱਖਾਂ ਦੀ ਗਿਣਤੀ ਵਿੱਚ ਲੋਕ ਰੋਸ ਪਰਗਟ ਕਰ ਰਹੇ ਹਨ। ਕਿਸਾਨਾਂ ਨੇ ਦਿਲੀ ਦੇ ਆਸ ਪਾਸ ਦੇ ਸਾਰੇ ਮੁੱਖ ਮਾਰਗਾਂ ਤੇ ਡੇਰੇ ਲਾਏ ਹੋਏ ਹਨ। ਦੇਸ ਦੇ ਲੋਕਾਂ ਤੋਂ ਭਰਭੂਰ ਹਮਾਇਤ ਮਿਲ ਰਹੀ ਹੈ। ਕਿਸਾਨਾਂ ਨੇ ਟਰੈਕਟਰ ਟਰਾਲੀਆਂ ਨੂੰ ਆਪਣੇ ਘਰ ਬਣਾ ਲਏ ਹਨ। ਅਤਿ ਦੀ ਠੰਢ ਵਿਚ ਲੰਮੇ ਸੰਘਰਸ਼ ਦੀ ਤਿਆਰੀ ਕਰਕੇ ਅੰਦੋਲਨ ਕਰ ਰਹੇ ਹਨ। ਖਾਣ ਪੀਣ ਦੀ ਸਪਲਾਈ ਮਗਰੋਂ ਪਿੰਡਾਂ ਵਿਚੋਂ ਨਿਰੰਤਰ ਆ ਰਹੀ ਹੈ। ਇਸ ਅੰਦੋਲਨ ਨੂੰ ਡਾਕਟਰਾਂ, ਵਿਦਿਆਰਥੀਆਂ, ਵਕੀਲਾਂ, ਬੁੱਧੀਜੀਵੀਆਂ ਦਾ ਵਿਆਪਕ ਸਮਰਥਨ ਮਿਲ ਰਿਹਾ ਹੈ। ਸਰਕਾਰ ਅਪਣੇ ਹੱਥਕੰਡੇ ਵਰਤ ਕੇ ਅੰਦੰਲਨ ਨੂੰ ਬਦਨਾਮ ਕਰਨ ਤੇ ਲੱਗੀ ਹੈ ਪਰ ਸਰਕਾਰ ਦਾ ਕੋਈ ਹਥਿਆਰ ਕੰਮ ਨਹੀਂ ਕਰ ਰਿਹਾ।

ਕਿਸਾਨਾਂ ਨੇ ਸਰਕਾਰ ਦੇ ਆਈ ਟੀ ਸੈਲ, ਇਲੈਕਟ੍ਰਾਨਿਕ ਮੀਡੀਆ, ਪ੍ਰਿੰਟ ਮੀਡੀਆ ਰਾਹੀਂ ਕੂੜ ਪ੍ਰਚਾਰ ਰੋਕਣ ਵਾਸਤੇ ਆਪਣਾ ਆਈ ਸੈਲ ਬਣਾ ਲਿਆ ਹੈ ਟਰਾਲੀ ਟਾਈਮਜ਼ ਨਾਂ ਦਾ ਪੰਜਾਬੀ ਅਤੇ ਹਿੰਦੀ ਭਸ਼ਾਵਾਂ ਵਿੱਚ ਅਖਬਾਰ ਕਢਣਾ ਸ਼ੁਰੂ ਕਰ ਲਿਆ ਹੈ ਜਿਸ ਦੀਆਂ ਹਜ਼ਾਰਾਂ ਕਾਪੀਆਂ ਮੁਫਤ ਵੰਡੀਆਂ ਗਈਆਂ ਹਨ। ਅੰਦੋਲਣ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਕਿਸਾਨਾਂ ਨੂੰ ਮੁਚੱਲਕੇ ਭਰਨ ਲਈ ਡਰਾਇਆ ਜਾਂਦਾ ਹੈ ਜਿਸ ਦੀ ਕਿਸਾਨ ਜਥੇਬੰਦੀਆਂ ਵੱਲੋਂ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ। ਕਿਸਾਨਾਂ ਦੀ ਸੁਘੜ ਸਿਆਣੀ ਲੀਡਰਸ਼ਿਪ ਦੀ ਦਾਦ ਦੇਣੀ ਬਣਦੀ ਹੈ ਅਤੇ ਉਸ ਤੋਂ ਵੱਧ ਹਰ ਅੰਦੋਲਨਕਾਰੀ ਬਜ਼ੁਰਗ, ਬੀਬੀਆਂ, ਨੌਜਵਾਨਾਂ, ਕਲਾਕਾਰਾਂ ਮਜਦੂਰਾਂ ਆੜਤੀਆਂ, ਵਪਾਰੀਆਂ ਅਤੇ ਦੇਸ਼ ਦੇ ਕੋਨੇ ਕੋਨੇ ਤੋਂ ਹਮਾਇਤ ਵਿੱਚ ਜੁਟੇ ਸਭ ਲੋਕ ਵਿਸ਼ੇਸ਼ ਪ੍ਰਸੰਸਾ ਦੇ ਹਕਦਾਰ ਹਨ। ਸਰਕਾਰ ਤਰਫੋਂ ਖੇਤੀ ਮੰਤਰੀ ਅਤੇ ਵਣਜ ਮੰਤਰੀ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਦੋ ਤਿੰਨ ਵਾਰ ਮੀਟਿੰਗ ਕੀਤੀ ਹੈ। ਕੁਝ ਸੋਧਾਂ ਰੋਕ ਦੇਣ ਦੀ ਗੱਲ ਕਰਦੇ ਹਨ ਕਿਸਾਨਾਂ ਦੀ ਮੰਗ ਇਹ ਹੈ ਕਿ ਜੇ ਤੁਸੀਂ ਇਹ ਮੰਨਦੇ ਹੋ ਕਿ ਇਹਨਾਂ ਕਾਨੂੰਨਾਂ ਵਿਚ ਤੇਰਾਂ ਚੌਦਾਂ ਨੁਕਸ ਹਨ ਤਾਂ ਸਾਡੀ ਇਕੋ ਇਕ ਮੰਗ ਇਹ ਹੈ ਕਿ ਇਹਨਾਂ ਕਾਨੂੰਨਾਂ ਨੂੰ ਪਾਰਲੀਮੈਂਟ ਦਾ ਸੈਸ਼ਨ ਬੁਲਾ ਕੇ ਵਾਪਸ ਲਿਆ ਜਾਏ ਅਤੇ ਕਿਸਾਨ ਹਿਤਾਂ ਦੀ ਰਾਖੀ ਲਈ ਕਿਸਾਨ ਜਥੇਬੰਦੀਆਂ ਦੇ ਸਲਾਹ ਮਸ਼ਵਰੇ ਨਾਲ ਕਾਨੂੰ ਬਣਾਏ ਜਾਣ। ਸਰਕਾਰ ਨੂੰ ਆਪਣੀ ਫੋਕੀ ਜ਼ਿਦ ਛੱਡ ਕੇ ਕਿਸਾਨਾਂ ਦੀਆਂ ਅਤਿ ਵਾਜਬ ਮੰਗਾਂ ਫੌਰਨ ਮੰਨ ਕਨ ਕੇ ਕਿਸਾਨਾਂ ਮਜ਼ਦੂਰਾਂ ਦੀ ਹਮਦਰਦੀ ਜਿਤਣੀ ਚਾਹੀਦੀ ਹੈ। ਲੋਕਾਂ ਨਾਲ ਵਿਰੋਧਤਾ ਦੇ ਸਾਸ਼ਕਾਂ ਨਾਲ ਹਮੇਸ਼ਾਂ ਨਤੀਜੇ ਦੇਸ ਦੀ ਬਿਹਤਰੀ ਲਈ ਚੰਗੇ ਨਹੀਂ ਹੁੰਦੇ। ਸਾਸ਼ਕ ਹਮੇਸ਼ਾ ਨਹੀਂ ਰਹਿੰਦੇ ਲੋਕ ਹਮੇਸ਼ਾ ਰਹਿੰਦੇ ਹਨ ਜਿਤ ਲੋਕਾਂ ਦੀ ਹੁੰਦੀ ਹੈ।

ਸਾਹਿਰ ਲੁਧਿਆਣਵੀ ਦਾ ਸ਼ੇਅਰ

ਮੇਰੀ ਸਦਾ ਤਾਂ ਮਿਟ ਸਕਦੀ ਹੈ ਖੈਰ ਮੁਮਕਿਨ ਮਗਰ ਅਵਾਮ ਕੀ ਲਲਕਾਰ ਕੌਣ ਰੋਕੇਗਾ ਨਏ ਖਿਆਲੋਂ ਕੀ ਪਰਵਾਜ਼ ਰੋਕਨੇ ਵਾਲੋ ਨਏ ਜ਼ਮਾਨੇ ਕੀ ਤਲਵਾਰ ਕੌਣ ਰੋਕੇਗਾ। ਜੈ ਕਿਸਾਨ


A CHOICE DRIVING SCHOOL

- Class 5
- basic Driving Courses
- Certification Courses
- Advance Training Course
- Brush Up
- DDC Course

PICK UP & DROP OFF AVAILABLE



Off. 587-352-0610 Cell 403-473-1682

# ਓਹੀ, "ਇਨਕਲਾਬ" ਕਰਨ ਅਤੇ ਸਾਮਰਾਜਵਾਦ ਨੂੰ ਦਫਨਾਉਣ ਦੀ ਚੁਣੌਤੀ

ਫਾਂਸੀ ਤੋਂ ਪਹਿਲਾਂ, ਇੱਕ ਸਵਾਲ ਦੇ ਜਵਾਬ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਕਿਹਾ ਸੀ, "....ਇਸ ਗੱਲ ਨਾਲ ਕੋਈ ਫਰਕ ਨਹੀਂ ਪੈਣਾ ਕਿ ਗੱਦੀ ਉੱਤੇ ਕਾਲਾ ਬੈਠਾ ਹੈ ਜਾਂ ਗੋਰਾ। ਫਰਕ ਤਾਂ ਇਸ ਗੱਲ ਨਾਲ ਪੈਂਦਾ ਹੈ ਕਿ ਹਾਕਮ ਦੀ ਨੀਤ ਅਤੇ ਨੀਤੀਆਂ ਕੀ ਹਨ।"

ਜਦੋਂ ਹਾਕਮ ਬਦਨੀਅਤ ਹੋਣ ਤਾਂ ਬਾਗੀ ਪੈਦਾ ਹੁੰਦੇ ਹਨ। ਦਰ-ਹਕੀਕਤ; "ਮਨੁੱਖ" ਹੋਣ ਦੀ ਨਿਸ਼ਾਨੀ ਹੈ, ਇਹ।

ਜਦ ਹਾਕਮ-ਜਮਾਤਾਂ ਵਲੋਂ ਕਿਰਤੀਆਂ-ਸ਼ਿਲਪੀਆਂ ਅਤੇ ਕਿਸਾਨਾਂ ਦਾ ਸੋਸ਼ਣ ਵੱਧ ਜਾਂਦਾ ਹੈ ਅਤੇ ਮਨੁੱਖੀ ਹੱਕਾਂ ਦਾ ਨਿਘਾਰ ਹੁੰਦਾ ਹੈ ਤਦ ਬਾਗੀ ਲੋਕ ਚੇਤੰਨਤਾ ਦਾ ਛੱਟਾ ਦਿੰਦੇ ਹਨ ਉਪਰੰਤ ਲੋਕ-ਸੰਘਰਸ਼ਾ ਦਾ ਉਦੇ ਹੁੰਦਾ ਹੈ।

ਇਹ ਚੇਤੰਨਤਾ ਅਤੇ ਸੰਘਰਸ਼ ਹੀ ਹਨ, ਜਿਹੜੇ ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ ਅਤੇ ਅਬਦੁੱਲਾ ਨਾਹਲਬੰਦ ਵਰਗੇ ਦੇਸ਼ਭਗਤ ਪੈਦਾ ਕਰਦੇ ਹਨ ਅਤੇ ਸੂਹੀ 'ਵਾਜ ਕੰਨੀ ਪੈਂਦੀ ਹੈ।

ਫਿਰ, ਇਨ੍ਹਾਂ ਸੂਹੇ ਸੰਘਰਸ਼ਾਂ ਦੀ ਨਿਰੰਤਰਤਾ ਜਦ ਭਗਤ ਸਿੰਘ, ਚੰਦਰ ਸੇਖਰ ਅਤੇ ਅਸਫਾਕ ਉੱਲਾ ਵਰਗੇ ਇਨਕਲਾਬੀ ਯੋਧਿਆਂ ਨੂੰ ਜਨਮ ਦਿੰਦੀ ਹੈ ਤਦ "ਇਨਕਲਾਬ ਜਿੰਦਾਬਾਦ, ਸਾਮਰਾਜਵਾਦ ਮੁਰਦਾਬਾਦ" ਦਾ ਨਾਰ੍ਹਾਂ ਬੁਲੰਦ ਹੁੰਦਾ ਹੈ।

....ਇਹ ਬੀਤੇ ਦਾ ਸੱਚ ਵੀ ਹੈ ਤੇ ਅੱਜ ਦਾ ਸੱਚ ਵੀ ਹੈ। ਨਵੇਂ ਯੋਧੇ, ਨਵੇਂ ਨਾਅਰੇ, ਨਵੇਂ ਸਾਥੀ ਹੁਣ ਵੀ ਉਗਮਣਗੇ।

ਪਰ ਇੱਕ ਕੌੜਾ ਸੱਚ/ਸਵਾਲ ਵੀ ਸਾਡੇ ਗੋਚਰੇ ਹੈ, ਕਿ; ਉਹ ਕਿਹੜੇ ਕਾਰਨ ਅਤੇ ਨਲਾਇਕੀਆਂ ਹਨ ਕਿ ਕਰੀਬ ਸਦੀ ਪਹਿਲਾਂ ਦਿੱਤੇ ਨਾਅਰੇ "ਇਨਕਲਾਬ" ਨੂੰ ਸਾਕਾਰ ਅਤੇ "ਸਾਮਰਾਜਵਾਦ" ਨੂੰ ਦਫਨਾ ਕਿਓ ਨਹੀਂ ਸਕੇ, ਅਸੀਂ?

ਨਿਰਸੰਦੇਹ, ਹੁਣ ਵਾਲਾ ਮਜਦੂਰ-ਕਿਸਾਨ ਅਤੇ ਉਸਦੇ ਹਮਜੋਲੀਆਂ ਦਾ ਸੰਘਰਸ਼ ਮੌਜੂਦਾ ਸਿਆਸਤ ਅਤੇ ਮਨੁੱਖੀ ਚੇਤੰਨਤਾ ਦਾ ਨਾ ਸਿਰਫ ਰੁੱਖ ਬਦਲੇਗਾ ਸਗੋਂ ਲੋਕ-ਪੱਖੀਆਂ ਲਈ ਇੱਕ ਚੁਣੌਤੀ ਅਤੇ ਜ਼ਿੰਮੇਵਾਰੀ ਵੀ ਤੈਅ ਕਰੇਗਾ।

...ਓਹੀ, "ਇਨਕਲਾਬ" ਕਰਨ ਅਤੇ ਸਾਮਰਾਜਵਾਦ ਨੂੰ ਦਫਨਾਉਣ ਦੀ ਚੁਣੌਤੀ।

## ਕਾਲੇ ਕਾਨੂੰਨਾਂ ਵਿਰੋਧੀ ਸੰਘਰਸ਼ ਵਿਚ ਜਾਨਾਂ ਵਾਰਨ ਵਾਲੇ ਸ਼ਹੀਦ

















IQBAL SIDHU INSURANCE ADVISOR

FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP

ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।

Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES


ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment

ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।

Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)


SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES
REAL ESTATE EXPERTS
www.hayathomes.com


YASMITA
ENGINEERING
- Professional Engineering Service
-Design and Drafting of Buildings
- Building and Development Permits for:
Residential and Commercial Projects
(New house, Addition, Garage, Deck, Secondary Suite, Backyard Suite etc.)
- Environmental Site Assessment
- All types of Civil, Electrical, Mechanical, Structural and Environmental Engineering Works
Serving Alberta, British Columbia and Saskatchewan at Majors location
Devendra Bhandari
M.Eng. P.Eng.
403 909 4060
email: yasmitaengineering@outlook.com


MATRIX
ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9


Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੌਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿਗ ਵੀ ਕਰਦੇ ਹਾਂ।
We Promise Reasonable Rates and Quality Work


WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
LOOKING TO MOVE UP IN NW CALGARY?
NEW Hamptons Spec Homes for Sale!
25 + 76
Hampstead Mews NW
www.wavehomes.ca


ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

Car Wash

Go Detail & Express Wash



- Car Wash - Express Detail - Hand Wash
- Full Detail - Auto Wash - SELF Serve

403-408-7536

3510 32 Street NE, Calgary AB

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES

Tel. : 403-285-7070

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

HALL FOR RENT IN NE

For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com

McKnight Dental Clinic



- Serving NE Community for over 30 years
- We follow Alberta Dental Fee Guide
- Open some evenings and Saturdays

Tel. 403-280-0880
Fax : 403-293-8852
www.mcknightdental.ca

McKnight Village,
5432 Falsbridge Dr NE,
Calgary, Alberta, T3J 3E9

(All services provided by General Dentists)




Sanjha Punjab GROCERY STORE

ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ

ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ

117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com

331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜਨਸ
ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ
ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

# Perfect Finishing Corp.
# New Star Cabinets Ltd.

PFC



Interior finishing, Railing
Kitchen Cabinets

WE DO : New & Old Houses Finishing Carpentry, Stair Railing, Book Shelves, Tv Unit, Closet Shelves, Bar, Kitchen Cabinets & All type of custom wood work



Manpreet Thind
Cell : (403) 477-1000

3341-19 Street N.E.
Calgary AB, T2E 6S8
www.perfectfinishing.ca

Off : (403) 455-1000
Fax : (403) 455-2000
perfectfinishing@hotmail.ca

# Redstone Plaza ਰੈਡ ਸਟੋਨ ਪਲਾਜਾ

## Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

## REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

## Universal Health PHARMACY

It's all about "U"

Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com

# ਕਰੋਨਾ ਵਾਇਰਸ ਦਾ ਦੌਰ ਅਤੇ ਕਿਸਾਨ ਸੰਘਰਸ਼



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070



ਧਨ ਕੁਬੇਰਾਂ ਦੀ ਪੈਸੇ ਦੀ ਹਵਸ਼ ਦੁਨੀਆ ਨੂੰ ਤਬਾਹੀ ਦੇ ਕੰਢੇ ਉਤੇ ਪਹੁੰਚਾ ਰਹੀ ਹੈ। ਪਿਛਲੀ ਇੱਕ ਸਦੀ ਵਿੱਚ ਕਹਿਣ ਨੂੰ ਤਾਂ ਤਕਨੀਕੀ ਤੌਰ 'ਤੇ ਦੁਨੀਆ 'ਚ ਵੱਡਾ ਵਿਕਾਸ ਵੇਖਣ ਨੂੰ ਮਿਲਿਆ ਹੈ, ਪਰ ਇਸ ਵਿਕਾਸ ਨੇ ਦੁਨੀਆ ਦੇ ਵਿਨਾਸ਼ ਦੀ ਨੀਂਹ ਰੱਖੀ ਹੀ ਨਹੀਂ; ਪੱਕੀ ਕੀਤੀ ਹੈ।

ਸਾਲ 2020 'ਚ ਦੁਨੀਆਂ ਭਰ 'ਚ ਛੋਟੀਆਂ-ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਧਨ ਕੁਬੇਰਾਂ ਦੀ ਲੋਕਾਂ ਨੂੰ ਕਰੋਨਾ ਵਾਇਰਸ ਪਹਿਲੀ ਦੇਣ ਦਿੱਤੀ ਹੈ। ਦੂਜੀ ਦੇਣ ਕਿਸਾਨਾਂ ਨੂੰ ਕਾਲੇ ਖੇਤੀ ਕਾਨੂੰਨ ਲਾਗੂ ਕਰਕੇ ਘਸਿਆਰੇ ਬਨਾਉਣਾ ਹੈ। ਕਿਸਾਨਾਂ ਦੀ ਜ਼ਮੀਨ ਖੋਹਣ ਦਾ ਜੋ ਤਾਣਾ ਬਾਣਾ ਧਨ ਕੁਬੇਰਾਂ ਕਈ ਵਰ੍ਹੇ ਪਹਿਲਾਂ ਬੁਣਿਆ ਸੀ, ਉਹ ਕਥਿਤ ਤੌਰ ਤੇ "ਤਰੱਕੀ ਕਰ ਰਹੇ ਹਿੰਦੋਸਤਾਨ" ਦੀ ਧਰਤੀ ਉਤੇ ਲਾਗੂ ਕਰਨ ਲਈ ਇਥੋਂ ਦੇ ਹਾਕਮਾਂ ਨੂੰ ਉਹਨਾ 2020 'ਚ ਵਰਤਿਆ। ਅਚਾਨਕ ਮੜ੍ਹਿਆ ਖੇਤੀ ਆਰਡੀਨੈਂਸ। ਫਿਰ ਕਾਨੂੰਨ ਘੜਨੀ ਸਭਾ (ਲੋਕ ਸਭਾ) 'ਚ ਬਿੱਲ। ਫਿਰ ਧੱਕੇ ਜ਼ੋਰੀ "ਸਿਆਣਿਆਂ ਕੋਲੋਂ" (ਰਾਜ ਸਭਾ 'ਚ) ਬਣਾਏ ਕਾਨੂੰਨ। ਫਿਰ ਪੱਕੀ ਮੋਹਰ ਕਿਸਾਨਾਂ ਦੀ ਬਰਬਾਦੀ ਲਈ, ਰਾਸ਼ਟਰਪਤੀ ਕੋਲੋਂ ਲਗਵਾਈ।

ਕਰੋਨਾ-19 ਦੁਨੀਆ 'ਚ ਆਇਆ। ਭਾਰਤੀ ਧਰਤੀ ਨੇ ਆਪਣੇ ਆਕਾ "ਰਾਸ਼ਟਰਪਤੀ ਟਰੰਪ" ਦੀਆਂ ਖਾਹਿਸ਼ਾਂ ਦੀ ਪੂਰਤੀ ਲਈ ਫਰਵਰੀ 2020 ਤੱਕ ਕਰੋਨਾ ਵਾਇਰਸ ਨੂੰ ਵਧਣ ਫੁੱਲਣ ਦਾ ਮੌਕਾ ਦਿੱਤਾ। ਫਿਰ ਸੁੱਤ ਉਨੀਂਦਿਆਂ ਮੋਦੀ ਜੀ ਨੇ ਦੇਸ਼ 'ਚ ਲੌਕ ਡਾਊਨ ਲਗਾ ਦਿੱਤਾ। ਸੱਭੋ ਕੁਝ ਬੰਦ। ਅਖੇ ਕਰੋਨਾ ਬਹੁਤ ਘਾਤਕ ਹੈ। ਸਿਆਣਿਆਂ ਪੁੱਛਿਆ ਕਿ ਜੇਕਰ ਇਹ ਘਾਤਕ ਹੈ ਤਾਂ ਵੱਧਣ-ਫੁੱਲਣ ਕਿਉਂ ਦਿੱਤਾ?

ਕਿਉਂ ਅਮਰੀਕੀ ਰਾਜਿਆਂ ਨੂੰ ਇਥੇ ਆਉਣ ਦਿੱਤਾ? ਕਰੋਨਾ ਦੇਸ਼ 'ਚ ਪਲਪਿਆ। ਥਾਲੀਆਂ, ਤਾਲੀਆਂ ਨਾਲ ਭਜਾਉਣ ਲਈ ਸਰਕਾਰ ਨੇ ਪ੍ਰਪੰਚ ਰਚੇ ਗਏ। ਮਜ਼ਦੂਰ ਕੰਮ ਛੱਡ, ਪੈਂਗੀ ਤੁਰ ਪਏ ਆਪਣੇ ਸੁਰੱਖਿਆ ਘਰਾਂ ਵੱਲ, ਨਾ ਹੱਥ ਰੋਟੀ, ਨਾ ਕੋਲ ਪਾਣੀ, ਨਾ ਪੱਲੇ ਨੌਕਰੀ ਜਾਂ ਰੁਜ਼ਗਾਰ ਬੱਸ ਭੁਖਣ-ਭਾਣੇਂ। ਕਹਿੰਦੇ ਨੇ 20 ਕਰੋੜ ਲੋਕਾਂ ਰੁਜ਼ਗਾਰ ਗੁਆ ਲਿਆ ਭਾਰਤ ਦੇਸ਼ ਵਿੱਚ। ਲੱਖਾਂ ਲੋਕ ਹੋਰ ਬਿਮਾਰੀਆਂ ਦੇ ਸ਼ਿਕਾਰ ਇਲਾਜ਼ ਖੁਣੋਂ ਸੰਸਾਰ ਛੱਡ ਗਏ। ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਹਾਕਮਾਂ ਨੇ ਲੋਕਾਂ ਨੂੰ ਮੰਗਤੇ ਬਣਾ ਛੱਡਿਆ। ਸੱਦ-ਪੁੱਛ ਕਰਨ ਵਾਲਾ ਕੋਈ ਨਹੀਂ। ਦੇਸ਼ ਦਾ ਅਰਥ ਚਾਰਾ ਟੁੱਟਾ। ਪਰ ਇਸ ਕਰੋਨਾ ਕਾਲ 'ਚ ਧਨ ਕੁਬੇਰਾਂ ਹੱਥ ਰੰਗੇ। ਗੁਜਰਾਤ ਦਾ ਵਾਸੀ ਅਡਾਨੀ ਦਾ ਧਨ ਸਾਲ 'ਚ 10 ਗੁਣਾ ਵਧਿਆ। ਦੁਨੀਆ ਨਾਲ ਸੰਬੰਧਿਤ ਕੰਪਨੀਆਂ ਨੇ ਹੱਥ ਰੰਗੇ। ਬਾਕੀ ਕਾਰੋਬਾਰ ਤਬਾਹ ਹੋ ਗਏ। ਵੈਕਸੀਨਾਂ ਬਨਣ ਲੱਗੀਆਂ। ਹੁਣ ਲੋਕਾਂ ਨੂੰ ਭਰਮਾਇਆ ਜਾਏਗਾ, ਲੁਟਿਆ ਜਾਏਗਾ। ਇਹੋ ਦੇਣ ਹੈ ਧਨ ਕੁਬੇਰਾਂ ਦੀ-2020 ਦੀ। ਨਿਰਾ ਭਾਰਤ ਨੂੰ ਨਹੀਂ, ਸਮੁੱਚੀ ਦੁਨੀਆ ਹੀ ਅਤੇ ਇਥੋਂ ਦੇ ਕਿਰਤੀ, ਕਿਸਾਨ, ਇਸ ਸਾਜ਼ਿਸ਼ ਦੀ ਲਪੇਟ ਵਿਚ ਆ ਗਏ। ਕਰੋਨਾ ਗਿਆ ਨਹੀਂ ਇਹ ਨਵੇਂ ਰੂਪ, ਨਵੇਂ ਸਟ੍ਰੇਨ 'ਚ ਮੁੜ ਪਲਪ ਪਿਆ ਹੈ। ਮਾਹਿਰਾਂ ਮੁਤਾਬਕ ਬਰਤਾਨੀਆ ਵਾਲੇ ਕਰੋਨਾ ਦੇ ਨਵੇਂ ਸਟ੍ਰੇਨ ਦੇ ਜੈਨੇਟਿਕ ਕੋਡ 'ਚ 23 ਨਵੇਂ ਬਦਲਾਅ ਹੋਏ ਹਨ, ਜੋ ਵਧੇਰੇ ਇਨਫੈਕਸ਼ਨ (ਲਾਗ) ਦੇ ਸਕਦੇ ਹਨ।

ਕਰੋਨਾ ਵਰਗੀ ਅਲਾਮਤ ਅਤੇ ਖੇਤੀ ਕਾਲੇ ਕਾਨੂੰਨ ਧਨ ਕੁਬੇਰਾਂ ਧਨ ਦੀ ਹਵਸ਼ ਨੇ ਦੇਸ਼ 'ਚ ਪਾਸ ਕਰਵਾਏ ਹਨ। ਇਹ ਖੇਤੀ ਕਾਲੇ ਕਾਨੂੰਨ ਧਨ ਕੁਬੇਰਾਂ ਵਲੋਂ ਅੰਨਦਾਤਿਆਂ ਦੀ ਮੰਡੀ ਖੋਹਣ ਦਾ ਯਤਨ ਹੈ। ਇਹ ਖੇਤੀ ਕਾਲੇ ਕਾਨੂੰਨ ਕਿਸਾਨਾਂ ਦੀ ਜ਼ਮੀਨ ਖੋਹਣ ਦਾ ਵੱਖਰੀ ਕਿਸਮ ਦਾ ਢੰਗ ਤਰੀਕਾ ਹੈ। ਜਿਹੜਾ ਮੌਜੂਦਾ ਸਰਕਾਰ ਨੇ ਅਡਾਨੀਆਂ-ਅੰਬਾਨੀਆਂ ਦੀ ਝੋਲੀ ਭਰਨ ਲਈ ਲੱਭਿਆ ਹੈ। ਕਿਸਾਨ ਜਿਹੜਾ ਮੰਗ ਕਰ ਰਿਹਾ ਸੀ ਕਿ ਡਾ: ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰੋ। ਉਸ ਰਿਪੋਰਟ ਵਿੱਚ ਲਾਗਤ ਮੁੱਲ ਤੋਂ ਕੁਝ ਵੱਧ ਰਕਮ ਉਸਦੀ ਫਸਲ ਉਤੇ ਦੇਣ ਦਾ ਪ੍ਰਾਵਾਧਾਨ ਸੀ। ਉਸ ਰਿਪੋਰਟ ਨੂੰ ਨਾ ਪਹਿਲੀਆਂ ਸਰਕਾਰਾਂ ਨੇ ਮੰਨਿਆ, ਨਾ ਹੁਣ ਵਾਲੀ ਸਰਕਾਰ ਨੇ। ਹੁਣ ਵਾਲੇ ਹਾਕਮਾਂ ਤਾਂ 2022 ਤੱਕ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਛਲਾਵਾ ਦੇ ਕੇ, 500 ਰੁਪਏ ਮਹੀਨਾ ਦੀ ਖੈਰਾਤ ਕਿਸਾਨ ਨੂੰ ਪਾ ਕੇ ਉਹਨਾਂ ਦੇ ਸਾਰੇ ਹੱਕ ਹਥਿਆਉਣ ਤੇ ਉਹਨਾਂ ਹੱਥੋਂ ਜ਼ਮੀਨ

(ਬਾਕੀ ਸਫ਼ਾ 23 'ਤੇ)

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360


MYBROKERS.CA
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
#208, 4656 Westwinds Dr. NE Calgary AB (UPSTAIRS)
For quotation please Call: 403-681-8689


'The name people trust and recommend' Over 30 years of experience in Immigration Matters
HAYER LAW OFFICE
Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases
DALWINDER HAYER
M.A. (Eco.) LL.B., LL.M
Barrister, Solicitor and Notary Public
SITAL (TINA)
B.A., LL.B. (Hons.) L.L.M.
Tel : 78377-00046 | Chandigarh (India)
AMANDEEP HAYER
B.A., J.D. (Canada) J.D. (U.S.)
Barrister, Solicitor, Notary Public
BALJINDER HAYER
Immigration Consultant & Public Notary
TO SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca



# ਕਿਸਾਨੀ ਮੋਰਚਾ ਬਨਾਮ ਭਾਈਚਾਰਕ ਸਾਂਝ !



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਪਿਛਲੇ 3 ਮਹੀਨੇ ਤੋਂ ਭਾਰਤ ਵਿੱਚ ਕਿਸਾਨੀ ਮੋਰਚਾ ਚੱਲ ਰਿਹਾ ਹੈ। ਦੇਸ਼-ਵਿਦੇਸ਼ ਵਿੱਚ ਬੈਠੇ ਪੰਜਾਬੀ ਸਿੱਖ ਕਿਸੇ ਨਾ ਕਿਸੇ ਢੰਗ ਨਾਲ ਇਸ ਮੋਰਚੇ ਨਾਲ ਜੁੜੇ ਹੋਏ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਜਿਥੇ ਮਰਜੀ ਬੈਠੇ ਹੋਣ, ਉਹ ਪੰਜਾਬ ਨਾਲ਼ ਹਮੇਸ਼ਾਂ ਜੁੜੇ ਰਹਿੰਦੇ ਹਨ। ਆਪਣੇ ਲੋਕਾਂ ਨਾਲ਼ ਖੜਨਾ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ, ਇੱਕ ਸ਼ਲਾਘਾਯੋਗ ਰੁਝਾਨ ਹੈ। ਅਸੀਂ ਕਿਸਾਨ ਜਾਂ ਲੋਕ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਦੇ ਨਾਲ਼ ਖੜੇ ਹਾਂ ਤੇ ਆਪਣੇ ਵਿੱਤ ਜਾਂ ਸਮਝ ਅਨੁਸਾਰ ਆਪਣਾ ਯੋਗਦਾਨ ਵੀ ਪਾਉਂਦੇ ਰਹਾਂਗੇ। ਅਸੀਂ ਸਿਰਫ ਪੰਜਾਬ ਵਿੱਚ ਹੀ ਨਹੀਂ ਕੈਲਗਰੀ ਜਾਂ ਕਨੇਡਾ ਵਿੱਚ ਵੀ ਲੋਕਾਂ ਦੇ ਮਸਲਿਆਂ ਲਈ ਨਾ ਸਿਰਫ ਹਮੇਸ਼ਾਂ ਉਨ੍ਹਾਂ ਦੇ ਹੱਕ ਵਿੱਚ ਖੜੇ ਹਾਂ, ਸਗੋਂ ਸੰਘਰਸ਼ਾਂ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ ਹਾਂ ਤੇ ਪਾਉਂਦੇ ਰਹਾਂਗੇ। ਮੈਂ ਆਪਣੇ ਜੀਵਨ ਵਿੱਚ ਪਿਛਲੇ 25-30 ਸਾਲਾਂ ਵਿੱਚ ਕਈ ਮੋਰਚੇ ਜਾਂ ਸੰਘਰਸ਼ ਦੇਖੇ ਹਨ, ਜਦੋਂ ਆਪਣੇ ਲੋਕ ਇਤਨੇ ਜ਼ਿਆਦਾ ਜਜ਼ਬਾਤੀ ਤੇ ਉਲਾਰ ਹੋ ਜਾਂਦੇ ਹਨ ਕਿ ਉਨ੍ਹਾਂ ਲਈ ਇਹ ਮੋਰਚੇ ਜੀਵਨ ਮੌਤ ਦਾ ਸਵਾਲ ਬਣ ਜਾਂਦੇ ਹਨ ਜਾਂ ਬਹੁਤ ਸਾਰੇ ਲੋਕ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ। ਪਰ ਉਹ ਭੁੱਲ ਜਾਂਦੇ ਹਨ ਕਿ ਮੋਰਚੇ ਵੀ ਤੇ ਮਸਲੇ ਵੀ ਸਾਡੇ ਜੀਵਨ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ ਤੇ ਆਉਂਦੇ ਜਾਂਦੇ ਰਹਿਣਗੇ, ਇਥੇ ਕੁਝ ਵੀ ਸਦੀਵੀ ਨਹੀਂ, ਨਾ ਹੀ ਅਸੀਂ ਇਥੇ ਸਦੀਵੀ ਹਾਂ। ਇਸ ਲਈ ਸਾਨੂੰ ਕੁਝ ਵੀ ਕਰਨ ਵੇਲੇ ਰਿਸ਼ਤਿਆਂ ਦੀ ਮਰਿਯਾਦਾ, ਭਾਸ਼ਾ ਦੀ ਮਰਿਯਾਦਾ, ਦੂਸਰਿਆਂ ਦੇ ਮਨੁੱਖੀ ਅਧਿਕਾਰਾਂ ਨੂੰ ਸਵੀਕਾਰ ਕਰਨ, ਦੂਜਿਆਂ ਦਾ ਆਦਰ ਕਰਨ ਆਦਿ ਦਾ ਬਹੁਤ ਖਿਆਲ ਰੱਖਣਾ ਚਾਹੀਦਾ ਹੈ। ਸਾਨੂੰ ਦੂਜਿਆਂ ਨੂੰ ਵੀ ਆਪਣੇ ਵਾਂਗ ਅਜ਼ਾਦ ਹੋ ਕੇ ਬੋਲਣ, ਲਿਖਣ, ਕੁਝ ਕਰਨ ਦੀ ਉਵੇਂ ਹੀ ਅਜ਼ਾਦੀ ਦੇਣੀ ਚਾਹੀਦੀ ਹੈ, ਜਿਵੇਂ ਅਸੀਂ ਆਪਣੇ ਲਈ ਚਾਹੁੰਦੇ ਹਾਂ। ਮੈਨੂੰ ਯਾਦ ਹੈ ਕਿ 1997-1998 ਵਿੱਚ ਸਰੀ (ਕਨੇਡਾ) ਵਿੱਚ ਇੱਕ ਗੁਰਦੁਆਰੇ ਦੇ ਕਬਜੇ ਨੂੰ ਲੈ ਕੇ ਦੋ ਧੜਿਆਂ ਵਿੱਚ ਝਗੜਾ ਹੋ ਗਿਆ, ਜੋ ਕਿ ਬਾਅਦ ਵਿੱਚ ਗੁਰਦੁਆਰਿਆਂ ਦੇ ਲੰਗਰ ਹਾਲ ਵਿੱਚ ਚੇਅਰਾਂ ਜਾਂ ਤੱਪੜਾਂ ਤੇ ਬੈਠਣ ਦਾ ਮਸਲਾ ਬਣ ਗਿਆ ਜਾਂ ਬਣਾ ਦਿੱਤਾ ਗਿਆ, ਉਸਨੂੰ ਵੀ ਆਪਣੀ ਕਮਿਉਨਿਟੀ ਨੇ ਇਤਨਾ ਤੂਲ ਦਿੱਤਾ ਕਿ ਭੈਣਾਂ-ਭਰਾ, ਮਾਂ-ਪਿਉ, ਹੋਰ ਰਿਸ਼ਤੇਦਾਰ, ਦੋਸਤ-ਮਿੱਤਰ ਇੱਕ ਦੂਜੇ ਨਾਲ਼ ਬੋਲਣੋਂ ਹਟ ਗਏ, ਇੱਕ ਦੂਜੇ ਦੇ ਦੁਸ਼ਮਣ ਬਣ ਗਏ, ਇੱਕ ਦੂਜੇ ਨਾਲ਼ ਵਰਤਣੋਂ ਹਟ ਗਏ, ਇੱਕ ਦੂਜੇ ਦੇ ਵਿਆਹਾਂ ਜਾਂ ਮਰਨੇ ਦੇ ਭੋਗਾਂ ਤੇ ਨਹੀਂ ਜਾਂਦੇ ਸਨ ਕਿ ਇਨ੍ਹਾਂ ਦਾ ਵਿਆਹ ਜਾਂ ਮਰਨਾ ਤੱਪੜਾਂ ਵਾਲੇ ਜਾਂ ਚੇਅਰਾਂ ਵਾਲੇ ਗੁਰਦੁਆਰੇ ਹੈ। ਮੈਂ ਕਈ ਅਜਿਹੇ ਪਰਿਵਾਰਾਂ ਨੂੰ ਬੀ ਸੀ ਵਿੱਚ ਜਾਣਦਾਂ, ਜਿਨ੍ਹਾਂ ਦੇ ਰਿਸ਼ਤੇ 20-22 ਸਾਲ ਬਾਅਦ ਵੀ ਠੀਕ ਨਹੀਂ ਹੋਏ। ਇਸੇ ਤਰ੍ਹਾਂ ਲੋਕ 84 ਦੀਆਂ ਘਟਨਾਵਾਂ, ਸਰਸੇ ਵਾਲੇ ਸਾਧ ਵਲੋਂ ਗੁਰੂ ਗੋਬਿੰਦ ਸਿੰਘ ਦੀ ਫੋਟੋ ਵਰਗੀ ਪੁਸ਼ਾਕ ਪਾਉਣ, ਗੁਰੂ ਗ੍ਰੰਥ ਸਾਹਿਬ ਦੀਆਂ 2015 ਤੇ ਬਾਅਦ ਵਿੱਚ ਬੇਅਦਬੀ ਦੀਆਂ ਘਟਨਾਵਾਂ, 2013 ਵਿੱਚ ਗੁਰਬਖਸ਼ ਸਿੰਘ ਦੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼, 2014 ਤੇ 2017 ਦੀਆਂ ਵੋਟਾਂ ਵਿੱਚ ਆਮ ਆਦਮੀ ਪਾਰਟੀ ਦੀ ਹਮਾਇਤ ਲਈ ਉਲਾਰਪਨ ਆਦਿ ਅਨੇਕਾਂ ਮੁੱਦੇ ਪਿਛਲ਼ੇ ਸਾਲਾਂ ਵਿੱਚ ਆਏ ਹਨ, ਜਦੋਂ ਲੋਕ ਇਤਨੇ ਜਜਬਾਤੀ ਤੇ ਉਲਾਰ ਹੋ ਜਾਂਦੇ ਰਹੇ ਹਨ ਕਿ ਜਿਸ ਤਰ੍ਹਾਂ ਹੁਣ ਦੁਨੀਆਂ ਹੀ ਖਤਮ ਹੋ ਜਾਵੇਗੀ। ਪਰ ਜੇ ਅੱਜ ਅਸੀਂ ਸਾਰੇ ਸੋਚੀਏ ਕਿ ਉਨ੍ਹਾਂ ਮਸਲਿਆਂ ਦਾ ਕੀ ਬਣਿਆ? ਕੀ ਉਹ ਮਸਲੇ ਹੱਲ ਹੋ ਗਏ? ਕੀ ਉਸ ਤੋਂ ਬਾਅਦ ਹੋਰ ਮਸਲੇ ਨਹੀਂ ਆਏ? ਪਰ ਉਨ੍ਹਾਂ ਸਮਿਆਂ ਵਿੱਚ ਅਸੀਂ ਬਹੁਤ ਸਾਰਿਆਂ ਨੇ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਜਾਂ ਆਪਣੇ ਲੋਕਲ ਭਾਈਚਾਰੇ ਵਿੱਚ ਦੁਫਾੜ ਜਰੂਰ ਪਾ ਲਿਆ। ਸਾਨੂੰ ਕਦੇ ਵੀ ਕੁਝ ਵੀ ਅਜਿਹਾ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ ਕਿ ਜਿਸ ਨਾਲ਼ ਸਾਨੂੰ ਬਾਅਦ ਵਿੱਚ ਸ਼ਰਮਿੰਦੇ ਨਾ ਹੋਣਾ ਪਵੇ। ਮੇਰਾ ਇਹ ਤਜ਼ਰਬਾ ਰਿਹਾ ਹੈ ਕਿ ਅਸੀਂ ਜਜ਼ਬਾਤੀ ਹੋ ਕੇ ਕੌਮੀ ਤੌਰ 'ਤੇ ਇੱਕ ਅਜਿਹੀ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦੇ ਹਾਂ ਕਿ ਕਿਸੇ ਦਾ ਲਿਹਾਜ ਨਹੀਂ ਕਰਦੇ, ਕਿਸੇ ਦੀ ਇੱਜਤ ਨਹੀਂ ਕਰਦੇ, ਬੋਲਣ ਲੱਗੇ ਦੇਖਦੇ ਨਹੀਂ ਕੀ ਕਹਿ ਰਹੇ ਹਾਂ, ਸਾਡੀ ਭਾਸ਼ਾ ਬੜੀ ਨੀਵੇਂ ਪੱਧਰ ਦੀ ਹੋ ਜਾਂਦੀ ਹੈ, ਅਸੀਂ ਇਹ ਵੀ ਭੁੱਲ ਜਾਂਦੇ ਹਾਂ ਕਿ ਜੇ ਸਾਨੂੰ ਕਿਸੇ ਮਸਲੇ ਦੇ ਹੱਕ ਜਾਂ ਵਿਰੋਧ ਵਿੱਚ ਖੜਨ ਦਾ ਹੱਕ ਹੈ ਤਾਂ ਇਹ ਹੱਕ ਸਭ ਨੂੰ ਇਖਲਾਕੀ ਤੇ ਕਨੂੰਨੀ ਤੌਰ ਤੇ ਮਿਲਿਆ ਹੋਇਆ ਹੈ? ਪਰ ਸਾਡੇ ਤੇ ਭੀੜ ਦੀ ਮਾਨਸਿਕਤਾ ਇਤਨੀ ਹਾਵੀ ਹੋ ਜਾਂਦੀ ਹੈ ਕਿ ਜੇ ਅਸੀਂ ਕਿਸੇ ਦੇ ਹੱਕ ਵਿੱਚ ਹਾਂ ਤਾਂ ਚਾਹੁੰਦੇ ਹਾਂ ਕਿ ਹੁਣ ਸਾਰੇ ਹੱਕ ਵਿੱਚ ਖੜਨ ਤੇ ਜੇ ਅਸੀਂ ਵਿਰੋਧ ਵਿੱਚ ਹਾਂ ਤਾਂ ਚਾਹੁੰਦੇ ਹਾਂ ਕਿ ਸਾਰੇ ਵਿਰੋਧ ਵਿੱਚ ਖੜਨ। ਅਜਿਹਾ ਕਦੇ ਵੀ ਨਹੀਂ ਹੋਇਆ ਤੇ ਨਾ ਕਦੇ ਹੋਵੇਗਾ ਕਿਉਂਕਿ ਕੁਦਰਤ ਵਲੋਂ ਹੀ ਸਾਨੂੰ ਸਭ ਨੂੰ ਅਕਲ ਤੇ ਸ਼ਕਲ ਕਰਕੇ ਵੱਖਰੇ ਬਣਾਇਆ ਹੋਇਆ ਹੈ। ਸਾਡੇ ਇਸ ਬ੍ਰਹਿਮੰਡ ਵਿੱਚ ਗਲਤ-ਸਹੀ ਕੁਝ ਨਹੀਂ ਹੈ, ਸਿਰਫ ਨਜ਼ਰੀਆ ਹੈ ਕਿ ਤੁਸੀਂ ਕਿਸ ਨਜ਼ਰੀਏ ਨਾਲ਼ ਘਟਨਾਵਾਂ ਨੂੰ ਦੇਖਦੇ ਹੋ? ਗਲਤ-ਸਹੀ ਸਿਰਫ ਇਹ ਹੁੰਦਾ ਹੈ ਕਿ ਤੁਸੀਂ ਕਿਸੇ ਦਾ ਨਿੱਜੀ ਜਾਂ ਸਮਾਜ ਦਾ ਸਾਂਝਾ ਨੁਕਸਾਨ ਤੇ ਨਹੀਂ ਕਰ ਰਹੇ, ਤੁਸੀਂ ਕੁਝ ਕਨੂੰਨ ਵਿਰੋਧੀ ਜਾਂ ਸਮਾਜ ਵਿਰੋਧੀ ਤੇ ਨਹੀਂ ਕਰ ਰਹੇ, ਜਿਸ ਨਾਲ਼ ਕਿਸੇ ਦਾ ਨਿੱਜੀ ਜਾਂ ਸਮਾਜ ਦਾ ਸਾਂਝਾ ਨੁਕਸਾਨ ਹੋ ਰਿਹਾ ਹੈ ਜਾਂ ਹੋ ਸਕਦਾ ਹੈ।

ਹੁਣ ਇਸ ਮੋਰਚੇ ਵਿੱਚ ਵੀ ਅਜਿਹਾ ਹੀ ਵਾਪਰ ਰਿਹਾ ਹੈ, ਅਸੀਂ ਕਿਸੇ ਨੂੰ ਵੀ ਆਪਣੀ ਵਿਚਾਰਧਾਰਾ ਤੋਂ ਉਲਟ ਆਪਣਾ ਪੱਖ ਰੱਖਣ ਦਾ ਹੱਕ ਨਹੀਂ ਦੇਣਾ ਚਾਹੁੰਦੇ? ਜੇ ਅਸੀਂ ਸਹੀ ਹਾਂ ਤਾਂ ਫਿਰ ਸਾਨੂੰ ਦੂਜਿਆ ਤੋਂ ਡਰਨ ਦੀ ਲੋੜ ਨਹੀਂ? ਸਾਡੇ ਵਿੱਚ ਇੱਕ ਹੋਰ ਬੜੀ ਘਾਟ ਹੈ ਕਿ ਅਸੀਂ ਹਰ ਇਤਰਾਜ ਜਾਂ ਵੱਖਰੇ ਵਿਚਾਰ ਨੂੰ ਵਿਰੋਧ ਮੰਨ ਲੈਂਦੇ ਹਾਂ। ਪਰ ਸਾਡੀ ਅਜਿਹੀ ਸੋਚ ਸਾਡੀ ਸੁੰਗੜੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਸਾਡੀ ਬੌਧਿਕ ਕੰਗਾਲੀ ਦੀ ਨਿਸ਼ਾਨੀ ਹੈ।ਅਜਿਹਾ ਨਹੀਂ ਹੁੰਦਾ ਕਿ ਹਰ ਇਤਰਾਜ ਜਾਂ ਵੱਖਰਾ ਵਿਚਾਰ ਤੁਹਾਡੇ ਨਾਲ਼ੋਂ ਹਰ ਪੱਖ ਤੋਂ ਵੱਖਰਾ ਹੁੰਦਾ ਹੈ, ਤੁਸੀਂ ਕੁਝ ਨੁਕਤਿਆਂ ਤੇ ਵੱਖਰੇ ਵਿਚਾਰ ਵਾਲੇ ਹੋ ਸਕਦੇ ਤੇ ਬਹੁਤ ਸਾਰਿਆਂ ਤੇ ਤੁਹਾਡੀ ਸਹਿਮਤੀ ਵੀ ਹੋ ਸਕਦੀ ਹੈ? ਇਸ ਤੋਂ ਉਲਟ ਵੀ ਹੋ ਸਕਦਾ ਹੈ। ਕਈ ਵਿਅਕਤੀ ਅਜਿਹੀਆਂ ਪੋਸਟਾਂ ਪਾ ਰਹੇ ਹਨ ਕਿ ਫਲਾਨੀ ਕਮਿਉਨਿਟੀ ਜਾਂ ਫਲਾਨੀ ਵਿਚਾਰਧਾਰਾ ਵਾਲ਼ੇ ਲੋਕ ਮੈਨੂੰ ਅਨਫਰੈਂਡ ਕਰ ਜਾਣ ਜਾਂ ਮੈਂ ਕਰ ਦੇਣੇ ਹਨ? ਇਹ ਕਿਹੋ ਜਿਹੀ ਮਾਨਸਿਕਤਾ ਹੈ, ਜਿਥੇ ਅਸੀਂ ਦੂਸਰੇ ਦੇ ਵਿਚਾਰ ਪ੍ਰਤੀ ਇਤਨੇ ਅਸਹਿਣਸ਼ੀਲ ਹੋ ਰਹੇ ਹਾਂ ਕਿ ਇਥੋਂ ਤੱਕ ਪਬਲੀਕਲੀ ਕਹਿ ਰਹੇ ਹਾਂ, ਮੇਰੇ ਕੋਲੋਂ ਦੂਰ ਹੋ ਜਾਵੋ? ਅਸੀਂ ਅਕਸਰ ਥੋੜੇ ਜਿਹੇ ਵਿਚਾਰਧਾਰਕ ਮੱਤਭੇਦਾਂ ਕਾਰਨ ਵੱਡੇ-ਵੱਡੇ ਇਲਜਾਮ ਲਗਾਉਣ ਤੋਂ ਵੀ ਗੁਰੇਜ ਨਹੀਂ ਕਰਦੇ। ਜਦੋਂ ਅਸੀਂ ਕਿਸੇ ਨੂੰ ਚੰਗਾ ਜਾਂ ਮਾੜਾ ਕਹਿੰਦੇ ਹਾਂ ਤਾਂ ਅਸੀਂ ਦੂਜੇ ਬਾਰੇ ਨਹੀਂ ਆਪਣੇ ਬਾਰੇ ਹੀ ਦੱਸ ਰਹੇ ਹੁੰਦੇ ਹਾਂ ਕਿ ਅਸੀਂ ਕਿਸ ਔਕਾਤ ਦੇ ਮਾਲਕ ਹਾਂ? ਮੇਰੀ ਸਮਝ ਅਨੁਸਾਰ ਸੋਸ਼ਲ ਮੀਡੀਆ ਤੇ, ਕੌਮੀ ਤੌਰ ਤੇ ਅਸੀਂ ਜਿਸ ਢੰਗ ਨਾਲ਼ ਵਿਚਰ ਰਹੇ ਹਾਂ, ਉਹ ਬਹੁਤ ਖਤਰਨਾਕ ਰੁਝਾਨ ਹੈ। ਉਸ ਤੋਂ ਲਗਦਾ ਨਹੀਂ ਕਿ ਅਸੀਂ 21ਵੀਂ ਸਦੀ ਦੇ ਲੋਕਤੰਤਰੀ, ਸਭਿਅਕ ਤੇ ਵਿਕਸਤ ਸਮਾਜ ਦਾ ਹਿੱਸਾ ਹਾਂ? ਸੋਸ਼ਲ ਮੀਡੀਆ ਤੇ ਜਿਸ ਢੰਗ ਦੀਆਂ ਬਹੁਤ ਘਟੀਆ ਪੱਧਰ ਦੀਆਂ ਟਿੱਪਣੀਆਂ ਜਾਂ ਪੋਸਟਾਂ ਸ਼ੇਅਰ ਹੋ ਰਹੀਆਂ ਹਨ, ਉਹ ਸਾਡੀ ਦੂਜਿਆਂ ਪ੍ਰਤੀ ਮਾਨਸਿਕਤਾ ਦਰਸਾ ਰਹੀਆਂ ਹਨ। ਜਿਸ ਤਰ੍ਹਾਂ ਅਸੀਂ ਵੱਖ-ਵੱਖ ਵਿਅਕਤੀਆਂ ਦੀਆਂ ਫੋਟੋਆਂ ਐਡਿਟ ਕਰਕੇ ਮਜਾਕ ਉਡਾ ਰਹੇ ਹਾਂ, ਅਸਲ ਵਿੱਚ ਉਹ ਸਾਡੀ ਆਪਣੀ ਸੋਚ ਦਾ ਮਜਾਕ ਬਣ ਰਿਹਾ ਹੈ?

ਜਿਹੜੇ ਲੋਕ ਕੁਝ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੀ ਹਮਾਇਤ ਲਈ ਮਰਨ-ਮਾਰਨ ਨੂੰ ਤਿਆਰ ਸਨ, ਕਿਸੇ ਦੀ ਕੋਈ ਅਕਲ ਦੀ ਗੱਲ ਨਹੀਂ ਸੁਣਦੇ ਸਨ, ਜਹਾਜ ਭਰ-ਭਰ ਕੇ ਇੰਡੀਆ ਜਾ ਰਹੇ ਸਨ, ਫੰਡ ਰੇਜ਼ ਕਰਦੇ ਸਨ, ਲੋਕ ਇਕੱਠ ਕਰਦੇ ਸਨ, ਅੱਜ ਉਹੀ ਕੇਜਰੀਵਾਲ਼, ਭਗਵੰਤ ਮਾਨ ਜਾਂ ਹੋਰ ਲੀਡਰਾਂ ਨੂੰ ਵੱਧ ਗਾਲ਼੍ਹਾਂ ਕੱਢਦੇ ਹਨ ਕਿਉਂਕਿ ਅਸੀਂ ਕੁਝ ਵੀ ਕਰਨ ਤੋਂ ਪਹਿਲਾਂ ਸੋਚਣ ਵਾਲਾ ਪੁਰਜਾ ਆਫ ਕਰ ਲੈਂਦੇ ਹਾਂ। ਮੈਨੂੰ ਪਤਾ ਹੈ ਕਿ ਬਹੁਤ ਲੋਕ ਅਜਿਹੇ ਮੌਕਿਆਂ ਤੇ ਵਿਚਾਰਾਂ ਦੇ ਵਖਰੇਵੇਂ ਕਾਰਨ ਕਈ ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਗੁਆ ਲੈਂਦੇ ਹਨ ਜਾਂ ਰਿਸ਼ਤਿਆਂ ਵਿੱਚ ਕੁੜੱਤਣ ਭਰ ਲੈਂਦੇ ਹਨ। ਮੈਂ ਖੁਦ ਅਜਿਹੇ ਮੌਕਿਆਂ ਤੇ ਕਈ ਦੋਸਤ ਗੁਆਏ ਹਨ, ਜਿਹੜੇ ਮੈਨੂੰ ਇਸ ਕਰਕੇ ਨਹੀਂ ਛੱਡ ਕੇ ਗਏ ਕਿ ਹਰਚਰਨ ਕਰੈਕਟਰਲੈਸ ਹੈ, ਵਿਭਚਾਰੀ ਹੈ, ਦੁਰਾਚਾਰੀ ਹੈ, ਨਸ਼ਈ ਹੈ, ਧੋਖੇਬਾਜ ਹੈ, ਠੱਗ ਹੈ, ਦੂਜਿਆਂ ਦਾ ਹੱਕ ਮਾਰਦਾ ਹੈ, ਕਨੂੰਨ ਵਿਰੋਧੀ ਕੋਈ ਜ਼ੁਰਮ ਕਰ ਰਿਹਾ ਹੈ, ਨਸ਼ੇ ਵੇਚਦਾ ਹੈ, ਸਮਗਲਰ ਹੈ, ਗੈਂਗਸਟਰ ਹੈ, ਦੂਜਿਆਂ ਦਾ ਨਿੱਜੀ ਨੁਕਸਾਨ ਕਰਦਾ ਹੈ, ਕਮਿਉਨਿਟੀ ਦੇ ਕੰਮਾਂ ਵਿੱਚ ਯੋਗਦਾਨ ਨਹੀਂ ਪਾਉਂਦਾ, ਲੋਕਾਂ ਦੇ ਦੁੱਖ-ਸੁੱਖ ਵਿੱਚ ਨਾਲ਼ ਨਹੀਂ ਖੜਦਾ, ਸਗੋਂ ਇਸ ਕਰਕੇ ਛੱਡ ਗਏ ਕਿ ਇਸਦੇ ਵਿਚਾਰ ਸਾਡੇ ਨਾਲੋਂ ਵੱਖਰੇ ਹਨ, ਇਹ ਸਾਡੇ ਤੋਂ ਵੱਖਰੇ ਢੰਗ ਨਾਲ਼ ਸੋਚਦਾ ਹੈ, ਜਦ ਕਿ ਪਿਛਲੇ 25-30 ਸਾਲਾਂ ਵਿੱਚ ਨਿੱਜੀ ਤੌਰ ਤੇ ਮੇਰੇ ਵਲੋਂ ਕਦੇ ਕਿਸੇ ਬਾਰੇ ਇੱਕ ਲਫਜ਼ ਵੀ ਕੋਈ ਗਲਤ ਲਿਖਿਆ ਜਾਂ ਬੋਲਿਆ ਨਹੀਂ ਗਿਆ। ਕਦੇ ਕਿਸੇ ਨਾਲ਼ ਲੜਾਈ ਝਗੜਾ ਨਹੀਂ ਕੀਤਾ, ਕਿਸੇ ਨੂੰ ਕਦੇ ਕੋਈ ਗਾਲ਼ ਨਹੀਂ ਕੱਢੀ? ਪਰ ਇਹ ਇਸ ਲਈ ਇਹ ਘਟੀਆ ਬੰਦਾ ਹੈ ਕਿ ਇਸਦੇ ਵਿਚਾਰ ਸਾਡੇ ਨਾਲੋਂ ਵੱਖਰੇ ਹਨ? ਜਦਕਿ ਅਜਿਹਾ ਪ੍ਰਚਾਰ ਕਰਨ ਵਾਲ਼ੇ ਲੋਕਾਂ ਦੇ ਉਪਰ ਦੱਸੇ ਔਗੁਣਾਂ ਵਾਲ਼ੇ ਲੋਕਾਂ ਨਾਲ਼ ਜਾਤੀ ਤੇ ਜਮਾਤੀ ਦੋਨੋਂ ਸਬੰਧ ਹਨ।

ਪਿਛਲੇ ਸਮੇਂ ਵਿੱਚ ਅਸੀਂ ਦੇਖਦੇ ਰਹੇ ਹਾਂ ਜਾਂ ਪਿਛਲਾ ਇਤਿਹਾਸ ਗਵਾਹ ਹੈ ਕਿ ਕਿਸ ਤਰ੍ਹਾਂ ਮੌਕੇ ਦੀਆਂ ਹਕੂਮਤਾਂ ਲੋਕਾਂ ਨੂੰ ਧਰਮ, ਜਾਤ, ਕੌਮ, ਮਜ਼ਹਬ, ਇਲਾਕੇ ਆਦਿ ਦੇ ਨਾਮ ਤੇ ਲੜਾਉਂਦੀਆਂ ਰਹੀਆਂ ਹਨ। ਜਿਹੜੇ ਲੋਕ 100 ਸਾਲ ਅੰਗਰੇਜਾਂ ਖਿਲਾਫ ਧਰਮਾਂ, ਕੌਮਾਂ, ਜਾਤਾਂ ਤੋਂ ਉਪਰ ਉਠ ਕੇ ਦੇਸ਼ ਦੀ ਅਜਾਦੀ ਲਈ ਲੜਦੇ ਰਹੇ, ਕਿਵੇਂ ਅੰਗਰੇਜਾਂ ਜਾਂ ਦੇਸੀ ਲੀਡਰਾਂ ਦੀ ਚਾਲ ਵਿੱਚ ਫਸ ਕੇ 1947 ਵਿੱਚ ਕਤਲੇਆਮ ਲਈ ਉਤਾਰੂ ਹੋ ਗਏ, ਜਿਸ ਵਿੱਚ 2 ਮਿਲੀਅਨ ਵਿਅਕਤੀ ਅਸੀਂ ਆਪ ਹੀ ਬਿਨਾਂ ਫੌਜਾਂ ਤੋਂ ਧਰਮ ਜਾਂ ਦੇਸ਼ ਦੇ ਨਾਮ ਤੇ ਕਤਲ ਕਰ ਦਿੱਤਾ? ਇਸੇ ਤਰ੍ਹਾਂ 84 ਵਿੱਚ ਕਿਵੇਂ ਸਿੱਖਾਂ ਦਾ ਕਤਲੇਆਮ ਹੋਇਆ? 1978 ਤੋਂ 1995 ਤੱਕ ਕਿਵੇਂ ਪੰਜਾਬ ਵਿੱਚ ਕਤਲੇਆਮ ਹੋਇਆ? ਅੱਜ ਦੁਨੀਆਂ ਭਰ ਵਿੱਚ ਕਨੂੰਨੀ ਤੌਰ ਤੇ ਹਰ ਇੱਕ ਵਿਅਕਤੀ ਨੂੰ ਆਪਣਾ ਧਰਮ, ਭਾਸ਼ਾ, ਸਭਿਆਚਾਰ ਮੰਨਣ, ਉਸਦਾ ਪ੍ਰਚਾਰ ਕਰਨ ਦਾ ਹੱਕ ਹੈ, ਫਿਰ ਝਗੜਾ ਕਿਸ ਗੱਲ ਹੈ? ਫਿਰ ਅਸੀਂ ਕਿਉਂ ਦੂਜੇ ਦੀ ਅਜਾਦੀ ਵਿੱਚ ਦਖਲ ਦਿੰਦੇ ਹਾਂ? ਕਿਉਂ ਦੂਜੇ ਨੂੰ ਬੋਲਣ, ਲਿਖਣ, ਪੜ੍ਹਨ, ਮੰਨਣ, ਵਿਚਰਨ ਦੀ ਅਜ਼ਾਦੀ ਨਹੀਂ ਦੇਣਾ ਚਾਹੁੰਦੇ, ਜਦਕਿ ਆਪਣੇ ਲਈ ਉਹ ਸਭ ਕੁਝ ਚਾਹੁੰਦੇ ਹਾਂ?

ਸਾਨੂੰ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਮਸਲਾ ਜਾਂ ਘਟਨਾ ਸਦੀਵੀ ਨਾ ਕਦੇ ਹੋਈ ਹੈ ਤੇ ਨਾ ਹੋਵੇਗੀ, ਪਰ ਅਸੀਂ ਜਿਥੇ ਰਹਿੰਦੇ ਹਾਂ, ਉਸੇ ਭਾਈਚਾਰੇ ਵਿੱਚ, ਉਨ੍ਹਾਂ ਲੋਕਾਂ ਵਿੱਚ ਹੀ ਰਹਿਣਾ ਹੈ, ਉਨ੍ਹਾਂ ਨਾਲ਼ ਹੀ ਮਿਲਣਾ ਵਰਤਣਾ ਹੈ, ਉਨ੍ਹਾਂ ਨਾਲ਼ ਹੀ ਕਾਰ-ਵਿਹਾਰ ਕਰਨਾ ਹੈ, ਉਨ੍ਹਾਂ ਨਾਲ਼ ਹੀ ਸਾਡੇ ਦੁੱਖ-ਸੁੱਖ ਰਹਿਣੇ ਹਨ, ਸਾਨੂੰ ਅਜਿਹਾ ਕੁਝ ਵੀ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ, ਜਿਸ ਨਾਲ਼ ਸਾਨੂੰ ਬਾਅਦ ਵਿੱਚ ਆਪਣੇ ਕਹੇ ਜਾਂ ਕੁਝ ਕੀਤੇ ਤੇ ਨਾਮੋਸ਼ੀ ਨਾ ਸਹਿਣੀ ਪਵੇ।ਸਾਨੂੰ ਆਪਣੀ ਗੱਲ ਕਹਿਣ ਜਾਂ ਆਪਣੀ ਵਿਚਾਰਧਾਰਾ ਅਨੁਸਾਰ ਕੁਝ ਵੀ ਮੰਨਣ ਜਾਂ ਨਾ ਮੰਨਣ ਦਾ ਪੂਰਾ ਹੱਕ ਹੈ, ਪਰ ਕਿਸੇ ਨੂੰ ਵਿਚਾਰਧਾਰਕ ਮੱਤਭੇਦ ਹੋਣ ਕਰਕੇ ਅਪਮਾਨਿਤ ਕਰਨ ਜਾਂ ਸਰੀਰਕ ਹਮਲਾ ਕਰਨ ਜਾਂ ਝੂਠੇ ਇਲਜਾਮ ਲਗਾ ਕੇ ਬਦਨਾਮ ਕਰਨ ਦਾ ਕੋਈ ਹੱਕ ਨਹੀਂ? ਸਾਨੂੰ ਇਨ੍ਹਾਂ ਮਸਲਿਆਂ, ਸਮੱਸਿਆਵਾਂ, ਮੋਰਚਿਆਂ, ਸੰਘਰਸ਼ਾਂ ਵਿੱਚ ਕਦੇ ਵੀ ਨਾ ਮਨੁੱਖਤਾ (ਹੁਮੈਨਿਟੀ) ਗੁਆਉਣੀ ਚਾਹੀਦੀ ਤੇ ਨਾ ਹੀ ਭਾਈਚਾਰਕ ਸਾਂਝ ਖਰਾਬ ਕਰਨੀ ਚਾਹੀਦੀ ਹੈ। ਕੋਈ ਵੀ ਮਸਲਾ ਜਾਂ ਵਿਚਾਰਧਾਰਾ ਮਨੁੱਖਤਾ ਤੋਂ ਉਪਰ ਨਹੀਂ ਹੈ। ਮੇਰੀ ਕਮਿਉਨਿਟੀ ਦੇ ਸੂਝਵਾਨ, ਲੋਕ ਪੱਖੀ ਵਿਅਕਤੀਆਂ, ਸੰਸਥਾਵਾਂ, ਮੀਡੀਆ ਨੂੰ ਅਪੀਲ ਹੈ ਕਿ ਉਹ ਲੋਕਾਂ ਨੂੰ ਅਜਿਹੇ ਮੌਕਿਆਂ ਤੇ ਸਹੀ ਸੇਧ ਦੇਣ ਲਈ ਆਪਣਾ ਬਣਦਾ ਰੋਲ ਅਦਾ ਕਰਨ, ਨਾ ਕਿ ਉਹ ਵੀ ਸਮੇਂ ਦੇ ਵਹਾਅ ਵਿੱਚ ਭੀੜ ਦੀ ਮਾਨਸਕਿਤਾ ਜਾਂ ਸਹਿਮ ਦਾ ਸ਼ਿਕਾਰ ਹੋ ਕੇ ਹਾਲਾਤਾਂ ਨੂੰ ਹੋਰ ਖਰਾਬ ਕਰਨ। ਲੋਕ ਵਿਰੋਧੀ ਹਾਕਮਾਂ, ਸਰਮਾਏਦਾਰਾਂ, ਘੜੰਮ ਚੌਧਰੀਆਂ ਦਾ ਹਰ ਜਗ੍ਹਾ ਇਹ ਕੰਮ ਹੁੰਦਾ ਹੈ ਕਿ ਉਹ ਲੋਕ ਲਹਿਰਾਂ ਨੂੰ ਜਾਂ ਲੋਕ ਮਸਲਿਆਂ ਲਈ ਲੜਦੇ ਲੋਕਾਂ ਨੂੰ ਧਰਮ, ਜਾਤ, ਕੌਮ, ਫਿਰਕੇ ਆਦਿ ਦੇ ਨਾਮ ਤੇ ਵੰਡ ਕੇ ਆਪਣੀ ਸੌੜੀ ਤੇ ਖੁਦਗਰਜ ਰਾਜਨੀਤੀ ਚਲਾਉਣ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਹੱਕਾਂ ਤੇ ਫਰਜਾਂ ਲਈ ਮਨੁੱਖਤਾ ਦੇ ਪੱਖ ਤੋਂ ਇਕੱਠੇ ਹੋ ਕੇ ਲੜੀਏ। ਇਸ ਵੇਲੇ ਕਿਸਾਨੀ ਸੰਘਰਸ਼ ਵਿੱਚ ਕਿਸਾਨ, ਮਜਦੂਰ, ਮੁਲਾਜਮ ਜਾਂ ਹਰ ਵਰਗ, ਹਰ ਧਰਮ, ਹਰ ਫਿਰਕੇ, ਹਰ ਇਲਾਕੇ ਦੇ ਵਿਅਕਤੀ, ਲੋਕ ਵਿਰੋਧੀ ਹਾਕਮਾਂ ਵਿਰੁੱਧ ਲੜ ਰਹੇ ਹਨ, ਸਾਨੂੰ ਲੋਕਾਂ ਦਾ ਏਕਾ ਇਸੇ ਤਰ੍ਹਾਂ ਕਾਇਮ ਰੱਖਣਾ ਚਾਹੀਦਾ ਹੈ। ਸਰਕਾਰਾਂ ਸੰਘਰਸ਼ਕਾਰੀਆਂ ਨੂੰ ਪਾੜਨ ਲਈ ਆਪਣੀਆਂ ਚਾਲਾਂ ਚੱਲ ਰਹੀਆਂ ਹਨ, ਆਪਣੀ ਘੁਸਪੈਠ ਵੀ ਕਰ ਰਹੀਆਂ ਹਨ, ਆਪਣੇ ਮੀਡੀਆ ਸਾਧਨਾਂ ਰਾਹੀਂ ਬਦਨਾਮ ਵੀ ਕਰ ਰਹੀਆਂ ਹਨ, ਉਹ ਇਸ ਵਿੱਚ ਹਿੰਸਕ ਤੇ ਸਮਾਜ ਵਿਰੋਧੀ ਤੱਤ ਵੀ ਵਾੜ ਸਕਦੀਆਂ ਹਨ, ਜੇ ਲੋਕ ਇਕੱਠੇ ਰਹਿਣਗੇ ਤਾਂ ਕੁਝ ਪ੍ਰਾਪਤੀ ਹੋ ਸਕਦੀ ਹੈ, ਪਰ ਜੇ ਪਹਿਲੇ ਸੰਘਰਸ਼ਾਂ ਵਾਂਗ ਸਰਕਾਰ ਲੋਕਾਂ ਨੂੰ ਪਾੜਨ ਵਿੱਚ ਸਫਲ ਹੋ ਗਈ ਤਾਂ ਨਾ ਸਿਰਫ ਮੋਰਚਾ ਫੇਲ੍ਹ ਹੋਵੇਗਾ, ਸਗੋਂ ਸਰਕਾਰਾਂ ਨੂੰ ਲੋਕਾਂ ਨੂੰ ਲੁੱਟਣ-ਕੁੱਟਣ ਜਾਂ ਝੂਠੇ ਕੇਸਾਂ ਵਿੱਚ ਫਸਾਉਣ ਦਾ ਮੌਕਾ ਮਿਲੇਗਾ। ਪਿਛਲੇ ਸੰਘਰਸ਼ਾਂ ਦੇ ਮੁਕਾਬਲੇ ਇਸ ਵਾਰ ਵੱਖਰੀ ਗੱਲ ਇਹ ਹੈ ਕਿ ਸੰਘਰਸ਼ ਚਲਾਉਣ ਵਾਲੀਆਂ ਜਥੇਬੰਦੀਆਂ ਉਹ ਹਨ, ਜੋ ਕਈ ਦਹਾਕਿਆਂ ਤੋਂ ਕਿਸਾਨ ਹੱਕਾਂ ਲਈ ਲੜਦੀਆਂ ਰਹੀਆਂ ਹਨ, ਉਨ੍ਹਾਂ ਕੋਲ਼ ਸੰਘਰਸ਼ਾਂ ਦਾ ਲੰਬਾ ਤਜ਼ੁਰਬਾ ਹੈ। ਉਨ੍ਹਾਂ ਦੀ ਪਿਛਲੇ 3 ਮਹੀਨਿਆਂ ਤੋਂ ਸੰਘਰਸ਼ ਤੇ ਪੂਰੀ ਪਕੜ ਹੈ ਤੇ ਉਨ੍ਹਾਂ ਨੇ ਰਵਾਇਤੀ ਰਾਜ ਕਰਨ ਵਾਲੀਆਂ ਪਾਰਟੀਆਂ ਨੂੰ ਪੂਰੀ ਤਰ੍ਹਾਂ ਨਕਾਰ ਕੇ ਸੰਘਰਸ਼ ਵਿੱਚ ਘੁਸਪੈਠ ਨਹੀਂ ਕਰਨ ਦਿੱਤੀ, ਇਸੇ ਤਰ੍ਹਾਂ ਪੰਜਾਬ ਵਿਚਲੇ ਸੰਘਰਸ਼ਾਂ ਵਿੱਚ ਧਾਰਮਿਕ ਜਥੇਬੰਦੀਆਂ ਹਰ ਸੰਘਰਸ਼ ਵਿੱਚ ਘੁਸਪੈਠ ਕਰਕੇ ਇਸਨੂੰ ਧਾਰਮਿਕ ਮੁੱਦਾ ਬਣਾ ਦਿੰਦੀਆਂ ਰਹੀਆਂ ਹਨ, ਜੋ ਕਿ ਇਸ ਵਾਰ ਕਿਸਾਨ ਜਥੇਬੰਦੀਆਂ ਨੇ ਬਣਨ ਨਹੀਂ ਦਿੱਤਾ, ਜਿਸਦਾ ਨਤੀਜਾ ਸਭ ਦੇ ਸਾਹਮਣੇ ਹੈ ਕਿ ਪੰਜਾਬ ਤੋਂ ਸ਼ੁਰੂ ਹੋਇਆ ਸੰਘਰਸ਼ ਹਰਿਆਣੇ ਤੋਂ ਬਾਅਦ ਹੁਣ ਪੂਰੇ ਭਾਰਤ ਦੇ ਕਿਸਾਨਾਂ ਦਾ ਹੀ ਨਹੀਂ ਸਗੋਂ ਸਾਰੇ ਵਰਗਾਂ ਦੇ ਲੋਕਾਂ ਦਾ ਸੰਘਰਸ਼ ਬਣਦਾ ਜਾ ਰਿਹਾ ਹੈ। ਇਸ ਸੰਘਰਸ਼ ਵਿੱਚ ਹੋਰ ਕੋਈ ਪ੍ਰਾਪਤੀ ਜੇ ਨਾ ਵੀ ਹੋਵੇ ਤਾਂ ਇਹ ਵੀ ਵੱਡੀ ਪ੍ਰਾਪਤੀ ਹੋਵੇਗੀ ਕਿ ਲੋਕ ਆਪਣੇ ਹੱਕਾਂ ਲਈ ਜਾਤ, ਧਰਮ, ਕੌਮ, ਇਲਾਕੇ ਤੋਂ ਉਪਰ ਉਠ ਇੱਕ ਪਲੈਟਫਾਰਮ ਤੋਂ ਲੜ ਰਹੇ ਹਨ। ਅਸੀਂ ਇੰਡੀਆ ਵਿੱਚ 'ਗੋਦੀ ਮੀਡੀਆ' ਦੀ ਗੱਲ ਕਰਦੇ ਹਾਂ, ਇਥੇ ਵੀ ਬਥੇਰਾ 'ਗੋਦੀ ਮੀਡੀਆ' ਜਾਂ 'ਘਨੇੜੀ ਚੜ੍ਹਿਆ ਮੀਡੀਆ' ਹੈ। ਸਾਨੂੰ ਸਭ ਜਗ੍ਹਾ ਸੁਚੇਤ ਹੋਣ ਦੀ ਲੋੜ ਹੈ। ਜੇ ਕੋਈ ਵੱਖਰੇ ਵਿਚਾਰ ਰੱਖਦਾ ਹੈ, ਉਸਨੂੰ ਵੀ ਆਪਣੇ ਵਿਚਾਰ ਰੱਖਣ ਦਾ ਹੱਕ ਦਿਉ? ਜੇ ਤੁਸੀਂ ਕਿਸੇ ਨੂੰ ਜਵਾਬ ਦੇਣਾ ਹੀ ਹੈ ਤਾਂ ਸਭਿਅਕ ਭਾਸ਼ਾ ਵਿੱਚ ਤੱਥਾਂ ਅਧਾਰਿਤ ਜਵਾਬ ਦਿਉ। ਮੇਰਾ ਇਹ ਮੰਨਣਾ ਹੈ ਕਿ ਕੋਈ ਕਿਸੇ ਦੇ ਸਮਝਾਏ ਕਦੇ ਨਹੀਂ ਸਮਝਦਾ, ਤੁਸੀਂ ਦੂਜੇ ਨੂੰ ਆਪਣਾ ਨਜ਼ਰੀਆ ਦੱਸ ਸਕਦੇ ਹੋ, ਜੇ ਅਗਲਾ ਸਮਝਣਾ ਚਾਹੁੰਦਾ ਹੋਵੇਗਾ ਜਾਂ ਤੁਹਾਡੀ ਗੱਲ ਉਸਨੂੰ ਤਰਕ, ਦਲੀਲ ਅਧਾਰਿਤ ਜਾਂ ਆਪਣੇ ਹਿੱਤਾਂ ਜਾਂ ਸਮਝ ਅਨੁਸਾਰ ਸਹੀ ਲੱਗੇਗੀ ਤਾਂ ਉਹ ਤੁਹਾਡੇ ਨਾਲ਼ ਸਹਿਮਤ ਹੋ ਜਾਵੇਗਾ, ਜੇ ਨਹੀਂ ਹੁੰਦਾ ਤਾਂ ਉਸਨੂੰ ਉਸਦਾ ਕੰਮ ਕਰਨ ਦਿਉ, ਤੁਸੀਂ ਜੋ ਤੁਹਾਨੂੰ ਠੀਕ ਲਗਦਾ ਹੈ, ਕਰੋ?

# ਬਾਰਡਰਾਂ ਨੂੰ ਜਾਂਦਾ ਰਾਹ ਕਿਵੇਂ ਭੁੱਲੀਏ ਨੀ ਮੇਰੇ ਸਮਿਆਂ ਦੀਏ ਸਰਕਾਰੇ

**- ਪਾਸ ਔਜਲਾ**

ਸੰਨ 2020 ਸ਼ਹਾਦਤਾਂ ਦੀ ਧਰਤੀ ਪੰਜਾਬ ਦੇ ਵੱਖ ਵੱਖ ਥਾਵਾਂ ਤੇ ਲੱਗੇ ਮੋਰਚਿਆਂ ਤੋਂ ਚੱਲਿਆ ਕਾਫਲਾ ਅੱਜ ਇਕ ਬਹੁਤ ਵੱਡਾ ਭਾਰਤੀ ਲੋਕ ਅੰਦੋਲਨ ਦਾ ਰੂਪ ਧਾਰਨ ਕਰ ਗਿਆ ।

ਭਾਰਤੀ ਸੂਬਿਆਂ ਦਾ ਜਨਤਕ ਤੂਫ਼ਾਨ ਜਥੇਬੰਦ ਹੁੰਦਾ ਹੋਇਆ ਦਿੱਲੀ ਵੱਲ ਨੂੰ ਵਹੀਰਾਂ ਘੱਤ ਰਿਹਾ ਹੈ। ਪੰਜਾਬ ਹਰਿਆਣਾ ਰਾਜਸਥਾਨ ਯੂਪੀ ਕਰਨਾਟਕਾ ਕੇਰਲਾ ਉੱਤਰਾਖੰਡ ਤਾਮਿਲ ਨਾਡੂ ਮੱਧ ਪ੍ਰਦੇਸ਼ ਦੇ ਇਨਸਾਫ਼ ਪਸੰਦ ਲੋਕ ਪੂਰੀ ਤਿਆਰੀ ਨਾਲ ਟਰੈਕਟਰ ਟਰਾਲੀਆਂ ਬੱਸਾਂ ਰੇਲਾਂ ਰਾਹੀਂ ਜਿਵੇਂ ਵੀ ਜਿਸ ਹਾਲ 'ਚ ਵੀ ਜਿਵੇਂ ਵੀ ਬੱਸ ਚੱਲ ਪਏ ਨੇ ਤੇ ਆਪਣੀ ਪੂਰੀ ਰਫ਼ਤਾਰ ਦੇ ਨਾਲ ਅੱਗੇ ਵਧ ਰਹੇ ਹਨ ਅੰਦੋਲਨ ਹੋਰ ਤਿੱਖਾ ਤੇ ਹੋਰ ਉੱਪਰਲੇ ਮੁਕਾਮ ਤੇ ਪਹੁੰਚਾਉਣ ਲਈ ਲੋਕ ਲਾਮਬੰਦ ਹੋ ਰਹੇ ਨੇ ਕਿਸਾਨ ਫੋਰਸ ਆਪਣੇ ਪੂਰੇ ਜੋਬਨ ਤੇ ਆਪਣੀ ਪੂਰੀ ਤਾਕਤ ਨਾਲ ਕੇਂਦਰ ਸਰਕਾਰ ਤੇ ਸਰਮਾਏਦਾਰਾਂ ਨਾਲ ਟੱਕਰ ਲੈ ਰਹੀ ਹੈ। ਭਾਰਤ ਦੇ ਲੋਕ ਜਗਮਗਾਉਂਦੇ ਦੀਵੇ ਵਾਂਗ ਵਗਦੇ ਜਜ਼ਬਾਤਾਂ ਦੇ ਦਰਿਆ ਤੇ ਭਾਵਨਾਵਾਂ ਅਤੇ ਪੂਰੇ ਵਿਸਵਾਸ਼ ਨਾਲ ਅੱਖਾਂ 'ਚ ਵੱਖਰੀ ਚਮਕ ਜਿਵੇਂ ਕਿਸੇ ਵੱਡੀ ਨਹਿਰ ਦੇ ਪਾਣੀ ਵਾਂਗ ਵਗਦੇ ਆ ਰਹੇ ਨੇ। ਉਧਰ ਪੰਜਾਬ 'ਚ ਬੀਜੇਪੀ ਦੇ ਅਣਸਮਝ ਭਗਤ ਤੇ ਰੂੜੀਵਾਦੀ ਕਿਸਮ ਦੇ ਮੋਦੀ ਦੇ ਗੁਲਾਮਾਂ ਦੇ ਘਰਾਂ ਦਾ ਘਿਰਾਓ ਲਗਾਤਾਰ ਚੱਲ ਰਿਹੈ। ਪੰਜਾਬ ਨੂੰ ਟੋਲ ਫਰੀ ਹੋਏ ਨੂੰ ਇਕ ਮਹੀਨੇ ਤੋਂ ਉੱਪਰ ਦਾ ਸਮਾਂ ਹੋ ਗਿਆ। ਲੋਕ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੁੰਦੇ ਹੋਏ ਸੰਘਰਸ਼ਾਂ 'ਚ ਹਿੱਸਾ ਲੈ ਰਹੇ ਹਨ। ਮੋਦੀ ਸਰਕਾਰ ਏਹ ਦੇਖ ਕੇ ਬੇਚੈਨ ਹੈ। ਤਰਲੋ ਮੱਛੀ ਹੋਈ ਪਈ ਹੈ। ਘਬਰਾਹਟ ਮਹਿਸੂਸ ਕਰ ਰਹੀ ਹੈ।

ਸਰਕਾਰਾਂ ਨੂੰ ਟੋਲ ਗੇਟਾਂ ਦੇ ਉਦਘਾਟਨ ਲਈ ਬਹੁਤ ਜ਼ੋਰ ਲਾਉਣਾ ਪਵੇਗਾ ਕਿਉਂਕਿ ਲੋਕ ਤਿਆਰ ਨਹੀਂ ਲੋਕਾਂ 'ਚ ਸਰਕਾਰ ਨੂੰ ਲੈ ਕੇ ਗੁੱਸਾ ਜੋਸ਼ ਨਫ਼ਰਤ ਹੈ। ਹਾਲ ਤਾਂ ਇਹ ਹੈ ਕਿ ਲੋਕ ਹੁਣ ਮੋਦੀ ਸਰਕਾਰ ਨੂੰ ਗੱਦੀਓਂ ਲਾਹ ਦੇਣਾ ਚਾਹੁੰਦੇ ਨੇ ਵੋਟਾਂ ਪਾਉਣ ਬਾਰੇ ਵੀ ਪੰਜਾਬ 'ਚ ਲੋਕਾਂ ਦੀ ਇਹ ਸਲਾਹ ਵੀ ਬਣ ਰਹੀ ਹੈ ਕਿ ਵੋਟਾਂ ਦਾ ਮੁਕੰਮਲ ਬਾਈਕਾਟ ਦੀਆਂ ਗੱਲਾਂ ਵੀ ਵਿੱਚ ਵਿੱਚ ਚੱਲ ਰਹੀਆਂ ਹਨ ਪੰਜਾਬ ਦੇ ਲੋਕਾਂ ਦੇ ਹੌਸਲੇ ਬੁਲੰਦ ਹੋਏ ਨੇ ਮਨਾਂ ਤੇ ਜੰਮੀਆਂ ਪਰਤਾਂ ਨੂੰ ਸੰਘਰਸ਼ਾਂ ਦੇ ਦੌਰ ਨੇ ਲਾਹ ਦਿੱਤਾ ਬਹੁਤ ਹਿੱਸਾ ਦੱਬਿਆ ਹੋਇਆ ਆਰਥਿਕ ਪੱਖੋਂ ਸਮਾਜਿਕ ਤੇ ਮਾਨਸਿਕ ਪੱਖੋਂ ਇਸ ਅੰਦੋਲਨ ਨੇ ਉਨ੍ਹਾਂ ਲੋਕਾਂ ਲਈ ਬਹੁਤ ਨਵੇਂ ਰਾਹ ਖੋਲ੍ਹ ਦਿੱਤੇ ਤੇ ਹੋਰ ਦਰਵਾਜ਼ੇ ਖੋਲ੍ਹਣ ਦੇ ਆਸਾਰ ਵੀ ਬਣ ਰਹੇ ਹਨ। ਪੰਜਾਬ ਤੇ ਹੋਰ ਸੂਬਿਆਂ ਦੇ ਲੋਕਾਂ ਨੂੰ ਨਵੀਆਂ ਕਿਰਨਾਂ ਬਹੁਤ ਸਮੇਂ ਬਾਅਦ ਦੇਖਣ ਨੂੰ ਮਿਲੀਆਂ ਪਿਛਲੇ ਲੰਮੇ ਅਰਸੇ ਤੋਂ ਭਾਰਤ 'ਚ ਮਜ਼ਦੂਰਾਂ ਕਿਸਾਨਾਂ ਖੇਤ ਮਜ਼ਦੂਰਾਂ ਤੇ ਲੰਮੇ ਘੰਟੇ ਲਗਾਤਾਰ ਕੰਮ ਕਰਦੇ ਰਹਿਣਾ ਲੰਮੀਆਂ ਉਦਾਸੀਆਂ ਚੁੱਪਾਂ। ਸਾਮਰਾਜਵਾਦ ਦਾ ਸਿੱਧਾ ਹਮਲਾ ਮਜ਼ਦੂਰ ਜਮਾਤ ਤੇ ਹੁੰਦਾ ਰਿਹਾ ਤੇ ਭਾਰਤ ਦੇ ਮਜ਼ਦੂਰ ਕਿਸਾਨ ਇਨ੍ਹਾਂ ਚੱਕੀਆਂ ਘਰਾਟਾਂ ਚ ਪਿਸਦੇ ਰਹੇ। ਸੰਘਰਸ਼ਾਂ ਦਾ ਦੌਰ ਵੀ ਬਹੁਤ ਪੁਰਾਣਾ ਹੈ। ਸਭ ਦੱਬੇ ਕੁਚਲੇ ਲਿਤਾੜੇ ਹੋਏ ਲੋਕ ਜਥੇਬੰਦ ਹੋ ਕੇ ਘੋਲ ਲੜ ਰਹੇ ਨੇ ਤੇ ਅੰਦਰਲੇ ਬਾਗੀ ਸੁਰ ਬਗ਼ਾਵਤਾਂ ਦਾ ਰੂਪ ਲੈਂਦਿਆਂ ਤਿਆਰ ਬਰ ਤਿਆਰ ਕੜੀ ਨਾਲ ਕੜੀ ਜੋੜਦੇ ਹੋਏ ਲੜਦੇ ਆ ਰਹੇ ਨੇ।

ਅੱਜ ਸਮਾਜ ਦੇ ਵਿੱਚ ਜਾਤਾਂ ਪਾਤਾਂ ਧਾਰਮਿਕ ਕੱਟੜਤਾ ਸਾਹ ਤਾਂ ਲੈ ਰਹੀ ਹੈ। ਪਰ ਅੱਜ ਲੋਕਾਂ ਨੇ ਏਹ ਸਾਰੇ ਸੰਗਲ ਤੋੜ ਦਿੱਤੇ। ਸੰਘਰਸ਼ਾਂ ਦੀ ਜੋਤ ਨੇ ਏਸ ਹਨ੍ਹੇਰੇ ਨੂੰ ਪਿਛਾਂਹ ਧੱਕ ਮਾਰਿਆ ਇਨ੍ਹਾਂ ਸਾਰੀਆਂ ਧਿਰਾਂ ਨੂੰ ਇੱਕੋ ਇੱਕ ਸੰਜੀਦਾ ਰਾਹ ਸੰਘਰਸ਼ਾਂ ਦਾ ਪਰ ਅੱਜ ਲੋਕ ਜਾਣਗੇ ਕਿ ਉਨ੍ਹਾਂ ਦਾ ਟੀਚਾ ਕੀ ਹੈ? ਲੋਕ ਸਿਆਸੀ ਰਾਜਨੀਤੀ ਸਮਝ ਰਹੇ ਨੇ। ਕਿ ਜੋ ਗੱਲ ਸਹੀ ਹੈ ਉਹ ਸਹੀ ਹੈ ਚਾਹੇ ਉਸ ਨੂੰ ਜਿੰਨਾ ਮਰਜ਼ੀ ਝੂਠ ਫਰੇਬ ਨਾਲ ਪਾਸੇ ਕੀਤਾ ਜਾ ਰਿਹਾ ਪਰ ਸੱਚ ਤੇ ਸਹੀ ਗੱਲ ਹਮੇਸ਼ਾ ਹੀ ਉੱਪਰ ਰਹਿੰਦੀ ਹੈ। ਲੋਕਾਂ ਦੀ ਆਵਾਜ਼ ਹੈ ਕਿ ਟਿਕਰੀ ਬਾਰਡਰ ਤੇ ਹੋਰ ਸਿੰਘੂ ਬਾਰਡਰ ਦੇ ਨਾਲ ਲੱਗਦੇ ਜਿੰਨੀਆਂ ਵੀ ਥਾਵਾਂ ਤੇ ਲੋਕਾਂ ਦੀਆਂ ਲੰਮੀਆਂ ਕਤਾਰਾਂ ਨੇ।

ਨੌਜਵਾਨ ਮੁੰਡਿਆਂ ਕੁੜੀਆਂ ਨੇ ਵਕਤ ਦੀ ਕਮਾਨ ਸੰਭਾਲੀ ਤੇ ਜ਼ਾਬਤੇ 'ਚ ਰਹਿੰਦੇ ਹੋਏ ਦੇਰ ਰਾਤ ਗਤੀਵਿਧੀਆਂ ਕਰ ਰਹੇ ਛੋਟੇ - ਵੱਡੇ ਕੰਮ ਸਾਰਿਆਂ ਚ ਹਿੱਸਾ ਪਾ ਰਹੇ ਨੇ

ਗੀਤਾਂ ਸੰਗੀਤਾਂ ਦੀਆਂ ਟੋਲੀਆਂ ਨਾਟਕਾਂ ਦੀਆਂ ਰਾਤਾਂ ਕਲਾਕਾਰਾਂ ਦੇ ਬਦਲੇ ਗੀਤਾਂ ਦੇ ਵਿਸ਼ੇ ਇਹ ਸਾਰਾ ਕੁਝ ਲੋਕ ਤਾਕਤ ਦਾ ਇੱਕ ਸਹੀ ਦਿਸ਼ਾ ਵੱਲ ਜਾਂਦੇ ਕਦਮਾਂ ਤੇ ਪੁੱਟੀ ਸਹੀ ਪੁਲਾਂਘ ਨਾਲ ਕਰਵਟ ਲੈ ਗਿਆ।

ਗੀਤਾਂ ਸੰਗੀਤਾਂ ਦੇ ਸੁਰ ਤਾਲ ਤੇ ਲੈਅ ਬਦਲੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਦਲੀਆਂ ਪੱਤਰਕਾਰਾਂ ਦੇ ਸਵਾਲ ਬਦਲੇ ਇਹ ਸਾਰਾ ਬਦਲਾਅ ਲੋਕ ਤੂਫਾਨ/ਲੋਕ ਅੰਦੋਲਨ ਲੋਕ ਤਾਕਤ ਦਾ ਇੱਕਸੁਰ ਹੋ ਜਾਣਾ ਬਹੁਤ ਸਮੇਂ ਬਾਅਦ ਹੋਇਆ ਤੇ ਲੋਕ ਏਸ ਕਰਵਟ ਨੂੰ ਬਹੁਤ ਗੌਰ ਨਾਲ ਦੇਖ ਰਹੇ ਨੇ ਸ਼ਾਮਿਲ ਹੋ ਰਹੇ ਨੇ ਬਦਲ ਰਹੇ ਸੱਭਿਆਚਾਰ ਤੇ ਹੋ ਰਹੇ ਸੱਭਿਆਚਾਰਕ ਬਦਲਾਅ ਬਦਲੀਆਂ ਲੋਕ ਅਵਾਜ਼ਾਂ ਸਿਰਫ ਤੇ ਸਿਰਫ ਲੋਕ ਅੰਦੋਲਨ ਸੰਘਰਸ਼ ਜਥੇਬੰਦਕ ਤਾਕਤ ਕਾਰਣ ਨਾਲ ਹੀ ਹੋਇਆ ਤੇ ਆਉਣ ਵਾਲੇ ਸਮੇਂ 'ਚ ਵੀ ਸਾਰਿਆਂ ਨੂੰ ਚੰਗੀਆਂ ਆਸਾਂ ਹਨ।

ਕਿਸਾਨ ਸੰਘਰਸ਼ ਹਮਾਇਤ ਕਮੇਟੀ ਤਕਰੀਬਨ ਹਰ ਪਿੰਡ 'ਚ ਬਣ ਰਹੀ ਹੈ ਹੋਰ ਸੂਬਿਆਂ ਜਿਵੇਂ ਕਰਨਾਟਕ ਕੇਰਲ ਯੂ ਪੀ ਮੱਧ ਪ੍ਰਦੇਸ਼ ਦੇ ਮਜ਼ਦੂਰ ਕਿਸਾਨ ਸੰਗਠਨ ਆਪਣੀ ਪੂਰੀ ਤਿਆਰੀ ਨਾਲ ਦਿੱਲੀ ਵੱਲ ਨੂੰ ਆ ਰਹੇ ਨੇ। ਭਾਰਤ ਦੀ ਧਰਤੀ ਤੇ ਅਨੇਕਾਂ ਕਿਸਮ ਦੇ ਫੁੱਲ ਖਿੜ ਪਏ ਨੇ ਲਾਲ ਪੀਲੇ ਸੁਨਹਿਰੀ ਮੋਤੀਏ ਔਰਤਾਂ ਦੇ ਵੱਡੇ ਕਾਫ਼ਲੇ ਪੰਜਾਬ ਤਾਂ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ਾਂ ਦੀ ਕਸਰਤ ਕਰਦਾ ਰਿਹਾ ਤੇ ਮੂਹਰੇ ਹੋ ਅਗਵਾਈ ਕਰ ਰਿਹਾ। ਪੰਜਾਬ ਦੇ ਕਿਸਾਨ ਲੀਡਰਾਂ ਦਾ ਅੱਧੀ ਸਦੀ ਤੋਂ ਵੀ ਉੱਪਰ ਦਾ ਤਜਰਬਾ ਤੇ ਲਗਾਤਾਰਤਾ 'ਚ ਸਰਕਾਰ ਤੇ ਕਾਲੇ ਫਤਵਿਆਂ ਦਾ ਵਿਰੋਧ ਤੇ ਲੋਕਾਂ 'ਚ ਵਿਚਰਦਿਆਂ ਓਹਨਾਂ ਦੀ ਦਰਦ ਕਹਾਣੀ ਨੂੰ ਬਹੁਤ ਡੂੰਘਾਈ ਨਾਲ ਦੇਖਦਿਆਂ ਸਮਝਦਿਆਂ ਤੇ ਲੋਕਾਂ ਦੇ ਅਸਲ ਦੁਸ਼ਮਣ ਸਾਮਰਾਜਵਾਦ/ ਫਾਸਿਸਟਾਂ ਖਿਲਾਫ ਲੜਦੇ ਰਹੇ।

ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਅਸਲ ਜ਼ਿੰਦਗੀ ਦੀ ਸਹੀ ਪਹਿਚਾਣ ਵੱਲ ਨੂੰ ਤੁਰਨਾ ਇਹ ਸਾਰਾ ਕੁਝ ਲੋਕ ਘੋਲ ਦੀ ਰੋਸ਼ਨੀ ਚਾਨਣ ਤੋਂ ਅੱਖੀਂ ਡਿੱਠਾ ਲੋਕ ਅੰਦੋਲਨ 'ਚ ਦੇਖਿਆ ਜਾ ਸਕਦਾ ਹੈ।

ਉਹ ਸਰਕਾਰਾਂ ਨਾਲ ਕਿਵੇਂ ਟਾਕਰਾ ਕਰਨਾ ਸਰਕਾਰੀ ਪੈਂਤੜੇ ਦਾ ਮੋੜਵਾਂ ਜਵਾਬ ਕਿਸ ਰੂਪ ਚ ਦੇਣਾ ਜਾਂ ਫਿਰ ਇਸ ਤਰ੍ਹਾਂ ਦੀਆਂ ਬਹੁਤ ਗੱਲਾਂ ਪੰਜਾਬ ਦੀ ਜਵਾਨੀ ਨੂੰ ਉਨ੍ਹਾਂ ਤੇ ਕਿਸਾਨੀ ਲੀਡਰਾਂ ਦੀ ਬਹੁਤ ਚੰਗੀ ਅਗਵਾਈ ਮਿਲੀ ਤੇ ਅੱਜ ਨੌਜਵਾਨ ਲਾਮਬੰਦ ਹੋ ਕੇ ਕੰਮ ਕਰ ਰਹੇ ਨੇ ਲੋਕਾਂ ਨੂੰ ਆਪਣੇ ਅਸਲ ਕਿਸਾਨ ਲੀਡਰਾਂ ਦੀ ਚੰਗੀ ਅਗਵਾਈ ਮਿਲੀ ਹੈ।

ਇੰਨੇ ਲੰਮੇ ਸਮੇਂ ਤੋਂ ਦਬਾਏ ਹੋਏ ਲੋਕਾਂ ਦਾ ਗੁੱਸਾ ਬਾਹਰ ਆਉਣਾ ਵਾਜਬ ਤਾਂ ਬਣਦਾ ਹੀ ਸੀ। ਬਹੁਤ ਹੀ ਸ਼ਾਂਤਮਈ ਢੰਗ ਨਾਲ ਚੱਲ ਰਹੇ ਅੰਦੋਲਨ ਨੂੰ ਸੁਪਰੀਮ ਕੋਰਟ ਨੇ ਵੀ ਹਾਂ ਪੱਖੀ ਸੁਨੇਹਾ ਭੇਜਿਆ ਜੋ ਬਣਦਾ ਵੀ ਸੀ। ਇਸ ਲੋਕ ਅੰਦੋਲਨ 'ਚ ਲੋਕਾਂ ਦੀਆਂ ਬਹੁਤ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ ਗ਼ਰੀਬੀ ਭੁੱਖਮਰੀ ਕੁਪੋਸ਼ਣ ਕਰਜ਼ੇ ਅਸਲ 'ਚ ਲੋਕ ਇਨ੍ਹਾਂ ਸੰਗਲਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਨੇ ਉਮੀਦ ਕਰਦੇ ਹਾਂ ਕਿ ਲੋਕਾਂ ਨੂੰ ਇਨ੍ਹਾਂ ਬੀਮਾਰੀਆਂ ਤੋਂ ਮੁਕਤੀ ਮਿਲੇਗੀ ਪਰ ਇਹ ਗੱਲ ਲੋਕ ਜਾਣਦੇ ਨੇ ਕਿ ਲੜਨਾ ਸਰਕਾਰਾਂ ਨਾਲ ਭਿੜਕੇ ਸਿੱਧੀ ਗੱਲਬਾਤ ਕਰਕੇ ਹੀ ਕੁਝ ਹੱਲ ਨਿਕਲ ਸਕਦੇ ਹਨ ਬਾਦਲਾਂ ਤੇ ਰਾਜਿਆਂ ਮਹਾਰਾਜਿਆਂ ਨੇ ਲੋਕ ਗੰਨੇ ਵਾਲੀ ਘੁਲਾੜੀ ਵਿਚਦੀ ਕੱਢਦੇ ਹੁਣ ਤਪੇ ਹੋਏ ਜ਼ਖ਼ਮੀ ਲੋਕ ਆਪਣੇ ਹੱਕ ਲੈਣ ਲਈ ਆ ਪਹੁੰਚੇ ਨੇ ਬਰਫ਼ੀਲੀਆਂ ਸ਼ੀਤ ਠੰਢੀਆਂ ਸੜਕਾਂ ਤੇ ਪਿੰਡਾਂ ਦੇ ਪਿੰਡ ਉਠ ਖੜ੍ਹੇ ਹੋਏ। ਇਹ ਇਤਿਹਾਸਕ ਅੰਦੋਲਨ ਆਉਂਦੇਸਮੇਂ ਚ ਪ੍ਰੇਰਨਾ ਸਰੋਤ ਬਣੇਗਾ ਇਕ ਉਦਾਹਰਣ ਲੋਕ ਆਪਣੇ ਆਪ 'ਚ ਇਕ ਵੱਖਰੀ ਸਵੈ ਤਾਕਤ ਮਹਿਸੂਸ ਕਰਨਗੇ ਤੇ ਨਵੇਂ ਹੋਰ ਅੰਦੋਲਨਾਂ ਦੀ ਅਗਵਾਈ ਕਰਿਆ ਕਰਨਗੇ ਪੰਜਾਬ 'ਚ ਅੰਬਾਨੀ ਅਡਾਨੀ ਤੇ ਹੋਰ ਵਿਦੇਸ਼ੀ ਕੰਪਨੀਆਂ ਸਰਮਾਏਦਾਰਾਂ ਦੇ ਸਾਮਾਨ ਦਾ ਬਾਈਕਾਟ ਵੱਲ ਨੂੰ ਵੀ ਬਹੁਤ ਜ਼ੋਰ ਨਾਲ ਗੱਲ ਵਧ ਰਹੀ ਹੈ ਉਨ੍ਹਾਂ ਦੀਆਂ ਮੁਕੰਮਲ ਚੀਜ਼ਾਂ ਦਾ ਬਾਈਕਾਟ।

ਮੋਦੀ ਯੋਗੀ ਸਰਕਾਰਾਂ ਆਪਣੀਆਂ ਹਰ ਤਰ੍ਹਾਂ ਦੀਆਂ ਟੇਢੀਆਂ ਚਾਲਾਂ ਚਲ ਰਹੀਆਂ ਹਨ ਹਰ ਪੈਂਤੜੇ ਖੇਡ ਰਹੀਆਂ ਨੇ ਅੰਦੋਲਨ 'ਚ ਹਿੱਸਾ ਲੈ ਰਹੇ ਲੋਕਾਂ ਤੇ ਹੋਰ ਲੋਕਾਂ ਦਾ ਹਰ ਹੱਥਕੰਡਾ ਅਪਨਾ ਰਹੀਆਂ ਹਨ ਪਰ ਲੋਕ ਸਮਝਦਾਰ ਨੇ ਜਾਣਦੇ ਪਛਾਣਦੇ ਨੇ ਹਵਾਵਾਂ ਦੇ ਰੁਖ ਜਾਣਦੇ ਨੇ ਲੋਕ ਟੱਸ ਤੋਂ ਮੱਸ ਨਹੀਂ ਹੋ ਰਹੇ ਸਰਕਾਰਾਂ ਦੀ ਹਰ ਚਾਲ ਫੇਲ੍ਹ ਹੋ ਰਹੀ ਹੈ।

ਸਿਰਫ਼ ਤੇ ਸਿਰਫ਼ ਇੱਕੋ ਗੱਲ ਕਾਲੇ ਕਾਨੂੰਨਾਂ ਦੀ ਵਾਪਸੀ ਲੋਕਾਂ ਨੇ ਮਨਜ਼ੂਰ ਨਹੀਂ ਕੀਤੇ ਖ਼ੂਨੀ ਕਾਨੂੰਨ ਇਹ ਮੌਤ ਦੇ ਵਾਰੰਟ ਦੀਆਂ ਲੋਕ ਧੱਜੀਆਂ ਉਡਾ ਦੇਣਾ ਚਾਹੁੰਦੇ ਨੇ

ਨਾ ਮਨਜ਼ੂਰ। ਨਾ ਮਨਜ਼ੂਰ। ਨਾ ਮਨਜ਼ੂਰ

ਇਹ ਲੜਾਈ ਇਕ ਪੂਰੇ ਢਾਂਚੇ ਖ਼ਿਲਾਫ਼ ਹੈ ਜੀਹਦੇ ਵਿੱਚ ਲੋਕਾਂ ਦੀਆਂ ਅਨੇਕਾਂ ਸਮੱਸਿਆਵਾਂ ਨੇ ਭਾਰਤ ਤੋਂ ਬਾਹਰ ਵੀ ਕੈਨੇਡਾ ਜਿੱਥੇ ਭਾਰਤੀ ਲੋਕਾਂ ਦੀ ਚੰਗੀ ਗਿਣਤੀ ਹੈ ਪੰਜਾਬੀ ਹਰਿਆਣੇ ਦੇ ਬਹੁਤ ਪਰਿਵਾਰਾਂ ਦੀ ਕੁਝ ਵਸੋਂ ਕੈਨੇਡਾ ਅਮਰੀਕਾ ਨਿਊਜ਼ੀਲੈਂਡ ਯੂਰਪ ਵਰਗੇ ਮੁਲਕਾਂ 'ਚ ਹੈ। ਤੇ ਉਹ ਲੋਕ ਆਪਣੇ ਭੈਣ ਭਰਾਵਾਂ ਦਾ ਦੁੱਖ ਦਰਦ ਸਮਝਦੇ ਹਨ। ਆਪਣੀ ਮਿਹਨਤ ਦੀ ਕਮਾਈ 'ਚੋਂ ਦਸਵੰਧ ਕੱਢ ਕੇ ਭੇਜਦੇ ਨੇ ਤਾਂ ਜੋ ਉਨ੍ਹਾਂ ਦੇ ਪਰਿਵਾਰਕ ਮੈਂਬਰ ਠੰਡ 'ਚ ਲੋਈਆਂ ਰਜਾਈਆਂ ਦੇ ਨਿੱਘ 'ਚ ਰਹਿਣ ਬਚੇ ਰਹਿਣ ਕੋਰੇ ਤੇ ਕੜਾਕੇ ਵਰਗੀ ਠੰਢ ਤੋਂ ਤੇ ਲੜਦੇ ਰਹਿਣ ਇਸ ਘਟੀਆ ਸਿਸਟਮ ਦੇ ਖ਼ਿਲਾਫ਼ ਹੋਰਾਂ ਮੁਲਕਾਂ 'ਚ ਵਸਦੇ ਲੋਕ ਮਦਦਗਾਰ ਨੇ ਕਿਸਾਨਾਂ ਦੀ ਹਮਾਇਤ ਕਰਦੇ ਹਨ। ਜੋ ਕਿ ਲੋਕਾਂ ਦਾ ਸਵੈ ਅਧਿਕਾਰ ਹੈ ਜਾਨੀ ਮਾਲੀ ਮਦਦ ਕਰਨਾਂ ਤਾਂ ਮਨੁੱਖੀ ਫਰਜ਼ ਹੈ। ਤੇ ਉਹ ਜਿਹੜੀਆਂ ਵੀ ਥਾਂਵਾਂ ਤੇ ਬਿਰਾਜਮਾਨ ਹਨ। ਉੱਥੇ ਵੀ ਪ੍ਰਦਰਸ਼ਨ ਕਰ ਰਹੇ ਹਨ ਤੇ ਲਗਾਤਾਰ ਲੜ ਰਹੇ ਹਨ।

ਨਾਟਕ ਕਵੀ ਦਰਬਾਰ ਲੰਗਰ ਕੈਨੇਡਾ ਅਮਰੀਕਾ 'ਚ ਵੀ ਚੱਲ ਰਹੇ ਹਨ ਸੰਘਰਸ਼ਾਂ ਦੇ ਦੌਰਾਨ ਮੋਦੀ ਚਾਹੁੰਦਾ ਕਸ਼ਮੀਰ ਵਾਂਗ ਪੰਜਾਬ ਦੀ ਤਸਵੀਰ ਬਾਹਰ ਨਾ ਜਾਵੇ ਪੰਜਾਬ 'ਚ ਹੀ ਰਹੇ ਭਲਾ ਇਹ ਕਿਵੇਂ ਹੋ ਸਕਦੈ ਅਸੀਂ ਇਹ ਗੱਲ ਜਾਣਦੇ ਹਾਂ ਉਸ ਨੇ ਪੰਜਾਬ ਦੇ ਲੋਕਾਂ ਲਈ ਰਹਿਣ ਲਈ ਕੁਝ ਛੱਡਿਆ ਨਹੀਂ ਪੰਜਾਬ ਦੀ ਹਰ ਸ਼ੈਅ ਉਸ ਨੇ ਇਨ੍ਹਾਂ ਸਰਮਾਏਦਾਰਾਂ ਕਾਰਪੋਰੇਟ ਸੈਕਟਰ ਨੂੰ ਵੇਚ ਦਿੱਤੀ।

ਮੀਡੀਆ ਜੋ ਕਿ ਇਕ ਸਾਂਝੀ ਤਾਕਤ ਬਣਦਾ ਹੈ ਤਾਂ ਮੋਦੀ ਸਰਕਾਰਾਂ ਅੰਬਾਨੀ ਅਡਾਨੀ ਨੇ 80% ਪੱਤਰਕਾਰ ਖ਼ਰੀਦ ਲਏ ਚੈਨਲ ਖ਼ਰੀਦ ਲਏ ਪਰ ਉਹ ਅਸਲ ਲੋਕ ਆਵਾਜ਼ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਅਸਲ ਲੋਕ ਆਵਾਜ਼ ਬੇਖ਼ੌਫ਼ ਆਵਾਜ਼ ਜੇਲ੍ਹਾਂ ਚੋਂ ਵੀ ਬੇਬਾਕ ਬੋਲਦੇ ਨੇ ਤੇ ਸੰਘਰਸ਼ਾਂ ਦੇ ਦੌਰ 'ਚ ਵੀ ਬਹੁਤ ਹੀ ਬੇਬਾਕੀ ਨਾਲ ਪੱਤਰਕਾਰੀ ਕਰ ਰਹੇ ਹਨ ਤੇ ਅਸਲੀ ਸੱਚ ਖੋਜਣ 'ਚ ਜੁੱਟੇ ਹੋਏ ਹਨ।

ਚੇਤਿਆਂ ਚੋਂ ਵਿਸਰ ਨਾ ਸਕਿਆ ਸ਼ਹਾਦਤਾਂ/ਕੁਰਬਾਨੀਆਂ ਦਾ ਇਤਿਹਾਸ :

ਮੋਰਚਿਆਂ ਤੇ ਸੰਘਰਸ਼ ਦੇ ਦੌਰ ਨੇ ਖੋਲ੍ਹ ਦਿੱਤੀ ਲੋਕਾਂ ਦੀ ਤੀਜੀ ਅੱਖ ਚੇਤਿਆਂ 'ਚ ਵਸਿਆ ਇਤਿਹਾਸ ਵਿਰਾਸਤ ਸੱਭਿਆਚਾਰ ਇਕ ਹਾਕ ਮਾਰੀ ਤੇ ਇਕੱਤਰ ਹੋਣ ਵਾਲਾ ਇਨਸਾਨੀ ਸੁਭਾਅ ਇਕਜੁਟ ਹੋਣਾ ਲੜਨਾ ਅਤੇ ਲਗਾਤਾਰ ਲੜਦੇ ਰਹਿਣਾ।

ਕਿਸੇ ਕਿਸਮ ਦੀ ਬੇਇਨਸਾਫੀ ਖ਼ਿਲਾਫ਼ ਅੱਗ ਬਬੂਲਾ ਹੋ ਜਾਣਾ ਤੇ ਲੜਦਿਆਂ ਸ਼ਹੀਦ ਹੋ ਜਾਣਾ ਵਾਲਾ ਜਜ਼ਬਾ ਚੇਤਿਆਂ 'ਚ ਵਸਿਆ ਬਾਬਾ ਨਾਨਕ ਤੇ ਸਦੀਆਂ ਤੋਂ ਚੱਲ ਰਹੇ ਅਟੁੱਟ ਲੰਗਰ ਦੀ ਕਹਾਣੀ ਅੰਧ ਵਿਸ਼ਵਾਸ ਦੇ ਖ਼ਿਲਾਫ਼ ਡਟ ਕੇ ਬੋਲਣਾ ਤੇ ਲਿਖਣਾ।

ਅੱਜ ਬਾਰਡਰਾਂ ਤੇ ਇਕੱਤਰ ਹੋਏ ਲੋਕ ਅੱਜ ਜਾਂ ਫਿਰ ਕੱਲ੍ਹ ਤੇ ਨਹੀਂ ਤੁਰੇ ਇਹ ਤਾਂ ਸਦੀਆਂ ਦੇ ਤੁਰੇ ਹੋਏ ਮਹਾਂ ਮਾਨਵ ਨੇ ਕਿੱਥੋਂ ਆਏ ਨੇ ਕਿੱਥੇ ਜਾਣਗੇ ਕੀ ਕਰ ਜਾਣਗੇ ਕਿਥੋਂ ਤੱਕ ਕਰ ਜਾਣਗੇ ਇਹ ਵਰਤਮਾਨ ਬਿਆਨ ਕਰ ਰਿਹਾ ਹੈ ਇਤਿਹਾਸ ਲਿਖ ਜਾਣਗੇ ਭਵਿੱਖ ਤੇ ਆਉਣ ਵਾਲੇ ਸਮੇਂ ਨੂੰ ਦੱਸ ਜਾਣਗੇ ਦਿਖਾ ਦੇਣਗੇ ਆਪਣੀ ਸਾਰੀ ਤਾਕਤ ਕਿਸੇ ਲਿਖਾਰੀ ਨੇ ਲਿਖਿਆ ਕਿ 'ਹਨੇਰਿਆਂ ਨੂੰ ਕਹਿ ਦਿਓ ਕਿ ਚਾਨਣ ਬਗ਼ਾਵਤ ਕਰ ਰਿਹੈ।'

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਦਸੰਬਰ ਮੀਟੰਗ ਕਿਸਾਨੀ ਸੰਘਰਸ਼ ਨੂੰ ਸਮਰਪਿਤ ਰਹੀ

**ਜੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾਂ ਕੈਲਗਰੀ ਦੀ ਦਸੰਬਰ ਮਹੀਨੇ ਤੇ ਇਸ ਸਾਲ ਦੀ ਆਖਰੀ ਮੀਟਿੰਗ ਆਧੁਨਿਕ ਤਕਨੀਕ ਜ਼ੂਮ ਰਾਹੀ ਕੀਤੀ ਗਈ। ਇਹ ਸਾਰੀ ਮਟਿੰਗ ਹੀ ਕਿਸਾਨੀ ਸੰਘਰਸ਼ ਨਾਲ ਸੰਬਧਿਤ ਵਾਰਾਂ ਤੇ ਵਿਸਥਾਰਾਂ ਨਾਲ ਗਰਮਾਂ ਗਰਮ ਰਹੀ। ਪ੍ਰਧਾਨ ਦਵਿੰਦਰ ਮਲਹਾਂਸ ਨੇ ਸਾਰੇ ਹਾਜ਼ਰੀਨ ਨੂੰ ਜੀ ਆਇਆ ਆਖਿਆ। ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਵੀ ਕਿਸਾਨੀ ਸੰਘਰਸ ਦੇ ਸੰਬਧ ਵਿੱਚ ਕਿਹਾ ਕਿ ਇਸ ਸੰਘਰਸ ਦੇ ਇੰਨੇ ਵੱਡੇ ਇਕੱਠ ਨੂੰ ਦੇਖਦਿਆ ਵੀ ਪਤਾ ਨਹੀ ਸਰਕਾਰ ਆਪਣੀ ਜਿੱਦ ਤੇ ਕਿਉਂ ਅੜੀ ਹੈ ਜਦਕਿ ਇਹ ਅੰਦੋਲਨ ਦਿਨ ਬ ਦਿਨ ਹੋਰ ਵੱਡੇ ਕਾਫਲੇ 'ਚ ਤਬਦੀਲ ਹੋਈ ਜਾ ਰਿਹਾ ਹੈ। ਇਸ ਦੇ ਨਾਲ ਹੀ ਇਸ ਅੰਦੋਲਨ ਵਿੱਚ ਸੰਘਰਸ਼ ਕਰਦਿਆਂ ਸੰਸਾਰ ਨੂੰ ਅਲਵਿਦਾ ਕਹਿਣ ਵਾਲੇ ਸਾਰੇ ਕਿਸਾਨਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਤੇ ਸਾਰੀ ਸਭਾ ਵਲੋਂ ਇਹਨਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਜਲੀ ਦਿੱਤੀ ਗਈ। ਇਸੇ ਲੜੀ ਵਿੱਚ ਜਗਦੇਵ ਸਿੱਧੂ, ਜਸਵੰਤ ਸੇਖੋਂ, ਮਹਿੰਦਰ ਪਾਲ ਐਸ ਪਾਲ, ਗੁਰਦੀਸ ਕੌਰ ਗਰੇਵਾਲ, ਗੁਰਚਰਨ ਕੌਰ ਥਿੰਦ, ਰਣਜੀਤ ਸਿੰਘ ਨੇ ਸੰਘਰਸ਼ ਘੋਲ ਨਾਲ ਸਬੰਧਤ ਕਵਿਤਾਵਾਂ ਸੁਣਾਈਆਂ। ਹਰੀਪਾਲ ਨੇ ਕਾਰਪੋਰੇਟ ਕੰਪਨੀਆਂ ਦੀ ਗੱਲ ਕਰਦਿਆਂ ਕਈ ਮੁਲਕਾਂ ਦਾ ਵੇਰਵਾ ਦਿੰਦਿਆ ਕਿਹਾ ਕਿ ਇਹਨਾਂ ਕੰਪਨੀਆਂ ਦੀ ਪਹਿਲੀ ਭੁੱਖ ਜਮੀਨਾਂ ਹਨ ਜੋ ਇਹ ਕਿਸੇ ਵੀ ਤਰੀਕੇ ਲੋਕਾਂ ਤੋਂ ਹੱਥਿਆ ਕੇ ਆਪਣਾ ਕਾਰੋਬਾਰ ਸਥਾਪਿਤ ਕਰਦੇ ਹਨ ਤੇ ਉਹਨਾਂ ਨੂੰ ਮਜਦੂਰਾਂ ਦੀ ਜਮਾਤ ਵਿੱਚ ਖੜ੍ਹਾ ਕਰਕੇ ਗੁਲਾਮੀ ਹੀ ਨਹੀਂ ਕਰਵਾਉਂਦੇ ਸਗੋਂ ਆਪਣੀਆਂ ਕੰਪਨੀਆਂ ਵਿੱਚੋਂ ਨਿਕਲੇ ਮਾਰੂ ਤੱਤਾਂ ਰਾਹੀਂ ਗੰਧਲਾ ਪਾਣੀ ਤੇ ਪ੍ਰਦੂਸਨ ਫੈਲਾ ਕੇ ਬੀਮਾਰ ਵੀ ਕਰਦੇ ਹਨ। ਇਹ ਲੁੱਟ ਬਹੁਤ ਘਾਤਕ ਹੈ ਤੇ ਇਹਨਾਂ ਅੰਬਾਨੀ-ਅਡਾਨੀਆਂ ਤੇ ਸਰਕਾਰ ਦਾ ਕਿਸਾਨਾਂ ਪ੍ਰਤੀ ਇਹ ਵਤੀਰਾ ਅਣਮਨੁੱਖੀ ਹੈ। ਉਹਨਾਂ ਤਰਕ ਤੇ ਇਤਿਹਾਸਕ ਘਟਨਾਵਾਂ ਦੇ ਅਧਾਰ ਤੇ ਜਾਗਰੂਕ ਤਕਰੀਰ ਪੇਸ ਕੀਤੀ ਜੋ ਬਹੁਤ ਪ੍ਰਭਾਵਸਾਲੀ ਰਹੀ। ਇਹ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇੰਨਾ ਵੱਡਾ ਸੰਘਰਸ਼ ਹੈ ਜਿਸ ਨੇ ਲੋਕਾਂ ਨੂੰ ਇੰਨੀ ਵੱਡੀ ਗਿਣਤੀ ਵਿੱਚ ਇਕੱਠੇ ਕੀਤਾ ਤੇ ਸਰਕਾਰਾਂ ਦੇ ਵੀ ਕਈ ਭੁਲੇਖੇ ਕੱਢੇ। ਆਉਣ ਵਾਲੇ ਸਮੇਂ ਵਿੱਚ ਇਸ ਕਿਸਾਨੀ ਅੰਦੋਲਨ ਨੂੰ ਇਤਿਹਾਸ ਦੀ ਵੱਡੀ ਪ੍ਰਾਪਤੀ ਦੇ ਤੌਰ ਤੇ ਜਾਣਿਆ ਜਾਏਗਾ। ਅਖੀਰ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ ਨੇ ਕ੍ਰਿਸਮਸ ਤੇ ਨਵੇਂ ਸਾਲ ਦੀਆਂ ਸੁੱਭ ਕਾਮਨਾਵਾਂ ਦਿੱਤੀਆ ਤੇ ਕਿਹਾ ਕਿ ਆਉਣ ਵਾਲਾ ਸਾਲ ਸਭ ਲਈ ਖੁਸੀਆ ਖੇੜ੍ਹਿਆ ਨਾਲ ਭਰਿਆ ਹੋਏ ਦੇ ਨਾਲ ਹੀ ਉਹਨਾਂ ਸਭ ਹਾਜਰੀਨ ਦਾ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨਾਲ 403 993 2201 ਅਤੇ ਜਨਰਲ ਸਕੱਤਰ ਜੋਰਾਵਰ ਬਾਂਸਲ ਨੂੰ 587 437 7805 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬੀ ਲਿਖਾਰੀ ਸਭਾ (ਰਜਿ:) ਕੈਲਗਰੀ ਕਨੇਡਾ
PUNJABI WRITERS ASSOCIATION (REGD) CALGARY CANADA

GALAXY Freightline Inc.
Logistics Ltd Calgary Alberta
Warehousing / Distribution
Ajay pal
Manager
604-653-7841
Jatinder Singh
Manager
403-992-0004
Office : 416-644-8881
9910 48 St SE Calgary, AB T2C 4Y5

# ਸੰਯੁਕਤ ਰਾਸ਼ਟਰ ਦਾ ਮਤਾ ਅਤੇ ਕਿਸਾਨ ਅੰਦੋਲਨ

**ਅਜਾਇਬ ਸਿੰਘ ਟਿਵਾਣਾ**

26-27 ਨਵੰਬਰ ਦੀ ਜੋਰ ਅਜਮਾਈ ਤੋਂ ਇੱਕ ਮਹੀਨਾ ਬਾਅਦ ਅਤੇ ਪੰਜ ਵਾਰ ਕਿਸਾਨ ਜਥੇਬੰਦੀਆਂ ਅਤੇ ਸਰਕਾਰ ਦਰਮਿਆਨ ਚੱਲੀ ਗੱਲਬਾਤ ਬਾਅਦ ਕਿਸਾਨ ਏਕਤਾ ਮੋਰਚਾ ਦੀ ਅਗਵਾਈ 'ਚ ਚੱਲ ਰਿਹਾ ਕਿਸਾਨ ਅੰਦੋਲਨ ਇੱਕ ਅਜਿਹੇ ਨਾਜ਼ਕ ਮੋੜ ਤੇ ਪਹੁੰਚ ਗਿਆ ਹੈ ਜਿੱਥੇ ਦੋਹਾਂ ਧਿਰਾਂ ਚੋਂ ਕਿਸੇ ਲਈ ਵੀ ਪਿੱਛੇ ਹਟਣਾ ਅਸਾਨ ਨਹੀਂ ਹੈ।ਕਿਸਾਨ ਜਥੇਬੰਦੀਆਂ ਵੱਲੋਂ ਅਤੇ ਉੱਘੇ ਅਰਥਸ਼ਾਸਤਰੀਆਂ ਵੱਲੋਂ ਇਹ ਦਲੀਲ ਦਿੱਤੀ ਗਈ ਹੈ ਕਿ ਸਰਕਾਰ ਨੇ ਇਹ ਤਿੰਨੇ ਕਾਨੂੰਨ ਕਿਸਾਨਾਂ ਨਾਲ ਬਿਨਾ ਕਿਸੇ ਸਲਾਹ ਮਸ਼ਵਰੇ ਤੋਂ ਬਾਅਦ ਲਿਆਂਦੇ ਗਏ। ਦੂਸਰਾ ਖੇਤੀਬਾੜੀ ਦਾ ਵਿਸ਼ਾ ਰਾਜ ਸੂਚੀ ਦਾ ਵਿਸ਼ਾ ਹੈ। ਇਸ ਨੂੰ ਵਪਾਰ ਤੇ ਵਣਜ ਦੀ ਮਦ 'ਚ ਲਿਆਕੇ ਕੇਂਦਰੀ ਸਰਕਾਰ ਵੱਲੋਂ ਕਾਨੂੰਨ ਬਣਾਉਣੇ ਗੈਰ ਸੰਵਿਧਾਨਕ ਅਤੇ ਭਾਰਤ ਦੇ ਫੈਡਰਲ ਢਾਂਚੇ ਦੀ ਮੂਲ ਭਾਵਨਾ ਦੀ ਉਲੰਘਣਾ ਹੈ। ਪਰ ਟੀ ਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਤੇ ਚੱਲੀ ਬਹਿਸ ਦੁਰਾਨ ਕਿਸਾਨ ਆਗੂਆਂ ਵੱਲੋਂ ਸੰਯੁਕਤ ਰਾਸ਼ਟਰ ਦੀ ਆਮ ਸਭਾ ਵੱਲੋਂ 17 ਦਸੰਬਰ 2018 ਨੂੰ ਕਿਸਾਨ ਅਤੇ ਪੇਂਡੂ ਇਲਾਕਿਆਂ ਦੇ ਕਿਰਤੀ ਲੋਕਾਂ ਦੇ ਹੱਕਾਂ ਬਾਰੇ ਪਾਸ ਕੀਤੇ ਮਤੇ ਨੂੰ ਇੱਕ ਹਵਾਲਾ ਦਸਤਾਵੇਜ ਦੇ ਤੌਰ ਤੇ ਪ੍ਰਯੋਗ ਨਹੀਂ ਕੀਤਾ ਗਿਆ। ਸਿਰਫ ਚਲੰਤ ਰੂਪ 'ਚ ਜਿਕਰ ਹੁੰਦਾ ਰਿਹਾ ਹੈ। ਅੱਜ ਜਦੋਂ ਵਿਸ਼ਾਲ ਜਨਤਾ ਨੂੰ ਆਪਣੇ ਕਲਾਵੇ 'ਚ ਲੈਣ ਵਾਲੇ ਇਸ ਕਿਸਾਨ ਅੰਦੋਲਨ ਨੇ ਕੌਮਾਂਤਰੀ ਭਾਈਚਾਰੇ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਅਤੇ ਸੰਘਰਸ਼ ਦੇ ਇਸ ਪੜਾਅ ਤੇ ਕਾਨੂੰਨਾਂ ਦੇ ਹੱਕ 'ਚ ਅਤੇ ਵਿਰੋਧ 'ਚ ਤਰਕ ਕੇਂਦਰੀ ਨੁਕਤਾ ਬਣਿਆ ਹੋਇਆ ਹੈ ਤਾਂ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਦੇ ਇਸ ਮਤੇ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਜਾਣਾ ਚਾਹੀਂਦਾ ਹੈ।

17 ਪੰਨਿਆਂ ਦੇ ਇਸ ਮਤੇ ਦਾ ਨਾਂ ਹੈ "ਕਿਸਾਨਾਂ ਤੇ ਪੇਂਡੂ ਕੰਮਕਾਜੀ ਦੂਸਰੇ ਲੋਕਾਂ ਦੇ ਅਧਿਕਾਰਾਂ ਬਾਰੇ ਐਲਾਨਨਾਮਾ"।ਇਸ ਮਤੇ ਨੂੰ ਸਵੀਕਾਰ ਕਰਦਿਆਂ ਸਭਾ ਨੇ ਸਰਕਾਰਾਂ, ਏਜੰਸੀਆਂ ਤੇ ਯੂ.ਐਨ.ਓ. ਦੇ ਪ੍ਰਬੰਧ ਹੇਠਲੀਆਂ ਸੰਸਥਾਵਾਂ ਅਤੇ ਅੰਤਰ-ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਐਲਾਨਨਾਮੇ ਦਾ ਪ੍ਰਚਾਰ/ਪ੍ਰਸਾਰ ਕਰਨ ਅਤੇ ਵਿਸ਼ਵ ਪੱਧਰ ਤੇ ਇਸ ਐਲਾਨਨਾਮੇ ਪ੍ਰਤੀ ਸਤਿਕਾਰ ਤੇ ਇਸ ਦੀ ਸਮਝ ਨੂੰ ਉਤਸ਼ਾਹਿਤ ਕਰਨ। ਮੁੱਖ ਤੌਰ 'ਤੇ ਇਸ ਐਲਾਨਨਾਮੇ ਦੇ ਦੋ ਭਾਗ ਹਨ। ਪਹਿਲੇ ਭਾਗ ਵਿੱਚ ਵਿਸ਼ਾਲ ਮਨੁੱਖੀ ਅਧਿਕਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ ਜਿਨ੍ਹਾਂ ਦੀ ਰੌਸ਼ਨੀ 'ਚ ਕਿਸਾਨਾਂ ਅਤੇ ਹੋਰ ਪੇਂਡੂ ਕਿਰਤੀ ਲੋਕਾਂ (ਸਮੇਤ ਔਰਤਾਂ ਅਤੇ ਬੱਚਿਆਂ ਦੇ) ਦੀ ਦਸ਼ਾ ਨੂੰ ਬਿਆਨ ਕੀਤਾ ਗਿਆ ਹੈ। ਦੂਸਰੇ ਭਾਗ ਵਿੱਚ ਕਿਸਾਨਾਂ ਅਤੇ ਹੋਰ ਪੇਂਡੂ ਕਿਰਤੀ ਲੋਕਾਂ ਦੇ ਹੱਕਾਂ ਅਤੇ ਸਰਕਾਰਾਂ ਦੇ ਬਣਦੇ ਫਰਜਾਂ ਸੰਬੰਧੀ ਕੁੱਲ 28 ਆਰਟੀਕਲ ਦਿੱਤੇ ਗਏ ਹਨ।



ਐਲਾਨਨਾਮੇ 'ਚ ਸਪੱਸ਼ਟ ਰੂਪ 'ਚ ਇਸ ਸਚਾਈ ਨੂੰ ਤਸਲੀਮ ਕੀਤਾ ਗਿਆ ਹੈ ਕਿ ਦੁਨੀਆਂ ਦੇ ਸਾਰੇ ਖਿਤਿਆਂ ਵਿੱਚ ਰਹਿਣ ਵਾਲੇ ਕਿਸਾਨਾਂ ਤੇ ਪੇਂਡੂ ਕੰਮਕਾਜੀ ਦੂਸਰੇ ਲੋਕਾਂ ਨੇ ਆਪਣੇ ਭੂਤਕਾਲ, ਵਰਤਮਾਨ ਤੇ ਭਵਿੱਖ ਵਿੱਚ, ਵਿਕਾਸ ਤੇ ਜੈਵਿਕ-ਭਿੰਨਤਾ ਦੀ ਸੁਰੱਖਿਆ ਤੇ ਬਿਹਤਰੀ ਲਈ ਅਤੇ ਮੁਨਾਸਬ ਭੋਜਨ ਤੇ ਭੋਜਨ ਸੁਰੱਖਿਆ ਦੇ ਅਧਿਕਾਰ ਲਈ ਬਹੁਤ ਅਹਿਮ ਯੋਗਦਾਨ ਪਾਇਆ ਹੈ। ਇਸ ਦੇ ਨਾਲ ਹੀ ਚਿੰਤਾ ਦਾ ਇਜਹਾਰ ਕਰਦਿਆਂ ਇਹ ਵੀ ਤਸਲੀਮ ਕੀਤਾ ਗਿਆ ਹੈ ਕਿ ਇਹ ਲੋਕ ਬੇਹੱਦ ਗਰੀਬੀ, ਭੁਖਮਰੀ ਤੇ ਕੁਪੋਸ਼ਣ ਦਾ ਸ਼ਿਕਾਰ ਹਨ। ਵਾਤਾਵਰਣ ਨੂੰ ਪਲੀਤ ਕਰਨ ਤੇ ਜਲਵਾਯੂ-ਤਬਦੀਲੀ ਕਾਰਨ ਹੋਣ ਵਾਲੇ ਬੁਰੇ ਅਸਰਾਂ ਦੀ ਵਧੇਰੇ ਮਾਰ ਵੀ ਇਨ੍ਹਾਂ ਉੱਪਰ ਪੈਂਦੀ ਹੈ। ਦਿਹਾਤੀ ਇਲਾਕਿਆਂ ਵਿੱਚ ਜਬਰੀ ਬੇਦਖਲ ਕੀਤੇ ਤੇ ਉਜਾੜੇ ਗਏ ਕਿਸਾਨਾਂ ਤੇ ਹੋਰ ਲੋਕਾਂ ਦੀ ਗਿਣਤੀ ਹਰ ਸਾਲ ਵਧ ਰਹੀ ਹੈ। ਕਈ ਮੁਲਕਾਂ ਵਿੱਚ ਕਿਸਾਨ ਖੁਦਕਸ਼ੀਆਂ ਦੀਆਂ ਘਟਨਾਵਾਂ ਦੀ ਗਿਣਤੀ ਬਹੁਤ ਜਿਆਦਾ ਹੈ। ਕਿਸਾਨ ਅਤੇ ਦਿਹਾਤੀ ਇਲਾਕਿਆਂ 'ਚ ਕੰਮ ਕਰਨ ਵਾਲੀਆਂ ਦੂਸਰੀਆਂ ਔਰਤਾਂ ਆਪਣੇ ਪਰਿਵਾਰਾਂ ਦੀ ਹੋਂਦ ਨੂੰ ਬਚਾ ਕੇ ਰੱਖਣ ਦੇ ਨਾਲ ਨਾਲ ਦਿਹਾਤੀ ਤੇ ਕੌਮੀ ਅਰਥਿਕਤਾ 'ਚ ਅਹਿਮ ਯੋਗਦਾਨ ਪਾਉਂਦੀਆਂ ਹਨ ਪਰੰਤੂ ਉਹ ਹਿੰਸਾ ਅਤੇ ਵਿਤਕਰਿਆਂ ਦੇ ਵੱਖ ਵੱਖ ਰੂਪਾਂ ਦੀ ਮਾਰ ਝੱਲਦੀਆਂ ਹਨ। ਉਨ੍ਹਾਂ ਦੇ ਬੱਚੇ ਗਰੀਬੀ, ਭੁਖਮਰੀ ਕੁਪੋਸ਼ਣ ਅਤੇ ਬਾਲ ਮਜਦੂਰੀ ਵਰਗੀਆਂ ਲਾਹਨਤਾਂ ਦਾ ਸ਼ਿਕਾਰ ਹਨ। ਦੁਨੀਆਂ ਭਰ 'ਚ ਅਜਿਹੀਆਂ ਜੋਖਮ-ਭਰਪੂਰ ਤੇ ਲੁੱਟ-ਖਸੁੱਟ ਵਾਲੀਆਂ ਹਾਲਤਾਂ ਮੌਜੂਦ ਹਨ ਜਿਨ੍ਹਾਂ ਅਧੀਨ ਕਈ ਕਿਸਾਨਾਂ ਤੇ ਦਿਹਾਤੀ ਖੇਤਰ ਦੇ ਦੂਸਰੇ ਲੋਕਾਂ ਨੂੰ ਆਪਣਾ ਕੰਮ-ਕਾਰ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਅਕਸਰ ਆਪਣੇ ਕੰਮ ਨਾਲ ਸਬੰਧਿਤ ਬੁਨਿਆਦੀ ਅਧਿਕਾਰਾਂ ਦੀ ਵਰਤੋਂ ਦਾ ਅਵਸਰ ਨਹੀਂ ਦਿੱਤਾ ਜਾਂਦਾ ਅਤੇ ਸਨਮਾਨਜਨਕ ਜ਼ਿੰਦਗੀ ਜਿਉਣ ਲਈ ਲੋੜੀਂਦੀਆਂ ਉਜ਼ਰਤਾਂ ਅਤੇ ਸਮਾਜਿਕ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾਂਦੀ।

ਆਮ ਸਭਾ ਨੇ ਇਸ ਗੱਲ ਤੇ ਵੀ ਚਿੰਤਾ ਜਾਹਰ ਕੀਤੀ ਹੈ ਕਿ ਜ਼ਮੀਨ ਅਤੇ ਕੁਦਰਤੀ ਸਰੋਤਾਂ ਬਾਰੇ ਕੰਮ ਕਰਨ ਵਾਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰਨ ਵਾਲੇ ਅਤੇ ਇਨ੍ਹਾਂ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਅਕਤੀ, ਸਮੂਹ ਤੇ ਸੰਸਥਾਵਾਂ, ਵੱਖ-ਵੱਖ ਤਰ੍ਹਾਂ ਦੀਆਂ ਧਮਕੀਆਂ ਅਤੇ ਸਰੀਰਕ ਸੁਰੱਖਿਆ ਨੂੰ ਦਰਪੇਸ਼ ਭਾਰੀ ਜੋਖਮਾਂ ਦਾ ਸਾਹਮਣਾ ਕਰਦੇ ਹਨ। (ਭਾਰਤ ਦੀਆਂ ਕਿਸਾਨ ਜਥੇਬੰਦੀਆਂ ਅਤੇ ਅਗਾਂਹਵਧੂ ਬੁੱਧੀਜੀਵੀਆਂ ਨਾਲ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਕੀਤਾ ਜਾ ਰਿਹਾ ਅਣਮਨੁੱਖੀ ਸਲੂਕ ਇਸ ਦੀ ਪ੍ਰਤੱਖ ਉਦਾਹਰਣ ਹੈ) ਕਿਸਾਨ ਅਤੇ ਪੇਂਡੂ ਕੰਮਕਾਜੀ ਦੂਸਰੇ ਲੋਕ ਅਕਸਰ ਅਦਾਲਤਾਂ, ਸਰਕਾਰੀ ਵਕੀਲਾਂ, ਪੁਲਿਸ ਅਫਸਰਾਂ ਅਤੇ ਵਕੀਲਾਂ ਤੱਕ ਪਹੁੰਚ ਕਰ ਸਕਣ ਦੇ ਮਾਮਲੇ ਵਿੱਚ ਇਸ ਹੱਦ ਤੱਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ ਕਿ ਉਹ ਹਿੰਸਾ, ਦੁਰਵਿਹਾਰ ਤੇ ਸੋਸ਼ਣ ਤੋਂ ਬਚ ਨਹੀਂ ਸਕਦੇ ਜਾਂ ਇਨ੍ਹਾਂ ਸਮੱਸਿਆਵਾਂ ਦਾ ਤੁਰੰਤ ਕੋਈ ਹੱਲ ਹਾਸਲ ਨਹੀਂ ਕਰ ਸਕਦੇ। ਖਾਧ-ਪਦਾਰਥਾਂ ਦੀ ਸੱਟੇਬਾਜੀ, ਖਾਧ ਪ੍ਰਣਾਲੀਆਂ ਦੀ ਅਸਾਵੀਂ ਵੰਡ ਤੇ ਇੰਨ੍ਹਾਂ ਦਾ ਦਿਨ-ਬ-ਦਿਨ ਵਧ ਰਿਹਾ ਕੇਂਦਰੀਕਰਨ ਅਤੇ ਜਿਨਸਾਂ ਦੀ ਪ੍ਰੋਸੈਸਿੰਗ ਪ੍ਰਕਿਰਿਆ ਦੌਰਾਨ ਅਜਿਹੇ ਅਸਾਵੇਂ ਸਤ੍ਹਾ-ਸੰਬੰਧ ਸਥਾਪਤ ਹੋ ਜਾਂਦੇ ਹਨ ਜੋ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੇ ਹਨ।

ਉਪਰੋਕਤ ਹਾਲਤਾਂ ਦੀ ਨਿਸ਼ਾਨਦੇਹੀ ਕਰਨ ਤੋਂ ਬਾਅਦ ਸਭਾ ਵੱਲੋਂ ਐਲਾਨਨਾਮੇ ਦੇ ਆਰਟੀਕਲ 2 ਵਿੱਚ ਸਰਕਾਰਾਂ ਨੂੰ ਸਾਫ ਤੇ ਸਪੱਸ਼ਟ ਸ਼ਬਦਾਂ 'ਚ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਉਹ ਕਿਸਾਨਾਂ ਤੇ ਦੂਸਰੇ ਪੇਂਡੂ ਕਿਰਤੀ ਲੋਕਾਂ ਦੇ ਅਧਿਕਾਰਾਂ ਦਾ ਸਨਮਾਨ, ਸੁਰੱਖਿਆ ਤੇ ਤਾਮੀਲ ਕਰਨਗੀਆਂ। ਵੱਖ ਵੱਖ ਤਰ੍ਹਾਂ ਦੇ ਵਿਤਕਰਿਆਂ ਨੂੰ ਖਤਮ ਕਰਨ ਦੀ ਜ਼ਰੂਰਤ ਦੇ ਮੱਦੇਨਜ਼ਰ ਬਜ਼ੁਰਗਾਂ, ਔਰਤਾਂ, ਨੌਜਵਾਨਾਂ, ਬੱਚਿਆਂ ਤੇ ਅਪੰਗ ਵਿਅਕਤੀਆਂ ਸਮੇਤ, ਕਿਸਾਨਾਂ ਤੇ ਦਿਹਾਤੀ ਖੇਤਰ 'ਚ ਕੰਮ ਕਰਨ ਵਾਲੇ ਦੂਸਰੇ ਲੋਕਾਂ ਦੇ ਅਧਿਕਾਰਾਂ ਤੇ ਹੋਰ ਵਿਸ਼ੇਸ਼ ਲੋੜਾਂ ਦੀ ਪੂਰਤੀ ਲਈ, ਇਸ ਮੌਜੂਦਾ ਐਲਾਨਨਾਮੇ ਨੂੰ ਲਾਗੂ ਕਰਨ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਇਸ ਤੋਂ ਅੱਗੇ ਇਸੇ ਆਰਟੀਕਲ ਦੀ ਜਿਹੜੀ ਗੱਲ ਦੀ ਮੌਜੂਦਾ ਕਿਸਾਨ ਅੰਦੋਲਨ 'ਚ ਸਭ ਤੋਂ ਵੱਧ ਪ੍ਰਸੰਗਕਿਤਾ ਹੈ ਉਹ ਹੈ: "ਮੂਲਵਾਸੀਆਂ ਬਾਰੇ ਬਣੇ ਵਿਸ਼ੇਸ਼ ਕਾਨੂੰਨਾਂ ਦੀ ਉਲੰਘਣਾ ਕੀਤੇ ਬਗੈਰ, ਨੀਤੀਆਂ ਤੇ ਕਾਨੂੰਨਾਂ, ਅੰਤਰ-ਰਾਸ਼ਟਰੀ ਸਮਝੌਤਿਆਂ ਅਤੇ ਕਿਸਾਨਾਂ ਤੇ ਦਿਹਾਤੀ ਖੇਤਰਾਂ ਵਿਚ ਵਸਦੇ ਦੂਸਰੇ ਲੋਕਾਂ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਲੈਣ ਵਾਲੀਆਂ ਵਿਧੀਆਂ ਨੂੰ ਅਪਣਾਉਣ ਤੇ ਲਾਗੂ ਕਰਨ ਤੋਂ ਪਹਿਲਾਂ, ਸਰਕਾਰਾਂ ਪੂਰੀ ਨੇਕ-ਨੀਅਤੀ ਨਾਲ, ਆਪਣੀਆਂ ਪ੍ਰਤੀਨਿਧ ਸੰਸਥਾਵਾਂ ਦੇ ਜ਼ਰੀਏ ਉਨ੍ਹਾਂ (ਕਿਸਾਨਾ ਤੇ ਦੂਸਰੇ ਪੇਂਡੂ ਕਿਰਤੀਆਂ) ਦੀ ਸਲਾਹ ਲੈਣਗੀਆਂ ਤੇ ਉਨ੍ਹਾਂ ਨਾਲ ਸਹਿਯੋਗ ਕਰਨਗੀਆਂ ਅਤੇ ਫੈਸਲੇ ਲੈਣ ਤੋਂ ਪਹਿਲਾਂ, ਇਨ੍ਹਾਂ ਫੈਸਲਿਆਂ ਨਾਲ ਪ੍ਰਭਾਵਿਤ ਹੋਣ ਵਾਲੇ ਕਿਸਾਨਾਂ ਤੇ ਦੂਸਰੇ ਪੇਂਡੂ ਲੋਕਾਂ ਨਾਲ ਸੰਵਾਦ ਰਚਾਉਣਗੀਆਂ; (ਪਰ ਸਾਡੀ ਬੀਜੇਪੀ ਸਰਕਾਰ ਹੁਣ ਸੰਵਾਦ ਰਚਾਉਣ ਦੀਆਂ ਗੱਲਾਂ ਕਰਦੀ ਹੈ ਜਦੋਂ ਪਾਣੀ ਸਿਰਾਂ ਉਪਰੋਂ ਲੰਘ ਚੁੱਕਾ ਹੈ!) ਉਨ੍ਹਾਂ ਦਾ ਸਮਰਥਨ ਹਾਸਲ ਕਰਨਗੀਆਂ; ਉਨ੍ਹਾ ਦੁਆਰਾ ਪਾਏ ਯੋਗਦਾਨ ਨੂੰ ਮਾਨਤਾ ਦੇਣਗੀਆਂ; ਵੱਖ ਵੱਖ ਧਿਰਾਂ ਤੇ ਸਮੂਹਾਂ ਦਰਮਿਆਨ ਮੌਜੂਦ ਸੱਤਾ ਦੇ ਅਸਾਵੇਂਪਣ ਵੱਲ ਧਿਆਨ ਦੇਣਗੀਆਂ ਅਤੇ ਫੈਸਲੇ ਲੈਣ ਨਾਲ ਸੰਬੰਧਿਤ ਅਮਲਾਂ ਵਿਚ ਵਿਅਕਤੀਆਂ ਤੇ ਸਮੂਹਾਂ ਦੀ ਸਰਗਰਮ, ਆਜ਼ਾਦ, ਪ੍ਰਭਾਵਸ਼ਾਲੀ, ਸਾਰਥਿਕ ਤੇ ਸਮਝਦਾਰ ਸ਼ਮੂਲੀਅਤ ਨੂੰ ਯਕੀਨੀ ਬਣਾਉਣਗੀਆਂ"। ਇਸੇ ਆਰਟੀਕਲ ਦੇ ਉਪਬੰਦ 5 ਅਨੁਸਾਰ ਉਸਰਕਾਰਾਂ ਇਹ ਗੱਲ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕਣਗੀਆਂ ਕਿ ਰਸੂਖਵਾਨ ਗੈਰ-ਰਾਜਕੀ ਤੱਤ ਜਿਵੇਂ ਕਿ ਪ੍ਰਾਈਵੇਟ ਵਿਅਕਤੀ ਤੇ ਸੰਸਥਾਵਾਂ, ਕੌਮਾਂਤਰੀ ਕਾਰਪੋਰੇਸ਼ਨਾਂ ਅਤੇ ਦੂਸਰੇ ਕਾਰੋਬਾਰੀ ਅਦਾਰੇ, ਕਿਸਾਨਾਂ ਤੇ ਦਿਹਾਤੀ ਖੇਤਰ ਵਿੱਚ ਕੰਮ ਕਰਨ ਵਾਲੇ ਦੂਸਰੇ ਲੋਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨਗੇ ਅਤੇ ਇਨ੍ਹਾਂ ਦੀ ਮਜਬੂਤੀ ਲਈ ਕੰਮ ਕਰਨਗੇ"।ਕਾਸ਼! ਸਾਡੀ ਸਰਕਾਰ ਕਾਰਪੋਰੇਟ ਘਰਾਣਿਆਂ, ਅੰਬਾਨੀਆਂ, ਅਡਾਨੀਆਂ ਦੇ ਹਿਤਾਂ ਨੂੰ ਪ੍ਰਫੁੱਲਤ ਕਰਨ ਦੇ ਰਾਹ ਪੈਣ ਤੋਂ ਪਹਿਲਾਂ ਇਸ ਮਤੇ ਨੂੰ ਪੜ੍ਹ ਲੈਂਦੀ ਅਤੇ ਕਿਸਾਨਾਂ ਬਾਰੇ ਵੀ ਕੁੱਝ ਸਾਕਾਰਾਤਮਕ ਕਦਮ ਚੁੱਕਦੀ।

## ਕਿਸਾਨ-ਮਜ਼ਦੂਰ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਕਰੋਨਾ ਮਹਾਂਮਾਰੀ ਦੀ ਆੜ ਵਿਚ ਭਾਰਤ ਦੀ ਹਿੰਦੂਤਵਾ ਫਾਸ਼ੀਵਾਦੀ ਮੋਦੀ ਹਕੂਮਤ ਨੇ ਕਿਸਾਨ ਅਤੇ ਲੋਕ ਵਿਰੋਧੀ ਤਿੰਨ ਖੇਤੀ ਕਾਨੂੰਨ ਗੈਰ-ਕਾਨੂੰਨੀ ਢੰਗ ਨਾਲ ਲੋਕ ਸਭਾ ਅਤੇ ਰਾਜ ਸਭਾ 'ਚੋਂ ਪਾਸ ਕਰਵਾ ਲਏ ਹਨ। ਇਹ ਕਾਨੂੰਨ ਖੇਤੀ ਸੈਕਟਰ ਨੂੰ ਦਿਉ ਕੱਦ ਦੇਸੀ ਵਿਦੇਸ਼ੀ ਕੰਪਨੀਆਂ ਹਵਾਲੇ ਕਰਨ ਦੀ ਸਰਕਾਰੀ ਨੀਤੀ ਤਹਿਤ ਆਪਣੇ ਕਾਰਪੋਰੇਟ ਆਕਿਆਂ (ਅੰਬਾਨੀ-ਅਦਾਨੀ) ਨੂੰ ਖੁਸ਼ ਕਰਨ ਲਈ ਬਣਾਏ ਗਏ ਹਨ।

ਇਨ੍ਹਾਂ ਲੋਕ ਦੋਖੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੀਆਂ ਹਨ। ਪਹਿਲਾਂ ਪੰਜਾਬ 'ਚ ਰੇਲਾਂ ਰੋਕਣ, ਟੌਲ ਪਲਾਜੇ ਬੰਦ ਕਰਨ, ਬਹੁ-ਕੌਮੀ ਕੰਪਨੀਆਂ ਦੇ ਤੇਲ ਪੰਪ ਅਤੇ ਹੋਰ ਵਪਾਰਕ ਅਦਾਰਿਆਂ ਦਾ ਘੇਰਾਉ ਅਤੇ ਉਨ੍ਹਾਂ ਨੂੰ ਬੰਦ ਕਰਨ ਅਤੇ ਜਨਸੰਘ ਦੇ ਜ਼ਿਲ੍ਹਾ ਪੱਧਰੇ ਲੀਡਰਾਂ ਦੇ ਘਰਾਂ ਦਾ ਘੇਰਾਉ ਜੋ ਅੱਜ ਤੱਕ ਲਗਾਤਾਰ ਜਾਰੀ ਹੈ। ਹੁਣ ਇਹ ਜੱਥੇਬੰਦੀਆਂ 26-27 ਨਵੰਬਰ ਤੋਂ ਹਰਿਆਣਾ ਸਰਕਾਰ ਵਲੋਂ ਲਾਈਆਂ ਸਾਰੀਆਂ ਰੁਕਾਵਟਾਂ ਨੂੰ ਤੋੜਕੇ ਦੋ ਦਿੱਲੀ ਬਾਰਡਰਾਂ ਸਿੰਘੂ-ਕੁੰਡਲੀ ਅਤੇ ਟਿਕਰੀ ਬਾਰਡਰ ਉਪਰ ਸੰਘਰਸ਼ਸ਼ੀਲ ਹਨ। ਇਸ ਸੰਘਰਸ਼ ਨੂੰ ਹਰਿਆਣੇ ਦੇ ਕਿਸਾਨਾਂ ਵਲੋਂ ਮਿਲੀ ਬੇਮਿਸਾਲ ਮੱਦਦ ਤੋਂ ਸਿਵਾ ਯੂਪੀ, ਰਾਜਸਥਾਨ, ਕਰਨਾਟਕ, ਮਹਾਂਰਾਸ਼ਟਰ ਅਤੇ ਹੋਰ ਸੂਬਿਆਂ ਦੇ ਕਿਸਾਨ ਵੀ ਦਿੱਲੀ ਦੇ ਦੋ ਹੋਰ ਬਾਰਡਰਾਂ ਉਪਰ ਇਹ ਲੋਕ ਦੋਖੀ ਕਾਨੂੰਨ ਵਾਪਸ ਕਰਵਾਉਣ ਲਈ ਡਟੇ ਹੋਏ ਹਨ। ਇਸ ਘੋਲ ਨੂੰ ਸਮਾਜ ਦੇ ਹਰ ਵਰਗ ਜਿਵੇਂ ਖੇਤ ਮਜ਼ਦੂਰ, ਮੰਡੀ ਕਾਮੇ, ਮਜ਼ਦੂਰ, ਨਿੱਕੇ ਵਿਉਪਾਰੀ ਤੇ ਦੁਕਾਨਦਾਰ, ਨੌਜਵਾਨ, ਵਿਦਿਆਰਥੀ, ਅਧਿਆਪਕ, ਬੁੱਧੀਜੀਵੀ, ਲੇਖਕ, ਗਾਇਕ, ਰੰਗਕਰਮੀ, ਵਕੀਲ ਅਤੇ ਦੇਸ਼-ਵਿਦੇਸ਼ ਦੇ ਸਾਰੇ ਭਾਰਤੀਆਂ ਦੀ ਹਮਾਇਤ ਹਾਸਲ ਹੈ. ਇਹ ਘੋਲ ਐਸ ਵੇਲੇ ਇਕ ਬਹੁਤ ਹੀ ਅਨੁਸ਼ਾਸਤ, ਸ਼ਾਂਤਮਈ ਅਤੇ ਵਿਸ਼ਾਲ ਜੰਤਕ ਇਤਹਾਸਕ ਘੋਲ ਬਣ ਚੁਕਿਆ ਹੈ।

ਘੋਲ ਐਨਾ ਵਿਸ਼ਾਲ ਹੋਣ ਦੇ ਬਾਵਜੂਦ ਮੋਦੀ ਸਰਕਾਰ ਛਲ-ਕਪਟ ਦੀ ਨੀਤੀ ਰਾਹੀਂ ਇਸਨੂੰ ਫੇਲ ਕਰਨ ਉਪਰ ਤੁਲੀ ਹੋਈ ਹੈ। ਇਕ ਪਾਸੇ ਸਰਕਾਰ ਵਲੋਂ ਇਨ੍ਹਾਂ ਕਾਨੂੰਨਾਂ 'ਚ ਖਾਮੀਆਂ ਨੂੰ ਸਵੀਕਾਰ ਕਰਨਾ ਅਤੇ ਉਨ੍ਹਾਂ ਨੂੰ ਸੋਧਾਂ ਰਾਹੀਂ ਦੂਰ ਕਰਨ ਲਈ ਮੰਨਣਾ ਅਤੇ ਉਸੇ ਵੇਲੇ ਦੂਸਰੇ ਪਾਸੇ ਸਰਕਾਰੀ ਅਤੇ ਗੋਦੀ ਮੀਡੀਏ ਰਾਹੀਂ ਇਸ ਸੰਘਰਸ਼ ਨੂੰ ਬਦਨਾਮ ਕਰਨ, ਕਿਸਾਨ ਏਕੇ 'ਚ ਪਾੜ ਪਾਉਣ ਅਤੇ ਘੋਲ ਨੂੰ ਫੇਲ ਕਰਨ ਲਈ ਪੂਰੇ ਜ਼ੋਰ ਨਾਲ ਕੂੜ ਪ੍ਰਚਾਰ ਕਰ ਰਹੀ ਹੈ। ਸਰਕਾਰ ਦੇ ਇਸ ਹੰਕਾਰੀ ਵਰਤਾਉ ਤੋਂ ਲਗਦੈ ਕਿ ਮੋਦੀ ਹਕੂਮਤ ਕਿਸਾਨਾਂ ਨੂੰ ਭਾਰਤ ਦੇਸ਼ ਦੇ ਨਾਗਰਕ ਹੀ ਨਹੀਂ ਸਮਝਦੀ।

ਮੋਦੀ ਸਰਕਾਰ ਦੇ ਇਸ ਹੈਂਕੜੀ ਵਤੀਰੇ ਅਤੇ ਪੋਹ ਦੀ ਠੰਢ ਕਾਰਨ ਦਿੱਲੀ ਮੋਰਚੇ ਤੇ ਤਕਰੀਬਨ ਹਰਰੋਜ਼ ਇਕ ਯੋਧਾ ਸ਼ਹੀਦ ਹੋ ਰਿਹਾ ਹੈ ਅਤੇ ਹੁਣ ਤੱਕ ਦੋ ਦਰਜਨ ਤੋਂ ਵੱਧ ਯੋਧੇ ਸ਼ਹੀਦ ਹੋ ਚੁਕੇ ਹਨ। ਇਨ੍ਹਾਂ ਸ਼ਹੀਦਾਂ ਦੇ ਸਤਿਕਾਰ 'ਚ ਸਾਡੇ ਸਿਰ ਝੁਕਦੇ ਹਨ ਅਤੇ ਸਾਡਾ ਉਨ੍ਹਾਂ ਨੂੰ ਪ੍ਰਣਾਮ ਹੈ। ਅਸੀਂ ਉਨ੍ਹਾਂ ਦੇ ਪਰਿਵਾਰਾਂ, ਦੋਸਤਾਂ ਅਤੇ ਜੱਥੇਬੰਦੀਆਂ ਦੇ ਦੁੱਖ 'ਚ ਸ਼ਰੀਕ ਹਾਂ।

ਭਾਵੇਂ ਸਰਕਾਰ ਨੇ ਅਜੇ ਤੱਕ ਇਨ੍ਹਾਂ ਸ਼ਹੀਦੀਆਂ ਪ੍ਰਤੀ ਮੂੰਹ 'ਚ ਘੁੰਗਣੀਆਂ ਪਾ ਰੱਖੀਆਂ ਹਨ, ਪਰ ਇਹ ਸ਼ਹੀਦੀਆਂ ਇਸ ਫਾਸ਼ੀਵਾਦੀ ਸਰਕਾਰ ਖਿਲਾਫ ਲੋਕ ਰੋਹ ਨੂੰ ਹੋਰ ਜੋਸ਼ ਅਤੇ ਉਤਸ਼ਾਹ ਨਾਲ ਪਰਚੰਡ ਕਰਨਗੀਆਂ ਅਤੇ ਇਨ੍ਹਾਂ ਲੋਕ ਵਿਰੋਧੀ ਕਾਨੂੰਨਾਂ ਦੀ ਮੁਕੰਮਲ ਵਾਪਸੀ ਤਕ ਲੜਨ ਲਈ ਹੋਰ ਦ੍ਰਿੜ੍ਹਤਾ, ਸਿਦਕ ਅਤੇ ਹੌਸਲੇ ਬਖਸ਼ਣਗੀਆਂ। ਭਾਵੇਂ ਅਸੀਂ ਭਾਰਤ ਤੋਂ ਬਹੁਤ ਦੂਰ ਹਾਂ, ਪਰ ਸਾਡੇ ਮਨ, ਪਿਆਰ, ਖੁਸ਼ੀ, ਗਮੀ ਅਤੇ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ।

ਕਿਸਾਨ ਮਜ਼ਦੂਰ ਮੋਰਚੇ ਦੇ ਸ਼ਹੀਦਾਂ ਨੂੰ ਸਲਾਮ!

ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ!

**ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ**




Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ



# ਕਿਸਾਨਾਂ ਦੇ ਸਹਿਜ ਨੂੰ ਹੋਰ ਨਾ ਪਰਖੋ !







ਜਗਦੀਸ਼ ਸਿੰਘ ਚੋਹਕਾ
91-9217997445
001-403-285-4208

26-ਨਵੰਬਰ 2020 ਤੋਂ ਸ਼ੁਰੂ ਹੋਇਆ ਦੇਸ਼ ਅੰਦਰ ਕਿਸਾਨ ਅੰਦੋਲਨ 'ਜਿਹੜਾ ਤਿੰਨ ਖੇਤੀ ਕਨੂੰਨਾਂ ਅਤੇ ਬਿਜਲੀ ਦਾ ਤਜਵੀਜ਼ਸ਼ੁਦਾ ਕਨੂੰਨ ਰੱਦ ਕਰਾਉਣ ਲਈ ਹੈ। ਹਾਕਮਾਂ ਦੀਆਂ ਅਨੇਕਾਂ ਰੋਕਾਂ ਦੇ ਬਾਵਜੂਦ ਪੁਰ-ਅਮਨ ਦ੍ਰਿੜਤਾਪੂਰਬਕ ਅਤੇ ਇਕ ਸੁਰਤਾ ਰਾਹੀ ਪੈਰ ਪੈਰ ਦਿੱਲੀ ਦੀਆਂ ਬਰੂਹਾਂ ਵਲ ਅੱਗੇ ਵੱਧ ਰਿਹਾ ਹੈ। ਭਾਵੇਂ ਇਨ੍ਹਾਂ ਕਾਲੇ ਕਨੂੰਨਾਂ ਵਿਰੁਧ ਪਹਿਲ ਕਦਮੀ ਪੰਜਾਬ ਦੇ ਕਿਸਾਨਾਂ ਵੱਲੋਂ ਹੋਈ ਸੀ! ਪਰ ਅੱਜ ਇਹ ਅੰਦੋਲਨ ਦੇਸ਼ ਵਿਆਪੀ ਕਿਸਾਨ ਅੰਦੋਲਨ ਦਾ ਰੂਪ ਧਾਰ ਗਿਆ ਹੈ। ਕਿਸਾਨਾਂ ਦੇ ਹੱਕ ਵਿੱਚ 8-ਦਸੰਬਰ, 2020 ਦਾ ਭਾਰਤ ਬੰਦ ਤੇ 14-ਦਸੰਬਰ ਦੇ ਧਰਨੇ ਹਾਕਮਾਂ ਵੱਲੋ ਪਾਸ ਕੀਤੇ ਤਿੰਨ ਖੇਤੀ ਕਨੂੰਨਾਂ ਵਿਰੁਧ ਫਤਵਾ ਸੀ। ਕਿਸਾਨਾਂ ਦੇ ਹੱਕ ਵਿੱਚ ਇਹ ਭਾਰਤ ਬੰਦ ਤੇ ਧਰਨੇ ਹਾਕਮਾਂ ਵੱਲੋਂ ਦੇਸ਼ ਦੇ ਕੁਦਰਤੀ ਸੋਮਿਆਂ ਜਲ, ਜੰਗਲ ਅਤੇ ਜ਼ਮੀਨ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚੋ ਦੇਣ ਤੋਂ ਰੋਕਣਾ ਹੈ? ਪੰਜਾਬ 'ਚੋ ਖੇਤੀ ਕਨੂੰਨਾਂ ਵਿਰੁਧ ਚਲੀ ਇਸ ਲਹਿਰ ਨੂੰ ਕੁਚਲਣ ਲਈ ਹਾਕਮ ਕਾਰਪੋਰੇਟ ਘਰਾਣਿਆ ਦੇ ਇਸ਼ਾਰਿਆਂ ਹੱਥੀ ਚੜ੍ਹਕੇ ਬਹੁਤ ਉਲ੍ਹਾਰ ਹੋ ਗਏ ਲੱਗਦੇ ਹਨ। ਉਹ ਆਪਣੇ ਗਰੂਰ 'ਚ ਹਨ, 'ਕਿਉਂਕਿ ਉਨ੍ਹਾਂ ਦੀ ਦੇਸ਼ ਦੀ ਸੰਸਦ ਅੰਦਰ ਭਾਰੂ ਬਹੁ-ਗਿਣਤੀ ਹੈ। ਜੋ ਉਨ੍ਹਾਂ ਨੇ ਇਹ ਬਹੁ ਗਿਣਤੀ ਭਾਵ ਮਾਨਸਿਕਤਾ ਵਾਲੀ ਫਿਰਕੂ ਸੋਚ ਪੈਦਾ ਕਰਕੇ ਪ੍ਰਾਪਤ ਕੀਤੀ ਹੈ। ਹੁਣ ਉਸ ਦੇ ਬਲ ਬੂਤੇ ਦੇਸ਼ ਅੰਦਰ ਉਹ ਹਿੰਦੂ ਰਾਜ ਕਾਇਮ ਕਰਨ ਲਈ ਬਜ਼ਿਦ ਹਨ। ਇਕ ਦੇਸ਼, ਇਕ ਭਾਸ਼ਾ, ਇਕ ਕੌਮ, ਇਕ ਮਾਲਕੀ ਤੇ ਇਕ ਹੀ ਹਾਕਮ ਜਮਾਤ ਦਾ ਬੋਲਬਾਲਾ ਹੋਵੇ ਭਾਵ ਸਭ ਲੋਕਰਾਜੀ ਕਦਰਾਂ-ਕੀਮਤਾਂ ਦਾ ਮਲੀਆਮੇਟ ਕਰਨਾ?

ਭਾਰਤ ਦੇ ਹਾਕਮਾਂ ਵੱਲੋਂ ਪਾਰਲੀਮੈਂਟ ਅੰਦਰ ਲੋਕਰਾਜੀ ਕਦਰਾਂ ਕੀਮਤਾਂ ਨੂੰ ਜੋਰ-ਜ਼ਬਰ ਨਾਲ ਪਸਤ ਕੀਤਾ ਜਾ ਰਿਹਾ ਹੈ। ਸਤਾ ਦੇ ਦਬਾਅ ਅਧੀਨ ਆਪਣੀ ਹੌਮੇ ਲਈ, ਅਸਹਿਮਤੀ ਨੂੰ ਦਬਾਇਆ ਜਾ ਰਿਹਾ ਹੈ। ਇਥੋਂ ਤਕ ਕਿ ਚਿੰਤਕਾਂ ਦੇ ਲੋਕਾਂ ਪ੍ਰਤੀ ਜਾਰੀ ਕੀਤੇ ਕਥਨਾਂ ਨੂੰ ਵੀ ਹਾਕਮ ਆਪਣੀਆਂ ਮੰਦ-ਭਾਵਨਾਵਾਂ ਨਾਲ ਜੋੜ ਕੇ ਮਨਸੂਰ ਵਾਂਗ ਫਾਹੇ ਲਾਉਣ ਦੇ ਮਨਸੂਬੇ ਰੱਚ ਰਹੇ ਹਨ! ਦੇਸ ਦੇ ਅੰਨ-ਦਾਤਾ ਦੀ ਜ਼ਬਾਨ ਨੂੰ ਬੰਦ ਕਰਨ, ਹੱਕ ਲਈ ਫਰਿਆਦ ਕਰਨ ਲਈ ਜਾਣ ਤੋਂ ਰੋਕਣਾ! ਰੜੇ-ਮੈਦਾਨ ਠੰਡੀਆਂ 'ਤੇ ਕੋਹਰੇ ਵਾਲੀਆਂ ਰਾਤਾਂ ਅੰਦਰ ਮੰਗਾਂ ਨਾ ਮੰਨਣ ਲਈ ਲੰਬੇ ਸਮੇਂ ਦੀ ਸਜ਼ਾ ਰਾਹੀਂ ਮਜਬੂਰ ਕਰਨਾ ਤਾਂ ਕਿ ਮਾਨਸਿਕ ਤੇ ਸਰੀਰਕ ਸਜ਼ਾਵਾਂ ਰਾਹੀਂ ਕਿਸਾਨ ਪਿਛੇ ਹਟ ਜਾਣ? ਅੱਜ ਹਾਕਮ ਆਪਣੇ ਨਿਜੀ ਮੁਫ਼ਾਦਾ ਅਤੇ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਲਈ, 'ਕਿਸਾਨਾਂ ਨੂੰ ਵਿਸਾਰ ਕੇ ਸਭ ਕੁਝ ਕਰਨ ਨੂੰ ਤਿਆਰ ਹੋ ਗਏ ਹਨ। ਹੁਣ ਉਹ ਕਿਵੇਂ ਦੇਸ਼-ਭਗਤ ਤੇ ਭਾਰਤ ਦੇ ਲੋਕਾਂ ਪੱਖੀ ਕਹੇ ਜਾ ਸਕਦੇ ਹਨ? ਪਰ ਯਾਦ ਰੱਖੋ! ਹਿਟਲਰ ਵੀ ਨਹੀਂ ਰਿਹਾ ਸੀ ਅਤੇ ਹਾਕਮ ਵੀ ਨਹੀਂ ਰਹਿਣਗੇ? ਇਤਿਹਾਸ ਗਵਾਹ ਹੈ, 'ਕਿ ਇਹ ਕਿਸਾਨ ਅੰਦੋਲਨ ਕਿਸਾਨਾਂ ਦਾ ਹੈ। ਕਿਸਾਨਾਂ ਨੇ ਮਨ 'ਚ ਠਾਣ ਲਿਆ ਹੈ, ਜਿੱਤ ਹੋਵੇਗੀ? ਇਹ ਖੁਸ਼ੀ ਮੇਰੀ ਨਹੀਂ ਕਿਉਂਕਿ ਸਾਰੇ ਕਿਸਾਨ ਭਾਈਚਾਰੇ ਦੀ ਖੁਸ਼ੀ ਇਸ ਵਿੱਚ ਸਮੋਈ ਹੈ। ਸਾਡਾ ਭਵਿੱਖ ਲੋਕਾਂ ਦਾ ਭਵਿੱਖ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਸੁਪਨਿਆਂ ਅੰਦਰ ਲੋਕਾਂ ਦੀ ਭਲਾਈ ਦੀ ਕਿਆਸ-ਅਰਾਈ ਕੀਤੀ ਹੈ! ਫਿਰ ਜਿਤ ਸਾਡੀ ਹੀ ਹੋਵੇਗੀ?

ਮਲੂਮ ਹੁੰਦਾ ਹੈ, 'ਕਿ ਹਾਕਮਾਂ ਨੇ ਪੰਜਾਬ ਦੇ ਇਤਿਹਾਸ ਤੇ ਚਿੰਤਨ ਦਾ ਮੁਲਾਂਕਣ ਫਿਰਕੂ ਹਿਤਾਂ ਦੇ ਕਲਾਵੇ ਅੰਦਰ ਜੋੜ ਕੇ ਹੀ ਕੀਤਾ ਹੋਵੇਗਾ! ਆਰੀਆ ਲੋਕਾਂ ਦੇ ਆਗਮਨ ਤੋਂ ਲੈ ਕੇ ਅਠਾਰ੍ਹਵੀਂ ਸਦੀ ਅਫ਼ਗਾਨਾਂ ਦੇ ਹਮਲਿਆ ਤਕ, 'ਪੰਜਾਬ ਦੇ ਲੋਕਾਂ ਨੂੰ ਵਿਦੇਸ਼ੀ ਹਮਲਾਵਾਰ ਇਰਾਨੀ, ਯੂਨਾਨੀ, ਕੁਸ਼ਨ, ਹੂਨ, ਤੁਰਕ, ਮੁਗਲ ਤੇ ਅਫ਼ਗਾਨ ਜੋ ਉਤਰ-ਪੱਛਮੀ ਦੱਰਿਆ ਰਾਹੀਂ ਆਏ, ਨਾਲ ਕਈ ਵਾਰ ਦੋ-ਹੱਕ ਹੋਣਾ ਪਿਆ ਸੀ। "ਕਰੀ" ਦੀ ਲੜਾਈ, "ਤਰੇਨ" ਦੀਆਂ ਲੜਾਈਆਂ, "ਪਾਣੀਪਤ" ਦੀਆਂ ਲੜਾਈਆਂ ਸਭ ਪੰਜਾਬ ਅੰਦਰ ਹੀ ਲੜੀਆਂ ਗਈਆਂ ਸਨ। ਵਿਦੇਸ਼ੀਆਂ ਦੇ ਲਗਾਤਾਰ ਹਮਲਿਆ ਕਾਰਨ ਤੇ ਜੰਗਾਂ ਕਰਕੇ ਪੰਜਾਬੀਆਂ ਨੇ ਸਰੀਰਕ ਅਤੇ ਆਰਥਿਕ ਤੌਰ ਤੇ ਭਾਵੇਂ ਬਹੁਤ ਸਾਰੇ ਨੁਕਸਾਨ ਉਠਾਏ! ਇਹ ਸਾਰੇ ਕਸ਼ਟ ਉਨ੍ਹਾਂ ਨੂੰ ਪੰਜਾਬ ਦੀ ਭੂਗੋਲਿਕ ਸਥਿਤੀ ਕਾਰਨ ਕਈ ਵਾਰ ਭੋਗਣੇ ਵੀ ਪਏ! ਪਰ ਇਨ੍ਹਾਂ ਸੰਘਰਸ਼ਾਂ ਅੰਦਰ ਹੀ ਪੰਜਾਬੀ ਚਰਿਤਰ ਵੱਜੋਂ ਨਰੋਏ ਬਣ ਕੇ ਹਰ ਵਾਰ ਨਿਖ਼ਰ ਕੇ ਅੱਗੇ ਆਏ! ਇਨ੍ਹਾਂ ਕਾਰਨਾਂ ਕਰਕੇ ਹੀ ਪੰਜਾਬੀ, 'ਹੌਸਲਾ, ਸਹਿਣ-ਸ਼ੀਲਤਾ, ਆਤਮ-ਨਿਰਭਰਤਾ, ਸੇਵਾ-ਭਾਵਨਾ ਤੇ ਕੁਰਬਾਨੀ ਆਦਿ ਗੁਣਾਂ ਨੂੰ ਪ੍ਰਣਾਏ ਅਤੇ ਅਤੇ ਅਡੋਲ ਰਹਿਣ ਵਾਲੇ ਸੰਸਾਰ ਅੰਦਰ ਆਪਣੀ ਇਕ ਅਦਿੱਖ ਕਰਨੀ ਤੇ ਕਹਿਣੀ ਕਰਕੇ ਹੀ ਜਾਣੇ ਜਾਂਦੇ ਰਹੇ ਹਨ। ਪਿਛਲਾ ਇਤਿਹਾਸ, 'ਨਦੀਆਂ, ਜੰਗਲਾਂ 'ਤੇ ਇਥੋਂ ਦੇ ਪੌਣ-ਪਾਣੀ ਦੇ ਕਾਰਨ ਹੀ ਵਿਦੇਸ਼ੀਆਂ ਨਾਲ ਲੋਹਾ-ਲੈਣ ਲਈ ਸਹਾਈ ਹੁੰਦਾ ਰਿਹਾ। ਭਾਵੇਂ ਲਗਾਤਾਰ ਸ਼ਾਂਤੀ ਨਾ ਰਹਿਣ ਕਰਕੇ ਕਲਾ ਤੇ ਸਾਹਿਤ 'ਚ ਪੰਜਾਬ ਜੋ ਪਿਛੇ ਰਹਿ ਗਿਆ ਸੀ। ਪਰ ਸਿੱਖ ਧਰਮ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਣ ਨੇ ਇਸ ਘਾਟ ਨੂੰ ਸਦਾ ਲਈ ਦੂਰ ਕਰ ਦਿੱਤਾ। ਪੰਜਾਬ ਹੀ ਆਖਰੀ ਰਾਜ ਸੀ ਜੋ ਅੰਗਰੇਜ਼ਾਂ ਦੇ ਅਧਿਕਾਰ ਅਧੀਨ ਭਾਰਤ ਅੰਦਰ ਗੁਲਾਮ ਹੋਇਆ ਸੀ। ਪੰਜਾਬੀਆਂ ਦੀ ਦੇਸ਼ ਭਗਤੀ ਤੇ ਉਂਗਲ ਕਰਨੀ ਹਾਕਮਾਂ ਦੀ ਖੁਦ ਦੀ 'ਸਾਕਤ ਸਚੁ ਨਾ ਭਾਵਈ' ਵਾਲੀ ਮਕਾਰ ਭਰੀ ਨੀਤੀ ਤੇ ਨੀਤ ਹੋਵੇਗੀ।

ਪੰਜਾਬ ਦੀ ਧਰਤੀ ਉਪਜਾਊ-ਪਣ ਦੇ ਨਜ਼ਰੀਏ ਤੋਂ ਕਈ ਪ੍ਰਕਾਰ ਦੀ ਹੈ। ਕਿਤੇ ਉਪਜਾਊ, ਕਿਤੇ ਸੁੱਕੀ, ਬੰਜਰ ਤੇ ਟਿੱਬੇ! ਸਰਦੀਆਂ ਵਿੱਚ ਇੱਥੇ ਬਹੁਤ ਠੰਡ ਤੇ ਗਰਮੀਆਂ ਨੂੰ ਗਰਮੀ ਤੇ ਨਮਵਾਲੀ ਹੋਣ ਕਰਕੇ ਇਥੋਂ ਦਾ ਪੌਣ-ਪਾਣੀ ਕਣਕ ਤੇ ਦੂਸਰੇ ਅਨਾਜਾਂ ਹਾੜੀ-ਸੌਣੀ ਲਈ ਵੱਤਰ ਕਿਹਾ ਜਾ ਸਕਦਾ ਹੈ। ਖੇਤੀ ਪੱਖੋ ਤੇ ਆਰਥਿਕ ਤੌਰ 'ਤੇ ਸੌਲ੍ਹਵੀ ਸਦੀ ਤੋਂ ਹੀ ਪੰਜਾਬ ਇਕ ਧਨੀ-ਪ੍ਰਾਂਤ ਸੀ। ਖਾਸ ਕਰਕੇ ਸਤਲੁਜ ਤੋਂ ਜਿਹਲਮ ਦੇ ਵਿਚਕਾਰ ਫੈਲੇ ਉਪਜਾਊ ਮੈਦਾਨ, 'ਕਈ ਤਰ੍ਹਾਂ ਦੇ ਅਨਾਜ ਦੀ ਪੈਦਾਵਾਰ ਹੋਣ ਕਾਰਨ ਹੀ ਲੋਕਾਂ ਦੇ ਢਿੱਡ ਭਰਨ ਲਈ ਇਥੇ ਕਾਫੀ ਅੰਨ ਪੈਦਾ ਹੁੰਦਾ ਸੀ। ਸ਼ੁਰੂ ਤੋਂ ਹੀ ਇਥੇ ਭਾਰਤ ਦੇ ਬਾਕੀ ਲੋਕਾਂ ਨਾਲੋ ਜੀਵਨ ਪੱਧਰ ਉਚਾ ਸੀ। ਖੇਤੀਬਾੜੀ ਨਾਲ ਸਬੰਧਤ ਪੰਜਾਬੀ ਜੋ 'ਜੱਟ' ਕਹਿਲਾਉਂਦੇ ਸਨ, ਮਿਹਨਤੀ, ਹਠੀਲੇ ਅਤੇ ਉਚੇ-ਲੰਬੇ ਪੰਜਾਬੀ ਹੀ ਸਿੱਖ ਧਰਮ ਦੇ ਪੈਰੋਕਾਰ ਬਣੇ। ਸਿੱਖਾਂ ਅੰਦਰ ਬਹੁ ਗਿਣਤੀ ਜੱਟਾਂ ਦੀ ਸੀ, ਜੋ ਆਪਣੇ ਲੜਾਕੇ ਤੇ ਮਿਹਨਤੀ ਸੁਭਾਅ ਦੇ ਕਾਰਨ ਸਿੱਖ ਧਰਮ ਵਿੱਚ ਆਪਣਾ ਦਰਜਾ ਰੱਖਦੇ ਸਨ! ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋ ਚਲਾਇਆ ਗਿਆ "ਖਾਲਸਾ ਪੰਥ" ਜੋ ਸਾਂਝ ਮਿਸ਼ਨ, ਜਾਤ-ਪਾਤ ਰਹਿਤ, ਪੰਜ ਪਿਆਰਿਆ ਵਾਲੀ ਪੰਚਾਇਤੀ ਜਮਹੂਰੀਅਤ ਅਤੇ ਕੁਰਬਾਨੀ ਵਾਲਾ ਸੀ, ਜਿਸ ਕਾਰਨ ਹੀ ਅੱਗੋ ਬੰਦਾ ਬਹਾਦਰ ਦੇ ਆਗਮਨ ਰਾਹੀ ਜਿਸ ਨੇ ਭਾਰਤ ਦੇ ਉਤਰ-ਪੱਛਮ (ਪੰਜਾਬ) ਖਿਤੇ ਅੰਦਰ ਇਕ ਰਾਜਨੀਤਕ ਸ਼ਕਤੀ ਦੇ ਰੂਪ ਵਿੱਚ ਲਿਆਂਦੇ ਉਭਾਰ ਨੇ ਹੀ ਮੁਗ਼ਲ ਰਾਜ ਦੀਆਂ ਜੜ੍ਹਾਂ ਨੂੰ ਉਖਾੜ ਦਿੱਤਾ ਸੀ। ਇਸ ਅੰਦੋਲਨਕਾਰੀ ਇਤਿਹਾਸਕ ਪ੍ਰੀਵਰਤਨ ਨੇ ਹੀ ਭਾਰਤ ਦੀ ਧਰਤੀ ਤੇ ਬਹੁਤ ਸਾਰੀਆਂ ਕੁਰਬਾਨੀਆਂ ਕਰਕੇ ਅੱਗੋ ਲਈ ਇਕ ਜਿਊਂਦਾ ਜਾਗਦਾ ਇਤਿਹਾਸ ਕਾਇਮ ਕਰਦੇ ਹੋਏ ਪੰਜਾਬ ਨੂੰ ਦੁਨੀਆਂ ਅੰਦਰ ਗਤੀ-ਸ਼ੀਲ ਬਣਾ ਦਿੱਤਾ? ਹਾਕਮਾਂ ਨੂੰ ਦੱਸ ਦਿਉ ਸਾਡਾ ਨਿਸ਼ਾਨ ਠੀਕ ਹੈ, ਤੁਹਾਨੂੰ ਪਿਛੇ ਹੱਟਣਾ ਪਏਗਾ।

ਭਾਰਤ ਦੇ ਮੱਧਕਾਲ ਵੇਲੇ ਦਿਲੀ ਦਾ ਸਾਸ਼ਕ ਇਬਰਾਹਿਮ ਲੋਧੀ (1517-1526 ਈ:) ਪਠਾਨ ਬਾਦਸ਼ਾਹ ਸੀ। ਪੰਜਾਬ ਅੰਦਰ ਉਸ ਵੇਲੇ ਦਾ ਰੁਕਨ ਦੌਲਤ ਖਾਂ ਸੀ। ਦੇਸ਼ ਅੰਦਰ ਅਸ਼ਾਂਤੀ, ਬੇ-ਇਤਬਾਰੀ, ਦਿਲ ਕੰਬਾਊ ਘਟਨਾਵਾਂ, ਕਤਲ, ਜੋਰ-ਜ਼ਬਰ ਅਤੇ ਸੀਨਾ ਜੋਰੀ ਦਾ ਮਾਹੌਲ ਸੀ। ਧਰਮ, ਮਾਣ, ਸਚਾਈ, ਰੁਤਬਾ ਤੇ ਕਿਸਾਨ ਦੀ ਮਿਹਨਤ ਸਭ ਬਾਜ਼ਾਰਾਂ ਅੰਦਰ ਵਿਕਤੀ ਤੇ ਰੁੱਲਦੀ ਸੀ। ਸਰਕਾਰੀ ਅਮਲਾ ਤੇ ਨਾਜ਼ਿਮ ਸਭ ਭਰਿਸ਼ਟ, ਜ਼ਾਲਮ, ਤੁਅੱਸਬੀ ਅਤੇ ਮਾਰ-ਖੋਰ ਹੋ ਚੁੱਕੇ ਸਨ!

**ਸਾਹਾਂ ਸੁਰਤਿ ਗਵਾਈਆ,**
**ਰੰਗ ਤਮਾਸ਼ੇ ਚਾਇ। (ਗੁਰੂ ਨਾਨਕ)**

ਲੋਕਾਂ ਦੀ ਭਲਾਈ ਦਾ ਕੋਈ ਖਿਆਲ ਨਹੀਂ, ਝੂਠ, ਭ੍ਰਿਸ਼ਟਚਾਰ ਅਤੇ ਹਾਕਮ ਭੋਗ ਵਿਲਾਸ 'ਚ ਗਲਤਾਨ, ਆਦਮਖੋਰ ਬਣ ਗਏ ਬੈਠੇ ਹੋਏ ਸਨ। ਮੁਨਸਿਬਾਂ ਦਾ ਵਤੀਰਾ ਕੁਤਿਆਂ ਵਰਗਾ ਸੀ। ਮਾਨੋ ਉਹ ਲੋਕਾਈ ਦਾ ਮਾਸ ਨੋਚ-ਨੋਚ ਕੇ ਖਾ ਰਹੇ ਸਨ ਅਤੇ ਖੂਨ ਚੱਟਦੇ ਸਨ !

**ਕਲ ਆਈ ਕੁਤੇ ਮੂਹੀ,**
**ਖਾਜ ਹੋਆ ਮੁਰਦਾਰ ਗੁਸਾਈ।**
**ਰਾਜੇ ਪਾਪ ਕਮਾਂਵਦੇ ਉਲਟੀ**
**ਵਾੜ ਖੇਤ ਕੋ ਖਾਈ।**

ਹੁਕਮਰਾਨ ਜਮਾਤ ਬੇਅਸੂਲੀ, ਹਿੰਸਾਵਾਦੀ ਤੇ ਲੋਕਾਂ ਨਾਲ ਅਨਿਆਏ ਦੇ ਰਾਹ ਪਈ ਹੋਈ ਸੀ। ਹਾਕਮਾਂ ਨੇ ਕੁਝ ਤੇ ਪਾਪ ਦਾ ਰਾਹ ਫੜਿਆ ਹੋਇਆ ਸੀ। ਕਿਉਂਕਿ ਪਰਜਾ ਅੱਜੇ ਏਨੀ ਸਿਆਣੀ ਅਤੇ ਗੁਣੀ-ਗਿਆਨੀ ਨਹੀਂ ਸੀ। ਉਹ ਹਾਕਮਾਂ ਦੇ ਜੁਲਮਾਂ ਨੂੰ ਜਰਦੀ ਸੀ, ਕਿਉਂਕਿ ਉਹ ਜਾਗਰੂਕ ਨਹੀਂ ਸੀ?

**ਪਰਜਾ ਅੰਧੀ ਗਿਆਨ ਬਿਣ ਕੂੜ**
**ਕੁਸਤੁ ਮੁਖਹੁ ਅਲਾਈ।**
**ਵਰਤਿਆ ਪਾਪ ਸਭਸ ਜਗ ਮਾਹੀ**
**(ਭਾਈ ਗੁਰਦਾਸ ਜੀ)।**

ਦਿਲੀ ਦੇ ਹਾਕਮ ਇਬਰਾਹਿਮ ਲੋਧੀ ਦੇ ਜੁਲਮਾਂ ਅਤੇ ਅੱਤਿਆਚਾਰਾਂ ਵਿਰੁਧ ਗੁਰੂ ਨਾਨਕ ਦੇਵ ਜੀ (1469-1539) ਨੇ ਲੋਕਾਂ ਦੀ ਪੀੜਾਂ ਅਤੇ ਆਚਰਣ ਅੱਧੋਗਤੀ ਲਈ ਹਾਕਮਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ, 'ਇਸ ਅਨਿਆਏ ਵਿਰੁੱਧ, 'ਉਸ ਵੇਲੇ ਹਾਕਮਾਂ ਨੂੰ ਵੰਗਾਰਦੇ ਹੋਏ ਉਨ੍ਹਾਂ ਨੂੰ ਫਿਟ-ਲਾਹਨਤਾਂ ਪਾਈਆਂ। ਗੁਰੂ ਜੀ ਨੇ ਹਾਕਮਾਂ ਨੂੰ "ਕੁੱਤਿਆ" ਸਮਾਨ ਕਿਹਾ, 'ਜਿਨ੍ਹਾਂ ਨੇ "ਰਤਨ" ਜਿਹੇ ਹਿੰਦੁਸਤਾਨ ਨੂੰ ਘੱਟੇ-ਕੌਡੀ ਰੁਲਾ ਦਿੱਤਾ। ਨਾਲ ਹੀ ਇਹ ਵੀ ਕਿਹਾ, 'ਕਿ ਜਦੋਂ ਉਹ ਮਰ ਜਾਣਗੇ ਤਾਂ ਕਿਸੇ ਨੇ ਇਨ੍ਹਾਂ ਦੀ ਬਾਤ ਵੀ ਨਹੀ ਪਾਉਂਦੀ ! ਇਸ ਤਰ੍ਹਾ ਬਾਬਰ ਦੇ ਅੱਤਿਆਚਰਾਂ ਨੂੰ ਵੀ ਗੁਰੂ ਜੀ ਨਾ ਜ਼ਰ ਸੱਕੇ ਅਤੇ ਬਾਬਰ ਨੂੰ ਵੀ ਨਿਰਦਈ ਕਹਿ ਕੇ ਉਸ ਦੀ ਨਿਖੇਧੀ ਕੀਤੀ। ਸਗੋਂ ਰੱਬ ਨਾਲ ਵੀ ਸ਼ਿਕਵਾ ਕੀਤਾ।

**ਪਾਪ ਦੀ ਜੰਞ ਲੈ ਕਾਬਲਹੁ ਧਾਇਆ,**
**ਜੋਰੀ ਮੰਗੇ ਦਾਨ ਵੇ ਲਾਲੋ ।**
**ਸ਼ਰਮ ਧਰਮ ਦੋਏ ਛਪ ਖਲੋਏ,**
**ਕੂੜ ਫਿਰੈ ਪ੍ਰਧਾਨ ਵੇ ਲਾਲੋ।**
**(ਗੁਰੂ ਨਾਨਕ)**
**ਏਤੀ ਮਾਰ ਪਈ ਕੁਰਲਾਣੇ**
**ਤੈ ਕੀ ਦਰਦ ਨਾ ਆਇਆ॥**
**(ਪੰਨਾ 360/13 ਗੁਰੂ ਗ੍ਰੰਥ ਸਾਹਿਬ ਜੀ)**

ਦਿੱਲੀ ਅੰਦਰ ਚਲ ਰਿਹਾ ਕੁਲ ਹਿੰਦ ਦਾ ਕਿਸਾਨ ਅੰਦੋਲਨ ਕਈ ਪੜਾਵਾਂ ਥਾਂਈ ਲੰਘ ਚੁੱਕਾ ਹੈ। ਦਿੱਲੀ ਵਿਖੇ ਹਾਕਮਾਂ ਦੀ ਧੱਕੇਸ਼ਾਹੀ ਵਿਰੁਧ ਪੰਜਾਬ, ਹਰਿਆਣਾ, ਯੂ.ਪੀ., ਰਾਜਸਥਾਨ ਅਤੇ ਦੇਸ਼ ਦੇ ਦੂਸਰੇ ਹਿੱਸਿਆਂ 'ਚੋ 'ਕਿਸਾਨ ਇੱਥੇ ਪੁਜ ਕੇ ਅੰਦੋਲਨ ਵਿੱਚ ਪੂਰਾ-ਪੂਰਾ ਯੋਗਦਾਨ ਪਾ ਰਹੇ ਹਨ। ਪਰ ਪੰਜਾਬੀਆਂ ਦੇ ਅਣਚੇਤਨ ਅੰਦਰ ਪਿਛਲੇ ਸਮਿਆਂ ਦੌਰਾਨ ਹਾਕਮਾਂ ਵਲੋਂ ਕੀਤੇ ਧੱਕੇਸ਼ਾਹੀ ਦੇ ਜਖ਼ਮ ਅੱਜੇ ਪੰਜ-ਸਦੀਆਂ ਬਾਦ ਵੀ ਭਰੇ ਗਏ ਨਹੀ ਲਗਦੇ ਹਨ। ਦਿੱਲੀ ਉਨ੍ਹਾਂ ਨੂੰ ਜਾਬਰ, ਵਿਸ਼ਵਾਸ਼ਘਾਤੀ ਅਤੇ ਚਾਤੁਰ ਨੀਤ ਤੇ ਨੀਤੀ ਵੱਜੋਂ ਚੁੱਭ ਰਹੀ ਹੈ। ਇਸ ਲਈ ਕੁਝ ਸਦੀਆਂ ਪਿਛੇ ਜਾਣਾ ਪਏਗਾ ਤਾਂ ਕਿ ਹਾਕਮਾਂ ਨੂੰ ਕਿਸਾਨਾਂ ਦੇ ਸੰਘਰਸ਼ ਦਾ ਹੱਲ ਤਲਾਸ਼ਣ ਲਈ ਮਜਬੂਰ ਹੋਣਾ ਪਏ। ਪੰਜਾਬ ਅੰਦਰ ਬੰਦਾ ਬਹਾਦਰ ਦੀ ਮੌਤ ਦੇ ਦੌਰ ਪਿਛੋਂ ਸਿੱਖਾਂ ਨੇ ਇਕ ਆਜ਼ਾਦ ਰਿਆਸਤ ਬਣਾਈ। ਪ੍ਰੰਤੂ ਇਹ ਬੰਦਾ ਬਹਾਦਰ ਹੀ ਸੀ ਜਿਸ ਨੇ ਉਨ੍ਹਾਂ ਨੂੰ ਲੜਨਾ, ਫਤਹਿ ਕਰਨਾ ਅਤੇ ਸਦੀਆਂ ਦੀ ਗੁਲਾਮੀ ਦੇ ਪਿਛੋਂ ਪੰਜਾਬੀਆਂ ਦੇ ਦਿਲਾਂ ਵਿੱਚ ਇਕ ਆਜਾਦ ਹਕੂਮਤ ਬਣਾਉਣ ਦਾ ਜਜ਼ਬਾ ਉਤਪਨ ਕੀਤਾ! ਇਹ ਬੰਦਾ ਬਹਾਦਰ ਦੇ ਕਾਰਨਾਮੇ ਹੀ ਸਨ ਜਿਨ੍ਹਾਂ ਨੇ ਸਿੱਖਾਂ ਅੰਦਰ ਦੇਸ਼ ਅਤੇ ਕੌਮ ਲਈ ਜਿਊਂਦੇ ਰਹਿਣ ਅਤੇ ਮਰਨ ਦਾ ਪੱਕਾ ਨਿਸ਼ਚਾ ਉਤਪਨ ਕੀਤਾ ਅਤੇ ਇਹ ਉਸੇ ਪੱਕੇ ਨਿਸਚੇ ਕਾਰਨ ਹੀ ਸੀ, 'ਕਿ ਪੰਜਾਬੀ ਹਿੰਦੂ-ਸਿੱਖਾਂ ਨੇ ਇੱਕਠੇ ਮਿਲ ਕੇ ਪੰਜਾਬ ਵਿੱਚੋਂ ਘ੍ਰਿਣਤ "ਮੁਗਲ ਅਤੇ ਅਫ਼ਗਾਨ" ਰਾਜ ਦਾ ਅੰਤ ਕੀਤਾ। ਉਥੇ ਆਪਣੇ ਲਈ ਇਕ ਆਜ਼ਾਦ ਰਾਜ ਸਥਾਪਤ ਕੀਤਾ ਜਿਸ ਨੂੰ ਉਹ ਆਪਣਾ ਜਮਾਂਦਰੂ ਅਧਿਕਾਰ ਸਮਝਦੇ ਸਨ (ਡਾ:ਗੰਡਾ ਸਿੰਘ)

ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਅੰਦਰ (ਪੈਰੋਕਾਰਾਂ) ਧਰਮ ਦੀ ਕਿਰਤ ਕਰਨੀ, ਵੰਡ ਕੇ ਛੱਕਣਾ ਤੇ ਬੇਲੋੜੇ ਆਦਰਸ਼ਾਂ ਅਤੇ ਵਿਖਾਇਆ ਦੇ ਰੀਤ-ਰਿਵਾਜਾਂ ਤੋਂ ਪ੍ਰਹੇਜ਼ ਕਰਨਾ ਤੇ ਭਾਈਚਾਰੇ ਨੂੰ ਮਜ਼ਬੂਤ ਕਰਨਾ ਸਿਖਾਇਆ। ਸਿੱਖ ਧਰਮ ਅੰਦਰ ਲੰਗਰ ਦੀ ਪ੍ਰਥਾ ਚਾਲੂ ਕਰਕੇ ਸਿੱਖ ਗੁਰੂਆਂ ਨੇ ਜਾਤ-ਪਾਤ, ਊਚ-ਨੀਚ ਅਤੇ ਵੱਡੇ-ਛੋਟੇ ਵਿਚਕਾਰ ਭਿੰਨ-ਭੇਦ ਨੂੰ ਸੱਟ ਮਾਰੀ। ਸਿੱਖ ਗੁਰੂਆਂ ਦੀ ਸਹਿਣਸ਼ੀਲਤਾ ਅਤੇ ਭਾਈਚਾਰਕ ਸਾਂਝ ਅਤੇ ਭਾਰਤ ਦੇ ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਕ ਬਹੁਤ ਹੀ ਮਹਾਨ ਘਟਨਾ ਸੀ। ਇਸ ਸ਼ਹਾਦਤ ਨੇ ਹੀ ਇਕ ਗੱਲ ਪੱਕੀ ਕਰ ਦਿੱਤੀ ਸੀ, 'ਕਿ ਸਿੱਖ ਧਰਮ ਗਰੀਬਾਂ, ਮਜ਼ਲੂਮਾਂ ਅਤ ਨਿਰਆਸਰਿਆ ਦੀ ਰੱਖਿਆ ਅਤੇ ਜ਼ੁਲਮ ਵਿਰਧ ਹਾਅ! ਦਾ ਨਾਹਰਾ ਮਾਰਨ ਵਾਲੀ ਇਕ ਸੰਸਥਾ ਹੈ। ਦੂਸਰੇ ਫ਼ਿਰਕੇ ਲਈ ਕੁਰਬਾਨੀ ਦੇਣ ਦੀ ਪ੍ਰਥਾ ਦਾ ਸਿਹਰਾ ਵੀ ਸਿੱਖ ਗੁਰੂਆਂ ਦੇ ਸਿਰ ਜਾਂਦਾ ਹੈ। ਦੇਸ਼ ਅੰਦਰ ਅਜਿਹੀਆਂ ਹਜ਼ਾਰਾਂ ਉਦਾਹਰਣਾਂ ਹਨ ਜਿਥੇ ਹੋਰ ਲੋਕਾਂ ਨੇ ਵੀ ਹਾਕਮੀ ਜ਼ਬਰ ਵਿਰੁਧ ਪੂਰੇ ਸਬਰ, ਸਿਦਕ ਅਤੇ ਸ਼ਾਂਤਮਈ ਢੰਗ ਨਾਲ ਸਾਮੰਤਵਾਦ, ਬਸਤੀਵਾਦ ਅਤੇ ਮੌਜੂਦਾਂ ਹਾਕਮਾਂ ਦੇ ਅੱਤਿਆਚਾਰ ਦਾ ਡੱਟ ਕੇ ਮੁਕਾਬਲਾ ਕੀਤਾ। ਮੁਕਤੀ ਅੰਦੋਲਨ ਵੇਲੇ ਬੰਗਾਲ ਤੇ ਆਸਾਮ ਅੰਦਰ ਤੇ-ਭਾਗਾ ਲਹਿਰ, ਟਰਾਵਨਕੋਰ ਰਿਆਸਤ ਅੰਦਰ ਪੁਨਪਰਾ ਵਾਇਆ ਲਾਰ ਲਹਿਰ, ਬਿਹਾਰ ਅੰਦਰ ਬਿਰਸਾ ਮੁੰਡਾ, ਆਂਧਰਾ ਅੰਦਰ ਤਿੰਲਗਾਨਾ, ਦਿੱਲੀ ਦੇ ਆਲੇ-ਦੁਆਲੇ ਸਤਨਾਮੀ ਲਹਿਰ, ਪੰਜਾਬ ਅੰਦਰ ਕਿਸਾਨੀ ਮੋਰਚੇ, ਕਸ਼ਮੀਰ ਅੰਦਰ ਨੁਕਾ ਨਲ ਅਜਿਹੇ ਹੋਰ ਸੈਂਕੜੇ ਕਿਸਾਨ ਮੋਰਚੇ ਸਨ। ਜਿਨ੍ਹਾਂ ਅੰਦਰ ਕਿਸਾਨਾਂ ਨੇ ਨਿਸ਼ਾਨੇ ਨੂੰ ਸਥਾਪਤ ਕਰਕੇ ਅਨ੍ਹੇਰੇ ਨੂੰ ਰੌਸ਼ਨੀ 'ਚ ਬਦਲਣ ਲਈ ਸਫਲਤਾ ਪ੍ਰਾਪਤ ਕੀਤੀ ਸੀ।

ਦਿੱਲੀ ਦੇ ਆਲੇ ਦੁਆਲੇ ਕਿਸਾਨਾਂ ਦਾ ਪੁਰ-ਅਮਨ ਅੰਦੋਲਨ ਅੱਗੇ ਵੱਧ ਰਿਹਾ ਹੈ। ਇਸ ਅੰਦੋਲਨ ਦੀ ਸ਼ੁਰੂਆਤ ਭਾਵੇਂ ਪੰਜਾਬ ਦੀਆਂ ਵੱਖ-ਵੱਖ ਕਿਸਾਨ ਸਭਾਵਾਂ ਨੇ ਬੀੜਾ ਚੁੱਕ ਕੇ ਇਸ ਅੰਦੋਲਨ ਨੂੰ ਦੇਸ਼ ਦੇ ਸੰਗਠਨ ਕਿਸਾਨਾਂ ਦਾ ਰੂਪ ਦੇਣ ਲਈ ਇਕ ਨਿਗਰ ਹਿੱਸਾ ਪਾਇਆ ਹੈ। ਪਰ ਹਾਕਮ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਥਾਂ ਨਿਤ-ਦਿਨ ਕੋਈ ਨਾ ਕੋਈ ਭਸੂੜੀ ਖੜੀ ਕਰਕੇ ਅੰਦੋਲਨ ਨੂੰ ਕੁਰਾਹੇ ਪਾਉਣ ਦੀਆਂ ਚਾਲਾਂ ਚਲ ਰਹੇ ਹਨ। ਬਾਵਜੂਦ ਇਸ ਦੇ ਕਿਸਾਨ ਲਹਿਰ ਅੱਗੇ ਵੱਧ ਰਹੀ ਹੈ। ਸ਼ਾਂਤ ਤੇ ਅਨੁਸ਼ਾਸਿਤ ਅੰਦੋਲਨ ਤੋਂ ਘਬਰਾਏ ਹਾਕਮ ਪਾੜੋ ਤੇ ਰਾਜ ਕਰੋ ਨੀਤੀ ਰਾਹੀਂ ਕੋਈ ਨਾ ਕੋਈ ਬਹਾਨਾ ਲੱਭ ਰਹੇ ਹਨ! ਤਿੰਨ ਖੇਤੀ ਕਨੂੰਨਾਂ ਦੇ ਕਿਸਾਨੀ ਤੇ ਪੈਣ ਵਾਲੇ ਦੂਰ-ਪ੍ਰਭਾਵਾਂ ਵਿਰੁਧ, ਵਾਤਾਵਰਨ ਸਬੰਧੀ ਲੋਕ ਵਿਰੋਧੀ ਆਰਡੀਨੈਂਸ ਤੇ ਬਿਜਲੀ ਸੋਧ ਬਿਲ 2020 ਰੱਦ ਕਰਨ ਦੀ ਥਾਂ, ਮੋਦੀ-ਸ਼ਾਹ ਦਾ ਅੜੀਅਲ ਵਤੀਰਾ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਥਾਂ ਕਿਸਾਨ ਅੰਦੋਲਨ ਉਤੇ ਜ਼ਬਰ ਢਾਉਣ ਲਈ ਸਖ਼ਤੀ ਕਰਨ ਦੇ ਬਹਾਨੇ ਲੱਭ ਰਿਹਾ ਹੈ। ਦੇਖੋ ! ਮੰਤਰੀ ਮੰਡਲ ਦੇ ਵਜ਼ੀਰ ਤੋਮਰ ਤੇ ਗੋਇਲ ਬਿਆਨ ਦਾਗਦੇ ਹਨ, 'ਕਿ ਕਿਸਾਨਾਂ ਦੇ ਪ੍ਰਦਰਸ਼ਨ ਪਿਛੇ ਕੌਣ ਸਨ? ਹਾਕਮਾਂ ਦਾ ਗੋਦੀ ਮੀਡੀਆਂ, ਗਲੇ-ਸੜੇ ਸਮਾਜ ਅੰਦਰ ਪਾਲੇ

ਜਾਂਦੇ ਹਾਕਮਾਂ ਵੱਲੋਂ ਵਿਸ਼ਟਾ ਦੇ ਇਹ ਕੀੜੇ ਅਤੇ ਖੁਦ ਹਾਕਮ ਵੀ ਤਰਕ ਦੀ ਥਾਂ ਅੰਦੋਲਨਕਾਰੀਆਂ ਨੂੰ ਬਦਨਾਮ ਕਰਨ ਲਈ ਊਲ-ਜਲੂਲ ਬੋਲਦੇ ਦੇਖੇ ਜਾ ਸਕਦੇ ਹਨ! ਮੋਦੀ ਸਰਕਾਰ ਅੰਦਰ ਖੁਰਾਕ ਮੰਤਰੀ ਰਾਵ ਸਾਹਿਬ ਦਾਨਵੇ ਇਹ ਕਹਿ ਰਿਹਾ ਹੈ, 'ਕਿ ਦਿੱਲੀ ਬੈਠੇ ਲੋਕਾਂ ਨੂੰ ਪਾਕਿ ਤੇ ਚੀਨ ਦੀ ਸ਼ਹਿ ਹੈ ! ਪਰ ਜਦਕਿ ਕਿਸਾਨ ਅੰਦੋਲਨ ਨੂੰ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਵੱਡੀ ਪੱਧਰ ਤੇ ਹਮਾਇਤ ਮਿਲਣ 'ਤੇ ਮੋਦੀ ਸਰਕਾਰ ਖੁਦ ਘਬਰਾਈ ਹੋਈ ਹੈ। ਹਾਕਮ ਅਨਿਆਏ ਨੂੰ ਪਾਲ ਰਹੇ ਹਨ।

ਜਿਥੇ ਕਿਸਾਨ ਅੰਨ-ਦਾਤਾ ਆਪਣੇ ਖ਼ੂਨ ਪਸੀਨੇ ਰਾਹੀ ਖੇਤਾਂ 'ਚ ਭਾਂਤ-ਭਾਂਤ ਤਰ੍ਹਾਂ ਦੇ ਅਨਾਜ, ਫਲ ਅਤੇ ਸਬਜ਼ੀਆਂ ਪੈਦਾ ਕਰਕੇ ਲੋਕਾਈ ਦੀ ਭੁੱਖ ਦੂਰ ਕਰਨ ਲਈ ਇਸ ਸਮਾਜ ਅੰਦਰ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ। ਪਰ ਇਹ ਅੰਨ-ਦਾਤਾ ਸਦੀਆਂ ਤੋਂ ਹੀ ਅਣਗੌਲਿਆਂ ਆ ਰਿਹਾ ਹੈ। ਕਿਸਾਨ ਦੀ ਕਿਰਤ ਨਾਲ ਪੈਦਾ ਹੋਏ ਅਨਾਜ ਦੀ ਚੇਨ ਨਾਲ ਜੁੜੇ ਪੂੰਜੀਪਤੀ ਅਤੇ ਕਾਰਪੋਰੇਟ ਤਾਂ ਕਰੋੜਾਂਪਤੀ ਬਣ ਜਾਂਦੇ ਹਨ। ਪਰ ਇਹ ਕਿਸਾਨ ਖੁਦ ਕਿਸਾਨ ਹੀ ਰਹਿ ਜਾਂਦਾ ਹੈ। ਜੇਕਰ ਅੱਜ ਕਿਸਾਨਾਂ ਨੇ ਹੱਕ ਲਈ ਆਵਾਜ ਉਠਾਈ ਤਾਂ ਸਾਰੇ ਦੇਸ਼ ਅੰਦਰ ਹਾਕਮ ਜਮਾਤਾਂ, ਕਾਰਪੋਰੇਟ ਤੇ ਖੁਦ ਹਾਕਮਾਂ ਨੇ ਕੁਰਲਾਟ ਪਾ ਦਿੱਤੀ ਹੈ! ਖੁਦ ਮੋਦੀ ਦੇ ਆਕਾ ਰਾਸ਼ਟਰੀ ਸਵੈਮ ਸੇਵਕ ਸੰਘ ਨਾਲ ਜੁੜੇ ਕਿਸਾਨ ਵਿੰਗ ''ਭਾਰਤੀ ਕਿਸਾਨ ਸੰਘ'' ਨੇ ਵੀ ਪਾਸ ਕੀਤੇ ਇਨ੍ਹਾਂ ਖੇਤੀ ਕਨੂੰਨਾਂ ਨੂੰ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਘਰਾਣਿਆਂ ਪੱਖੀ ਕਿਹਾ ਹੈ। ਪਰ ਮੋਦੀ ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਥਾਂ ਨੰਨਾ ਧਰੀ ਬੈਠੀ ਹੈ। ਅਸਲ 'ਚ ਸਰਕਾਰ ਨੂੰ ਇਹ ਹਾਊਮੇ ਦੀ ਲੜਾਈ ਦੀ ਥਾਂ ਦੇਸ਼ ਦੇ ਕਰੋੜਾਂ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਲਈ ਵੀ ਇਕ ਥਾਂ ਦੇਣੀ ਬਣਦੀ ਹੈ। ਸਰਕਾਰ ਵੱਲੋਂ ਕੇਵਲ ਰਾਜਸੀ ਵਣਜ ਅਤੇ ਵਾਪਾਰੀ ਦੇ ਖੇਤਰ ਦੇ ਦਾਇਰੇ ਅੰਦਰ ਰਹਿ ਕੇ ਕਨੂੰਨ ਬਣਾ ਕੇ ਪਿਛਾ ਛੁਡਾਉਣਾ ਇਹ ਰਾਹ ਤੇ ਫੈਸਲਾ ਕਰੋੜਾਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਨਹੀ ਹੈ। ਸਗੋ ਇਸ ਦੇ ਦਿਸ਼ਾਂ ਨਿਰਦੇਸ਼ ਅਤੇ ਦੇਸ਼ ਦੇ ਚੰਦ ਕੁ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਲਈ ਖੇਤੀ, ਵਣਜ ਤੇ ਵਾਪਾਰ ਅੰਦਰ ਆ ਰਹੀਆਂ ਰੋਕਾਂ ਦੂਰ ਕਰਨ ਲਈ ਇਹ ਕਿਸਾਨ ਵਿਰੋਧੀ ਕਨੂੰਨ ਬਣਾਏ ਗਏ ਹਨ। ਇਹ ਕਨੂੰਨ ਕਿਸਾਨ ਵਿਰੋਧੀ ਹੀ ਨਹੀਂ ਸਗੋਂ ਦੇਸ਼ ਦੇ ਸੰਘੀ ਢਾਂਚੇ ਨੂੰ ਵੀ ਢਾਅ ਲਾਈ ਗਈ ਹੈ।

ਕਿਸੇ ਵੀ ਲਹਿਰ, ਸੰਘਰਸ਼ ਅਤੇ ਤਬਦੀਲੀ ਦੇ ਪਿਛੇ ਸਾਡੇ ਸਮਾਜਕ-ਸੱਭਿਆਚਾਰ ਵਿਰਸੇ ਦੇ ਇਤਿਹਾਸ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਲਹਿਰਾਂ ਨੂੰ ਸਮਝਣ ਅਤੇ ਇਨ੍ਹਾਂ ਵਿੱਚ ਸ਼ਾਮਲ ਹੋ ਕੇ ਹੀ ਇਤਿਹਾਸ ਦਾ ਇਕ ਹਿਸਾ ਬਣਨ ਲਈ ਇਸ ਦੇ ਪਿਛੋਕੜ ਦੀ ਪਰਪੱਕਤਾ ਪ੍ਰਤੀ ਜਾਣਕਾਰੀ ਹੀ ਸਾਡੇ ਵਿਰਸੇ ਨੂੰ ਜਿਊਂਦਾ ਰੱਖਦੀ ਹੈ। ਹਾਕਮ ਕਦੀ ਵੀ ਨਰੋਏ ਵਿਰਸੇ ਨੂੰ ਪਨਪਣ ਨਹੀਂ ਦੇਣਗੇ ? ਮਨੁੱਖੀ ਕਿਰਤ ਅਤੇ ਮਿਹਨਤ ਦੇ ਚਿੰਨ੍ਹ ''ਕਿਰਤੀ-ਕਿਸਾਨ'' ਦੇ ਵਿਰਸੇ, ਇਤਿਹਾਸ ਅਤੇ ਕੁਰਬਾਨੀਆਂ ਨੂੰ ਅੱਜ ਵੱਖਰੀ ਪਹਿਚਾਣ, ਫਿਰਕੂ ਰੰਗਤ ਅਤੇ ਕਾਰਪੋਰੇਟੀ ਖਪਤਵਾਦੀ ਪੁਠ ਚਾੜ੍ਹ ਕੇ ਮੌਜੂਦਾ ਹਾਕਮ ਸਦਾ ਹੀ ਆਪਣੇ ਹਿਤਾਂ ਲਈ ਬਦਲਣ ਦੇ ਯਤਨਾਂ 'ਚ ਰਹਿੰਦੇ ਹਨ। ਭਾਵੇਂ ਤਬਦੀਲੀ ਕੁਦਰਤ ਦੇ ਨਿਯਮ ਹਨ। ਪਰ ਕੁਦਰਤ ਅੰਦਰ ਹਰ ਵਸਤੂ ਨਿਰੰਤਰ ਗਤੀ ਅਤੇ ਵਿਕਾਸ ਦੇ ਅਮਲ ਵਿਚੋਂ ਲੰਘ ਰਹੀ ਹੁੰਦੀ ਹੈ। ਜੇਕਰ ਅਸੀਂ ਆਪਣਾ ਪੁਰਾਣਾ ਇਤਿਹਾਸ ਹੀ ਭੁੱਲ ਜਾਵਾਂਗੇ ਤਾਂ ਅਸੀਂ ਬੌਧਿਕ ਅਤੇ ਵਿਚਾਰਾਤਮਕ ਪ੍ਰਾਪਤੀਆਂ ਵਲ ਨਹੀਂ ਵੱਧ ਸਕਾਂਗੇ ? ਨਵੇਂ ਵਿਚਾਰ, ਸੰਕਲਪ ਅਤੇ ਅੱਗੇ ਵੱਧਣ ਲਈ ਸਾਨੂੰ ਸਾਕਾਰਾਤਮਕ ਰਾਹ ਨੂੰ ਅਪਨਾਉਣਾ ਪਏਗਾ ਜੋ ਸਾਡੇ ਵੱਡੇ ਵਡੇਰੇ ਸਾਡੇ ਲਈ ਛੱਡ ਗਏ ਹਨ। ਜਦੋਂ ਭਾਰਤ ਅੰਦਰ ਬਸਤੀਵਾਦ ਵੇਲੇ ਕਿਸਾਨੀ ਅਤਿ ਸੰਕਟ ਗ੍ਰਸਤ ਸੀ ਤਾਂ ਉਸ ਵੇਲੇ 11-ਅਪ੍ਰੈਲ, 1936 ਨੂੰ ਲਖਨਊ ਵਿਖੇ ਕੁਲ ਹਿੰਦ ਕਿਸਾਨ ਸਭਾ ਅਤੇ ਬਾਦ ਵਿੱਚ 7-ਮਾਰਚ, 1937 ਨੂੰ ਲਾਹੌਰ ਦੇ ਬਰੈਡਲੇ ਹਾਲ ਵਿਖੇ ਪੰਜਾਬ ਕਿਸਾਨ ਸਭਾ ਦੀ ਨੀਂਹ ਧਰੀ ਸੀ। ਪੰਜਾਬ ਅੰਦਰ ਕਿਸਾਨ ਸਭਾ ਦੇ ਝੰਡੇ ਹੇਠ ਆਜ਼ਾਦੀ ਤੋਂ ਪਹਿਲਾ ਲੜੇ ਗਏ ਕਿਸਾਨੀ ਘੋਲਾਂ ਦੌਰਾਨ 28-ਸੱਤਿਅਗ੍ਰਹੀ ਸ਼ਹੀਦ ਹੋਏ ਸਨ ਅਤੇ 4636 ਕਿਸਾਨਾਂ ਨੇ ਲੰਬੀਆਂ ਕੈਦਾਂ ਕੱਟੀਆਂ ਸਨ।

ਪੰਜਾਬ ਦੀ ਕਿਸਾਨ ਲਹਿਰ ਦੇ ਇਤਿਹਾਸਕ ਪਿਛੋਕੜ 'ਚ ਬਹੁਤ ਸਾਰੇ ਕਿਸਾਨੀ ਘੋਲ ਲੜੇ ਗਏ ਤੇ ਪ੍ਰਾਪਤੀਆਂ ਵੀ ਹੋਈਆ। 1905-07 ਤਕ ਪੱਗੜੀ ਸੰਭਾਲ ਜੱਟਾਂ, ਮੁਲਤਾਨ ਦੇ ਇਲਾਕੇ ਅੰਦਰ ਵਹੀਆਂ ਖਾਤੇ ਸਾੜਨ, ਨਾ-ਮਿਲਵਰਤਨ ਲਹਿਰ, ਅਬਿਆਨਾ ਨਾ ਤਾਰਨ, ਪਹਿਲੀ ਜੰਗ ਬਾਦ ਫੌਜੀਆਂ ਨੂੰ ਪੈਨਸ਼ਨ ਨਾ ਦੇਣ, ਕੁਠਾਲਾ ਪਿੰਡ ਦੇ ਕਿਸਾਨਾਂ ਵਿਰੁਧ ਗੋਲੀ ਕਾਰਨ 11-ਮੌਤਾਂ, ਕਿਸਾਨੀ ਮੋਰਚੇ, ਪਰਜਾ ਮੰਡਲ ਲਹਿਰ, ਮੁਜਾਰਾ ਲਹਿਰ, ਆਜ਼ਾਦੀ ਤੋਂ ਪਹਿਲਾ ਜਗੀਰਦਾਰਾਂ ਵਿਰੁਧ ਮੋਰਚੇ ਤੇ ਅਨੇਕਾਂ ਕਿਸਾਨ ਸੰਘਰਸ਼ ਲੜੇ ਗਏ। ਕਿਸਾਨ ਸਭਾ ਪੰਜਾਬ ਦੀ ਅਗਵਾਈ 'ਚ ਕਿਸਾਨਾਂ 'ਤੇ ਮੁਜਾਰਿਆਂ ਨੂੰ ਜ਼ਮੀਨਾਂ ਦੀ ਮਾਲਕੀ ਦੇ ਹੱਕ ਮਿਲੇ ਤੇ ਮਾਮਲਿਆਂ 'ਚ ਛੋਟਾਂ ਮਿਲੀਆਂ। ਆਜ਼ਾਦੀ ਬਾਦ 1959 ਦਾ ਖੁਸ਼ਹੈਸੀਅਤੀ ਟੈਕਸ ਵਿਰੁਧ, ਕੰਢੀ-ਬੀਤ ਦੀਆਂ ਸਮੱਸਿਆਵਾਂ, ਸੰਗੋਵਾਲ ਸੀਡ ਫਾਰਮ, ਅਬੋਹਰ ਸੀਡ ਫਾਰਮ ਮੋਰਚਾ, ਆਬਾਦਕਾਰਾਂ, ਖਾਲੇ ਪੱਕੇ ਕਰਨ, ਨਜ਼ੂਲੀ, ਨਿਕਾਸੀ ਤੇ ਜੰਗਲਾਤ ਅਧੀਨ ਜਮੀਨਾਂ ਮੁਜਾਰਿਆਂ ਨੂੰ ਦੇਣ, ਪੁਲਿਸ ਜ਼ਬਰ, ਮਹਿੰਗਾਈ ਤੇ ਲੋਕ ਮੰਗਾਂ, ਬੱਸ ਕਿਰਾਇਆ ਅੰਦੋਲਨ ਵਿਰੁਧ ਅਨੇਕਾਂ ਕਿਸਾਨ ਘੋਲ ਲੜੇ ਗਏ ਤੇ ਪ੍ਰਾਪਤ ਵੀ ਹੋਈਆਂ। ਪੰਜਾਬ ਕਿਸਾਨ ਸਭਾ ਸਦਾ ਹੀ ਆਪਣੀ ਸਮਰੱਥਾ ਅਨੁਸਾਰ ਪੰਜਾਬ ਦੇ ਕਿਸਾਨਾਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਸੰਘਰਸ਼ਸ਼ੀਲ ਰਹੀ ਹੈ। ਕਿਸਾਨਾਂ ਦਾ ਰਾਹ-ਦਸੇਰਾ ਬਣਨ ਦਾ ਸਭਾ ਦਾ ਪੁਰਾਣਾ ਇਤਿਹਾਸ ਰਿਹਾ ਹੈ। ਅੱਜ ਵੀ ਅਸੀਂ ਇਕੱਠੇ ਹਾਂ ਕੱਲ ਨੂੰ ਵੀ ਇਕੱਠੇ ਰਹਾਂਗੇ। ਇਹ ਕਿਸਾਨਾਂ ਦਾ ਨਾਹਰਾ ਹੈ।

ਕਿਸਾਨ ਲੋਕਾਂ ਦੇ ਅੰਨ-ਦਾਤਾ ਹਨ! ਕਿਸਾਨ ਸਹਿਣਸ਼ੀਲਤਾ ਤੇ ਸ਼ਾਂਤੀ ਰਾਹੀਂ ਭੁੱਖੇ ਪੇਟ ਲਈ ਅਨਾਜ ਪੈਦਾ ਕਰਕੇ ਇਸ ਧਰਤੀ 'ਤੇ ਵਧੀਆ ਮਨੁੱਖੀ ਸਮਾਜ ਨੂੰ ਕਾਇਮ ਰੱਖਣ, ਵੱਧਣ-ਫੁਲਣ ਲਈ ਯਤਨਸ਼ੀਨ ਰਹੇ ਹਨ। ''ਸਾਡੀ ਮਿਹਨਤ, ਦ੍ਰਿੜਤਾ ਤੇ ਕੁਰਬਾਨੀ ਕਿੰਨੇ ਸੋਹਣੇ ਅਨਾਜ, ਫਲ, ਸਬਜ਼ੀਆਂ ਮਨੁੱਖਤਾ ਦੀ ਭੁੱਖ ਮਿਟਾਉਣ ਲਈ ਹਰ ਵੇਲੇ ਤਤਪਰ ਰਹਿੰਦੀ ਹੈ।'' ਅਸੀਂ ਆਪਣਾ ਹੱਕ ਮੰਗ ਰਹੇ ਹਾਂ। ਭੀਖ ਨਹੀਂ ਤੁਸੀਂ ਲੋਕਤੰਤਰ ਦਾ ਘਾਣ ਨਾ ਕਰੋ! ਯਾਦ ਰੱਖੋ ਜੇਕਰ ਕਿਸਾਨ ਅੰਦੋਲਨ ਦਾ ਸੁਭਾਅ ਹਠੀ ਹੋ ਗਿਆ ਤਾਂ ਇਸ ਲਈ ਹਾਕਮ ਹੀ ਜਿੰਮੇਵਾਰ ਹੋਣਗੇ! ਕਿਉਂਕਿ ਅਕਤੂਬਰ-1995, ਨੂੰ ਪੈਰਿਸ (ਵੇਂਡੀਮਾਈਰੇ) ਵਿਖੇ ਜਦੋਂ ਨੋਪੋਲੀਅਨ ਦੀਆਂ ਵਹਿਫ ਆਫ ਗ੍ਰੇਪ ਸ਼ਾਟ ਦੀਆਂ ਤੋਪਾਂ ਨੇ ਕਿਸਾਨਾਂ ਤੇ ਗੋਲੇ ਵਰਸਾਏ ਅਤੇ 1905 ਨੂੰ ਸੇਂਟ ਪੀਟਰ ਵਰਗ ਵਿਖੇ (ਖੂਨੀ ਐਤਵਾਰ) ਕਿਸਾਨਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ ਸੀ ਤਾਂ ਬਾਦ ਵਿੱਚ ਕੀ ਭਾਣਾ ਵਰਤਿਆ ਸੀ ? ਇਤਿਹਾਸ ਨੂੰ ਪੁਛ ਕੇ ਦੇਖੋ ? ਕਿਸਾਨਾਂ ਦੇ ਇਮਾਨ ਨੂੰ ਪਛਾਣੋ ਤੇ ਅਰਮਾਨਾਂ ਨੂੰ ਹੋਰ ਨਾ ਪਰਖੋ ?

**ਅਮਲ ਕਰਿ ਧਰਤੀ,**
**ਬੀਜ ਸ਼ਬਦ ਕਰਿ,**
**ਸਚ ਕੀ ਆਬ, ਨਿਤ ਦੇਹਿ ਪਾਣੀ॥**
**ਹੋਇ ਕਿਰਸਾਣੁ, ਈਮਾਨ ਕੰਮਾਇ ਲੈ;**
**ਭਿਸਤੁ ਦੋਜਕ ਮੂੜੇ ਏਵ ਜਾਣੀ॥੧॥**
**(ਸਿਰੀ ਰਾਗੁ ਮਹੱਲਾ ੧)**

# ਸਿੰਘੂ ਬਾਰਡਰ ਤੋਂ ਜੱਟਾਂ ਦੀ ਵੈਨਿਟੀਆਂ ਦਾ ਅੱਖੀ ਦੇਖਿਆ ਹਾਲ

**ਰਾਜਿੰਦਰ ਪਾਲ ਸਿੰਘ ਬਰਾੜ**

ਕਰੋਨਾ ਏਕਾਂਤਵਾਸ ਦੇ ਦਿਨ ਪੂਰੇ ਹੋਏ ਤਾਂ ਮਨ ਬਣਿਆ ਕਿ ਸਭ ਤੋਂ ਪਹਿਲਾਂ ਕਿਸਾਨ ਅੰਦੋਲਨ ਦੇ ਨਵੇਂ ਬਣੇ ਤੀਰਥ ਅਸਥਾਨ ਸਿੰਘੂ ਅਤੇ ਟਿਕਰੀ ਬਾਰਡਰ ਦੀ ਜ਼ਿਆਰਤ ਕੀਤੀ ਜਾਵੇ। ਇਸ ਇੱਛਾ ਨੂੰ ਪੂਰ ਚੜ੍ਹਾਇਆ ਸਹਿਕਰਮੀ ਪੋਲਿਟੀਕਲ ਸਾਇੰਸ ਦੇ ਅਧਿਆਪਕ ਗੁਰਪ੍ਰੀਤ ਸਿੰਘ ਬਰਾੜ ਨੇ। ਸਵੇਰੇ ਸਵੇਰੇ ਦਿੱਲੀ ਜਾ ਪਹੁੰਚੇ।

ਦ੍ਰਿਸ਼ ਪਹਿਲਾ ਨੈਸ਼ਨਲ ਹਾਈਵੇ ਦੇ ਦੋਵੇਂ ਪਾਸੇ ਟਰਾਲੀਆਂ ਹੀ ਟਰਾਲੀਆਂ ਹਨ। ਵਿਚ ਵਿਚ ਟਰੱਕ, ਕਾਰਾਂ ਅਤੇ ਜੀਪਾਂ ਹਨ। ਨਿਹੰਗ ਸਿੰਘ ਡਟੇ ਹੋਏ ਨੇ। ਇੱਕ ਸਿੰਘ ਆਪਣੇ ਹੀ ਅੰਦਾਜ ਵਿਚ ਮੁੱਦਕੀ ਦੀ ਲੜਾਈ ਦਾ ਹਾਲ ਸੁਣਾ ਰਿਹਾ ਹੈ। ਹਰ ਬੰਦ ਬਾਅਦ ਆਪਣੀ ਹੀ ਅਰਦਾਸਨੁਮਾ ਪੰਕਤੀ ਪੜ੍ਹਦਾ ਹੈ। ਮੈਂ ਲੜਦਾ ਜਾਵਾਂ, ਕੱਟਿਆ ਜਾਵਾਂ, ਬੰਦ ਬੰਦ ਹੋ ਜੇ ਦਸਮ ਪਿਤਾ ਦੇ ਮੈਨੂੰ ਹੌਂਸਲਾ ਹੋਵਾਂ ਸ਼ਹੀਦ, ਪੰਥ ਵਸੇ ਮੈਂ ਮਰ ਜਾਂ, ਜਿੱਤੂਗਾ ਕਿਸਾਨ, ਹਾਰੇਗਾ ਮੋਦੀ। ਪਿੱਛੇ ਲਾਲ ਝੰਡਾ ਝੂਲੀ ਜਾਂਦਾ ਹੈ, ਨਿਹੰਗ ਹੱਥ ਵਿਚ ਫੜੇ ਕੋਕਿਆਂ ਵਾਲੇ ਖੂੰਡੇ ਨੂੰ ਲਹਿਰ ਲਹਿਰਾ ਕੇ ਗਾਉਂਦਾ ਹੈ।

ਦ੍ਰਿਸ਼ ਦੂਜਾ ਹਰਿਆਣੇ ਦੇ ਤਾਊ ਮੂੜ੍ਹੇ ਡਾਹ ਕੇ ਬੈਠੇ ਹਨ। ਵਿਚ ਵਿਚਾਲੇ ਹੁੱਕਾ ਰੱਖਿਆ ਹੈ। ਹੁੱਕਾ ਗੁੜ ਗੁੜਾਉਂਦੇ ਆਖਦੇ ਨੇ। ਪੰਜਾਬ ਤੋਂ ਮਾਰ੍ਹਾ ਬੜਾ ਭਾਈ ਰੇ। ਹਮੇ ਜਗਾਦੀਆ ਈਬ ਤੋ ਮੋਦੀ ਕੋ ਸਮਝ ਜਾਨਾ ਚਾਹੀਏ।

ਦ੍ਰਿਸ਼ ਤੀਜਾ ਇਹ ਮਲੇਰਕੋਟਲੇ ਵਾਲੇ ਨੇ। ਮਿੱਠੇ ਚੌਲਾਂ ਦਾ ਲੰਗਰ ਲਾਈ ਬੈਠੇ ਨੇ। ਹੱਥ ਜੋੜ ਵਾਜਾਂ ਮਾਰ ਰਹੇ ਹਨ। ਸਾਡੀ ਵੀ ਸੇਵਾ ਪਰਵਾਨ ਕਰੋ।

ਦ੍ਰਿਸ਼ ਚੌਥਾ ਹੱਥ ਵਿਚ ਲਾਲ ਝੰਡਾ ਫੜੀ, ਹਰੀ ਪੱਗ ਬੰਨ੍ਹੀ ਸਰਦਾਰ ਭਗਤ ਸਿੰਘ ਦੀ ਵਾਰ ਸੁਣਾ ਰਿਹਾ ਹੈ। ਬੰਦ ਦੀ ਬਾਅਦ ਆਪ ਹੀ ਵਿਆਖਿਆ ਕਰਦਾ ਹੈ। ਦਿੱਲੀ ਵੱਲ ਇਸ਼ਾਰੇ ਕਰਕੇ ਦਸਦਾ ਹੈ ਓਥੇ ਸੁੱਟਿਆ ਸੀ ਬੰਬ, ਅੰਗਰੇਜਾਂ ਦੇ ਬੋਲੇ ਕੰਨਾਂ ਨੂੰ ਸੁਨਾਉਣ ਲਈ। ਅੱਜ ਅਸੀਂ ਭਗਤ ਸਿੰਘ ਦੇ ਵਾਰਿਸ ਆਏ ਹਾਂ। ਬੋਲੇ ਮੋਦੀ ਨੂੰ ਆਪਣੀ ਗੱਲ ਸੁਣਾਉਣ। ਇਨਕਲਾਬ ਜਿੰਦਾਬਾਦ।

ਅਜੇ ਮੇਨ ਸਟੇਜ ਨਹੀਂ ਆਈ। ਨੈਸ਼ਨਲ ਹਾਈਵੇ ਦੇ ਦੋਵੇਂ ਪਾਸੀਂ ਲੰਮੀਆਂ ਕਤਾਰਾਂ ਜਾਰੀ ਹਨ। ਕਿਧਰੇ ਸੜਕ ਵਿਚਕਾਰ ਲੰਗਰ ਪੱਕ ਰਹੇ ਹਨ। ਕਿਤੇ ਇਕ ਪਾਸੇ ਇਸ਼ਨਾਨ ਹੋ ਰਹੇ ਨੇ। ਬਹੁਤਿਆਂ ਟਰੈਕਟਰਾਂ ਨਾਲ ਦੋ ਦੋ ਟਰਾਲੀਆਂ ਜੋੜੀਆਂ ਹਨ। ਹਰ ਉਪਰ ਤਰਪਾਲ ਦੀ ਵਾਟਰ ਪਰੂਫ ਛੱਤ ਪਾਈ ਹੈ। ਇਕ ਸੋਹਣੀ ਦਿਸਦੀ ਟਰਾਲੀ ਵਿਚ ਮੈਂ ਚੋਰ ਝਾਤ ਮਾਰਦਾ ਹਾਂ। ਅੰਦਰ ਗੱਦੇ ਲੱਗੇ ਹਨ। ਇਕ ਪਾਸੇ ਦੋ ਮੂੜ੍ਹੇ ਪਏ ਹਨ। ਵਿਚ ਟੈਲੀਵਿਜ਼ਨ ਲਗਾ ਰੱਖਿਆ ਹੈ। ਡੈਕ ਅਤੇ ਵੱਡੇ ਸਪੀਕਰ ਪਏ ਹਨ। ਟਰੈਕਟਰ ਦੀ ਬੈਟਰੀ ਨਾਲ ਮੋਬਾਈਲ ਚਾਰਜ ਕਰਨ ਲਈ ਮਲਟੀਪਲੱਗ ਬੋਰਡ ਲਟਕ ਰਿਹਾ ਹੈ। ਦੂਜੀ ਟਰਾਲੀ ਵਿਚ ਸੁੱਕੀ ਰਸਦ ਦਾਲਾਂ, ਆਟਾ, ਸਬਜੀਆਂ, ਭਾਂਡੇ, ਚੁੱਲ੍ਹੇ, ਸਿਲੰਡਰ, ਪਾਥੀਆਂ ਨਾਲ ਚੱਲਣ ਵਾਲੇ ਵਾਟਰ ਗੀਜ਼ਰ, ਬਾਲਟੀਆਂ ਪਈਆਂ ਹਨ। ਟਰੈਕਟਰ ਟਰਾਲੀਆਂ ਤੇ ਕਿਸਾਨਾਂ ਦੇ ਹੱਕ ਵਿਚ ਨਾਅਰੇ ਲਿਖੇ ਹਨ। ਖੇਤੀ ਕਾਨੂੰਨ ਵਾਪਿਸ ਕਰਵਾ ਕੇ ਵਾਪਿਸ ਜਾਵਾਂਗੇ। ਨੋ ਫਾਰਮਰ ਨੋ ਫੂਡ ਨੋ ਲਾਈਫ। ਕਿਸੇ ਕਿਸੇ ਨੇ ਤਾਂ ਇਕ ਇਕ ਨੁਕਤੇ ਦੀ ਦਲੀਲ ਸਹਿਤ ਵਿਆਖਿਆ ਕਰਦਿਆਂ ਲੰਮੀਆਂ ਇਬਾਰਤਾਂ ਲਿਖ ਰੱਖੀਆਂ ਹਨ। ਟਰਾਲੀਆਂ ਤੇ ਕਿਸਾਨ ਯੂਨੀਅਨ ਦੇ ਝੰਡੇ, ਬੈਨਰ, ਪਿੰਡਾਂ ਦੇ ਨਾਂ ਲਿਖੇ ਹੋਏ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ, ਰਾਜੇਵਾਲ, ਲੱਖੋਵਾਲ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਕੁਲ ਹਿੰਦ ਕਿਸਾਨ ਸਭਾ, ਕਿਸਾਨ ਸਭਾ ਦੋਆਬਾ। ਹੋਰ ਵੀ ਬੜੀਆਂ ਹਨ,ਬੈਨਰ ਫੋਟੋਆਂ ਕਲਿੱਕ ਕਰਦਿਆਂ ਥੱਕ ਜਾਂਦੇ ਹਾਂ। ਇਤਿਹਾਸ ਵਿਚ ਪੜ੍ਹਿਆ ਸੀ ਕਿ ਮਿਸਲਾਂ ਦੇ ਸਮੇਂ ਹੰਨੇ ਹੰਨੇ ਮੀਰੀ ਸੀ। ਹਰ ਇਕ ਦੀ ਆਪਣੀ ਅਗਵਾਈ ਥੱਲੇ ਆਪਣੇ ਹੀ ਘੋੜ ਸਵਾਰ ਸੀ, ਆਪਣਾ ਝੰਡਾ ਸੀ ਪਰ ਨਿਸ਼ਾਨਾ ਇਕ ਸੀ। ਗਰੀਬ ਦੀ ਰੱਖਿਆ, ਮੁਗਲ ਹਕੂਮਤ ਦਾ ਖਾਤਮਾ। ਅੱਜ ਵੀ ਕਿਸਾਨ ਮਿਸਲਾਂ ਵਾਂਗ ਦਿੱਲੀ ਜਾ ਚੜ੍ਹੇ ਹਨ। ਆਪੋ ਆਪਣਾ ਝੰਡਾ ਹੈ। ਜਥੇਬੰਦੀ ਦੀ ਸੋਚ ਹੈ, ਪਾਰਟੀ ਦੀ ਲੀਹ ਹੈ, ਹਰ ਇਕ ਦਾ ਆਪਣਾ ਮੁਕਤੀ ਮਾਰਗ (ਮਾਡਲ) ਹੈ ਪਰ ਸਭ ਮੋਦੀ ਵਿਰੋਧੀ ਕਾਰਪੋਰੇਟ ਦੀ ਅਹੀ ਤਹੀ ਫੇਰਨ ਵਾਲੇ ਹਨ। ਚਲੋ ਅੱਗੇ ਵਧਦੇ ਹਾਂ। ਸਟੇਜ ਨੇੜੇ ਪਹੁੰਚੇ ਪਤਾ ਲੱਗਿਆ ਹੁਣੇ ਦਿੱਲੀ ਦਾ ਮੁੱਖ ਮੰਤਰੀ ਕੇਜਰੀਵਾਲ ਆਪਣੀ ਕੈਬਨਿਟ ਸਮੇਤ ਆਇਆ ਸੀ। ਦਿੱਲੀ ਦੀ ਸਰਕਾਰ ਕਿਸਾਨਾਂ ਨੂੰ ਮਹਿਮਾਨ ਮੰਨ ਕੇ ਪ੍ਰਬੰਧ ਦਾ ਦਾਅਵਾ ਕਰਦੀ ਹੈ। ਸੜਕ ਕਿਨਾਰੇ ਅਜਿਹੇ ਇਸ਼ਤਿਹਾਰ ਵੀ ਦਿਖਾਈ ਦਿੰਦੇ ਹਨ ਅਤੇ ਕੁਝ ਮੋਬਾਈਲ ਪਬਲਿਕ ਟਾਇਲਟ ਵੀ ਖੜ੍ਹੀਆਂ ਹਨ।

ਸਟੇਜ ਲੱਗੀ ਹੈ। ਬਲਬੀਰ ਰਾਜੇਵਾਲ ਬੋਲਣ ਲੱਗਾ ਹੈ। ਉਹ ਨੌਜਵਾਨਾਂ ਨੂੰ



ਨਸੀਹਤਾਂ ਦੇ ਰਿਹਾ ਹੈ। ਹੁੱਲੜਬਾਜ ਫੁਕਰੇਬਾਜਾਂ ਨੂੰ ਸਪਸ਼ਟ ਕਹਿ ਰਿਹਾ ਹੈ। ਦਾਰੂ ਨਹੀਂ ਪੀਣੀ। ਉੱਚੀ ਅਵਾਜ ਵਿਚ ਡੈੱਕ ਲਗਾ ਕੇ ਭੰਗੜੇ ਨਹੀਂ ਪਾਉਣੇ, ਗੰਭੀਰਤਾ ਰੱਖਣੀ ਹੈ, ਅਨੁਸ਼ਾਸ਼ਨ ਰੱਖਣਾ ਹੈ, ਅਸੀਂ ਜਸ਼ਨ ਮਨਾਉਣ ਨਹੀਂ, ਆਪਣਾ ਦੁੱਖ ਰੋਣ ਆਏ ਹਾਂ। ਧੱਕੇਸ਼ਾਹੀ ਨਹੀਂ ਕਰਨੀ, ਲੋਕਾਂ ਦੇ ਦਿਲ ਜਿੱਤਣੇ ਹਨ। ਸਟੇਜ ਸੰਚਾਲਨ ਕਮੇਟੀ ਦੀ ਗੱਲ ਮੰਨਣੀ ਹੈ। ਸਾਲਾਂ ਤੋਂ ਕਿਸਾਨਾਂ ਲਈ ਕੰਮ ਕਰ ਰਹੇ ਕਿਸਾਨ ਆਗੂ ਹੀ ਬੋਲਣਗੇ। ਜਿਨ੍ਹਾਂ ਨੇ ਅਜੇ ਪੂਣੀ ਵੀ ਨਹੀਂ ਕੱਤੀ, ਉਹ ਸਿਆਸੀ ਲੀਡਰ ਅਤੇ ਬਰਸਾਤੀ ਡੱਡੂਆਂ ਵਾਂਗ, ਨਵੇਂ ਬਣੇ ਕਿਸਾਨ ਹਿਤੈਸ਼ੀ ਅਤੇ ਆਪਣਾ ਆਪ ਚਮਕਾਉਣ ਵਾਲੇ ਐਕਟਰ ਗਾਇਕ ਸਟੇਜ ਤੋਂ ਦੂਰ ਰਹਿਣ। ਉਸ ਦੀ ਫਿਕਰਮੰਦੀ ਜਾਇਜ਼ ਹੈ। ਕਿਸਾਨ ਅੰਦੋਲਨ ਜਿੱਥੇ ਪਹੁੰਚ ਚੁੱਕਾ ਹੈ। ਉਥੇ ਗੰਭੀਰਤਾ ਬਣਾਈ ਰੱਖਣੀ ਬੜੀ ਜ਼ਰੂਰੀ ਹੈ। ਨਿੱਕੀ ਸ਼ਰਾਰਤ ਵੱਡਾ ਨੁਕਸਾਨ ਕਰ ਸਕਦੀ ਹੈ। ਅਸਲ ਵਿੱਚ ਨੌਜੁਆਨਾ ਦਾ ਜੋਸ਼ ਸੰਘਰਸ ਦੀ ਵੱਡੀ ਤਾਕਤ ਹੈ, ਉਸੇ ਨੇ ਦਿੱਲੀ ਨੂੰ ਭਾਜੜ ਪਾਈ ਹੈ ਪਰ ਉਸਦੇ ਭਟਕ ਜਾਣ ਦਾ ਅੰਦੇਸ਼ਾ ਵੀ ਬਣਿਆ ਰਹਿੰਦਾ ਹੈ, ਲੀਡਰ ਇਸੇ ਲਈ ਫਿਕਰਮੰਦ ਹਨ।

ਅਗਲੀ ਸਟੇਜ ਤੇ ਕਿਸਾਨ ਮਜ਼ਦੂਰ ਸੰਘਰਸ਼ ਸੰਮਤੀ ਵਾਲੇ ਬੋਲ ਰਹੇ ਹਨ। ਸਫਾਈ ਦਾ ਖਿਆਲ ਰੱਖੋ। ਆਪਣੇ ਭਾਂਡਿਆਂ ਦੀ ਵਰਤੋਂ ਕਰੋ। ਪਾਣੀ ਘੱਟ ਡੋਲ੍ਹੋ। ਘੱਟ ਤੋਂ ਘੱਟ ਡਿਸਪੋਜ਼ਲ ਵਰਤੋ। ਕੂੜਾ ਆਪਣੀ ਟਰਾਲੀ ਨਾਲ ਲੱਗੇ ਪਲਾਸਟਿਕ ਦੇ ਬੋਰੀਨੁਮਾ ਡਸਟਬਿਨ ਵਿਚ ਪਾਓ। ਇਥੋਂ ਗੱਲ ਸ਼ੁਰੂ ਕਰਕੇ ਕਿਸਾਨ ਵਾਤਾਵਰਨ ਬਾਰੇ ਬੜੀ ਸਪਸ਼ਟਤਾ ਨਾਲ ਬੋਲ ਰਿਹਾ ਹੈ। ਕੁਦਰਤੀ ਖੇਤੀ ਦੀ ਗੱਲ ਕਰਦਾ ਹੈ। ਲਓ ਦੂਜਾ ਬੁਲਾਰਾ ਕਵਿਤਾ ਸੁਣਾਉਣ ਲੱਗਾ ਹੈ। ਉਸ ਨੇ ਪਹਿਲਾਂ ਵਾਰਤਕ ਵਿਚ ਪ੍ਰਸੰਗ ਸਿਰਜਿਆ ਹੈ ਕਿ ਕਿਵੇਂ ਦਿੱਲੀ ਜਿੱਤਣ ਸਮੇਂ ਸਿੰਘਾਂ ਨੇ ਮੁਗਲਾਂ ਦਾ ਘੇਰਾ ਤੋੜਦਿਆਂ ਬਾਹਰੀ ਦੀਵਾਰ ਵਿਚ ਮੋਰੀ ਕੀਤੀ ਸੀ ਜਿੱਥੇ ਹੁਣ ਮੋਰੀ ਗੇਟ ਬਣਿਆ ਹੈ। ਹੁਣ ਜੇ ਕੇਂਦਰ ਸਰਕਾਰ ਨਾ ਮੰਨੀ ਤਾਂ ਕਿਸਾਨ ਮਘੋਰਾ ਕਰਨਗੇ। ਉਸ ਦੀ ਕਵਿਤਾ ਲੋਕਾਂ ਵਿਚ ਜੋਸ਼ ਭਰ ਦਿੰਦੀ ਹੈ। ਨਾਅਰੇ ਗੂੰਜਣ ਲਗਦੇ ਹਨ।

ਅੱਗੇ ਵਧਦੇ ਹਾਂ। ਗੁਰ ਤੇਗ ਬਹਾਦਰ ਯਾਦਗਾਰ ਪਾਰਕ ਦੇ ਆਲੇ ਦੁਆਲੇ ਗਹਿਮਾ ਗਹਿਮੀ ਹੈ। ਲੰਗਰ ਲੱਗੇ ਹੋਏ ਹਨ। ਰੈਸਟਰੂਮ ਬਣੇ ਹਨ। ਲੋਕ ਲੰਗਰ ਛਕ ਰਹੇ ਹਨ, ਆਰਾਮ ਫਰਮਾ ਰਹੇ ਹਨ ਅਖਬਾਰ ਪੜ੍ਹੇ ਜਾ ਰਹੇ ਹਨ, ਮੁੰਡੇ ਕਿਤਾਬਾਂ ਲਈ ਫਿਰਦੇ ਹਨ। ਅਸੀਂ ਟਿਕਰੀ ਬਾਰਡਰ ਚਲੇ ਜਾਂਦੇ ਹਾਂ। ਉਥੇ ਵੀ ਉਹੀ ਜਲੌਅ ਹੈ। ਹਰਜੀਤ ਸਿੰਘ ਕਾਦੀਆਂ ਦੀ ਯੂਨੀਅਨ ਦਾ ਸਮਾਂ ਚੱਲ ਰਿਹਾ ਹੈ। ਬੁਲਾਰਾ ਨੌਜੁਆਨਾਂ ਨੂੰ ਆਪਣੀ ਪੱਗ ਦਾ ਵਾਸਤਾ ਦਿੰਦਾ ਹੈ ਕਿ ਹੁੱਲੜਬਾਜ਼ੀ ਨਾ ਕਰੋ। ਡੈਕ ਲਗਾ ਕੇ ਬੋਨਟ ਤੇ ਚੜ੍ਹ ਕੇ ਭੰਗੜੇ ਨਾ ਪਾਓ। ਅਸਲ ਵਿਚ ਬਹੁਤ ਸਾਰੇ ਨੌਜੁਆਨ ਟਰੈਕਟਰਾਂ ਦੇ ਡੈੱਕ ਤੇ ਕਿਸਾਨ ਪੱਖੀ ਉੱਚੀ ਅਵਾਜ ਵਿਚ ਗਾਣੇ ਲਗਾ ਕੇ ਗੇੜੇ ਲਾਉਂਦੇ ਫਿਰ ਰਹੇ ਹਨ। ਇਕ ਦੋਸਤ ਪੁਲਿਸ ਅਫਸਰ ਦਸਦਾ ਹੈ ਕਿ ਪੁਲਿਸ ਤਾਂ ਆਪ ਕਿਸਾਨਾਂ ਨਾਲ ਰਲੀ ਹੋਈ ਹੈ। ਹੁਕਮ ਦੀ ਬੱਧੀ ਹੀ ਕਾਰਵਾਈ ਕਰਦੀ ਹੈ ਪਰ ਹੁਣ ਕਿਸਾਨਾਂ ਨੂੰ ਇੱਜ਼ਤਦਾਰ ਸਮਝੌਤਾ ਕਰ ਲੈਣਾ ਚਾਹੀਦਾ ਹੈ।

ਚੈਨਲਾਂ ਵਾਲੇ ਬੀਬੀਆਂ ਦੀ ਇੰਟਰਵਿਊ ਕਰ ਰਹੇ ਹਨ। ਕਿਤੇ ਵੱਖਰੇ ਜਿਹਾ ਪਹਿਰਾਵੇ ਵਾਲੇ ਕਿਸੇ ਬਾਬੇ ਤਾਊ ਨੂੰ ਪਾਸੇ ਲਿਜਾ ਕੇ ਆਪਣੀਆਂ ਬਾਈਟਾਂ ਬਣਾ ਰਹੇ ਹਨ। ਯੂਨੀਵਰਸਿਟੀਆਂ ਦੇ ਸਮਾਜ ਵਿਗਿਆਨੀ, ਅਰਥ ਸ਼ਾਸ਼ਤਰੀ, ਰਾਜਨੀਤਿਕ ਵਿਸ਼ੇਸ਼ਗ ਸਥਿਤੀ ਨੂੰ ਨੇੜਿਉਂ ਦੇਖਦੇ ਫਿਰਦੇ ਹਨ। ਅੰਗਰੇਜ਼ੀ, ਪੰਜਾਬੀ ਹਿੰਦੀ ਵਿਚ ਬੈਨਰ ਲੱਗੇ ਹਨ। ਕਿਤੇ ਬੰਦਾ ਬਹਾਦਰ ਦੀ ਤਸਵੀਰ ਹੈ, ਕਿਤੇ ਭਗਤ ਸਿੰਘ ਖੜਾ ਹੈ। ਵਿਚ ਵਿਚ ਸਰ ਛੋਟੂ ਰਾਮ ਹਾਜ਼ਰੀ ਲਗਾ ਰਿਹਾ ਹੈ। ਸੱਚਮੁੱਚ ਇਹ ਵੰਨਸਵੰਨਤਾ ਦਾ ਮੇਲਾ ਹੈ। ਸੰਘਰਸ਼ ਦੀ ਏਕਤਾ ਹੈ। ਮੁੱਕਿਆਂ ਵਿਚ ਜੋਸ਼ ਹੈ। ਹੱਕਾਂ ਦੀ ਸੋਝੀ ਹੈ, ਭਵਿੱਖ ਦੇ ਕਦਮਾਂ ਦੀ ਆਹਟ ਹੈ। ਲੋਕਾਂ ਦਾ ਇਕੱਠ ਦੇਖ, ਬੈਨਰ ਨਾਅਰੇ ਪੜ੍ਹਕੇ, ਬੁਲਾਰਿਆਂ ਨੂੰ ਸੁਣਕੇ, ਲੀਡਰਾਂ ਨੂੰ ਮਿਲਕੇ ਅਤੇ ਆਮ ਵਿਅਕਤੀਆਂ ਤੋਂ ਜਾਣਕੇ, ਮੇਰਾ ਪ੍ਰਭਾਵ ਬਣਿਆ ਹੈ ਕਿ ਇਸ ਕਿਸਾਨ ਅੰਦੋਲਨ ਵਿਚ ਭਾਵੇਂ ਮੋਹਰੀ ਪੰਜਾਬ ਹਰਿਆਣੇ ਦੇ ਕਿਸਾਨ ਹਨ ਪਰ ਇਹ ਸਾਰੇ ਦੇਸ਼ ਦਾ ਹੀ ਨਹੀਂ ਸਗੋਂ ਦੁਨੀਆਂ ਨੂੰ ਕਿਸਾਨੀ ਦੇ ਮਸਲਿਆਂ ਬਾਰੇ ਜਗਾਉਣ ਵਾਲਾ ਵਾਤਾਵਰਣ ਵਿਰੋਧੀ, ਮੁਨਾਫੇ ਪੱਖੀ ਕਾਰਪੋਰੇਟੀ ਮਾਡਲ ਨੂੰ ਚੁਣੌਤੀ ਦੇਣ ਵਾਲਾ ਅੰਦੋਲਨ ਹੈ। ਕਿੱਤਿਆਂ, ਖਿੱਤਿਆਂ, ਧਾਰਮਕ ਅਕੀਦਿਆਂ, ਭਾਸ਼ਾਵਾਂ ਦੀ ਵੰਨ ਸੁਵੰਨਤਾ ਵਾਲਾ, ਹੱਕਾਂ ਦੀ ਸਮਝ ਸਮੇਤ ਸ਼ਾਨਦਾਰ ਸ਼ਾਂਤਮਈ ਸੰਘਰਸ਼ ਹੈ। ਕੇਂਦਰ ਸਰਕਾਰ ਦੇ ਮਚਲੇ ਅਤੇ ਬੋਲੇ ਕੰਨਾਂ ਨੂੰ ਪਹਿਲਾ ਹੀ ਸੁਣ ਲੈਣਾ ਚਾਹੀਦਾ ਹੈ ਕਿਤੇ ਭਗਤ ਸਿੰਘ ਵਾਂਗ ਬੰਬ ਸੁੱਟਣ ਦੀ ਨੌਬਤ ਨਾ ਆਵੇ। ਕਿਸਾਨ ਲੀਡਰਸ਼ਿਪ ਅਤੇ ਕੇਂਦਰ ਦੀ ਰਾਜ ਸੱਤਾ ਤੇ ਕਾਬਜ਼ ਹਾਕਮ ਜਮਾਤ ਦੋਹਾਂ ਲਈ ਇਹ ਚੁਣੌਤੀ ਭਰਪੂਰ ਸਮਾਂ ਹੈ।

**ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ ਪਟਿਆਲਾ।**
**9815050617**

## A Call to Conscience: New Report on the COVID-19 Crisis in Long-Term Care in Wave 2 Reveals Huge Gaps in Ford Government's Response

# Coalition Calls for Urgent Improvements as Staffing and Care is Collapsing & Large Outbreaks Spread

Toronto – In the last 24 hours alone 18 residents have died and there have been 115 new reported COVID-19 infections in Ontario's long-term care homes.

The second wave of COVID-19 hit long-term care on August 30 with the outbreak at Extendicare's West End Villa in Ottawa. Over the following weeks, that outbreak grew and outbreaks spread across the city. By the end of the month, long-term care homes across the province were falling into outbreak, first into the hotspots, then from border to border across the south, into Simcoe Muskoka and up to Thunder Bay.

As of December 15, four-thousand five hundred and ninety-four residents and staff had been infected in the second wave (since September 1). Including yesterday's death toll, the number of residents that have died in the second wave alone is more than 700.

Clearly the measures taken in and after Wave 1 were not sufficient, says the Ontario Health Coalition.

A new report released today by the Ontario Health Coalition does a deep dive into the policies and plans by the Ford government and reveals what has gone wrong.

"There has been a failure of leadership in this province and a failure to competently plan for the second wave. We are now paying the price in the most horrible of ways," said Natalie Mehra, executive director of the Ontario Health Coalition and author of the 66-page report titled A Call to Conscience: The COVID-19 Crisis in Ontario's Long-Term Care Homes.

"The most egregious failure by the Ford government is their total refusal to recruit the thousands of staff needed to replace those who are sick and who have left. Without staff there is no care and infection control," she said, citing homes where, right now, ten months into the pandemic, segregating COVID-positive residents from those who are not infected has either not happened or has fallen apart




because there are no staff to do it.

"The second major omission is the provincial government's refusal to hold the homes accountable for failure to provide PPE and needed supplies, ensure that infection control practices are actually being done, and have enough staff to give residents care and keep them safe," she said. Most of the homes are for-profit and they have close ties to this government. "The government made a priority of passing a home care privatization act and a bill to indemnify the long-term care home owners from liability instead of staffing up the homes for the second wave, building testing and contact tracing capacity for when schools opened, and planning systematic responses early on when outbreaks can be stopped. There has been a complete failure in planning and an unconscionable failure in accountability."

The report evaluates the tangled web of directives, guidance, policies that the Ford government and Public Health Ontario leaders have created and finds gaping holes, reports the Coalition. Among the key findings:

Improvements have been made in stopping staff from working in multiple homes, but agency staff (temps) are expressly excluded and as staffing has collapsed in home after home, they are using more agency staff than ever. Wages have not been improved, except for temporary pandemic pay which has not actually been given to the majority of staff this fall and which is less now than it was in the summer. The government has not required homes to provide full-time work, instead allowing them to replace trained staff with untrained staff and volunteers. In the case of RNs, it has removed the requirement in the Long-Term Care Homes Act that each home have at least one RN on staff 24/7.

Other improvements include the end of 4-bed shared rooms, which is being done by attrition and is not complete (home operators have not objected as they are paid whether or the beds are occupied or not under changes made by the government).

There has been a partial improvement as staff have more access to PPE, but the loophole is that PPE only have to be given at staff's request. Proper supply and use of PPE is not an enforced and accountable and the Coalition cites evidence from a number of homes in large outbreak that have not provided their staff with PPE including N95 masks, gowns, gloves, disinfectant wipes and other supplies.

Emergency interventions such as Rapid Response Teams from hospitals (SWAT teams), military intervention, management takeovers have saved lives but they are rare, ad hoc, insufficient and only called in when it is too late. The Coalition reports that in the second wave, up to December 3 only 4 homes had management orders and in most of those, the orders came only after scores of residents and staff were infected. Dozens of homes in large outbreak have no management orders, no management agreements, no teams in to support.

There have been no fines levied, no licenses revoked, even when the most egregious of neglect and incompetence is evident. In fact, homes with abysmal records have been awarded money from the province for new beds and expansions.

The failure by the government to build capacity for testing, labs and contact tracing over the summer has been fatal. It contributed to the spread of the virus in the homes through October and November both because test results were slow and because it has resulted in unchecked community spread of the virus this fall. However, home operators also have not cohorted residents showing symptoms.

The failure to make a plan for systematic response to long-term care outbreaks, early, when they can be stopped, has also been fatal. There still is no systematic intervention, no effective monitoring, little enforcement, no accountability.

There has been no improvement in quality of management and infection control teams in the homes. In Quebec, the government hired in managers who are paired with infection control specialists for each of their 400 long-term care homes this fall and required them to ensure provincial directives are followed. Ontario has not done anything substantive.

The most significant problem that is still not addressed is the collapse of long-term care staffing. Without staff, care and infection control cannot happen. Other provinces like British Columbia and Quebec acted months ago to stabilize staffing. Quebec, facing problems similar to Ontario, recruited and trained 10,000 PSWs over the summer and deployed them into the homes in time for the second wave. Ontario's measures are paltry, piecemeal and unsubstantive.

In home after home, the Coalition reports staffing and care levels crumbling. "This wave is worse than the first, in terms of staffing, because we lost so many staff in the first wave and there is just so little resilience left. As staff get sick there is no one to replace them and home after home falls into chaos," Ms. Mehra reported.

At the same time, the Coalition reports, there has been extraordinary leadership, particularly on the part of Ontario's public hospitals, local public health units and EMA. They have held together a system that was facing major cuts and restructuring at the start of the pandemic, and have turned on a dime to build assessment centres, ramp up lab capacity, create field hospitals out of thin air, make the plans and resources that have protected us from a far worse situation. "Measureless self-sacrifice, compassion and care have been exhibited by hundreds of thousands of health care staff at every level," the report concludes. She notes: On August 31 there was 1 resident and 22 staff infected. On December 15 there were 1,456 currently active (695 residents, 761 staff).

---

*variuos organization of Toronto, Ontario joined their hands to support farmers struggle of India. After a meeting ' Farmers' Support Co-Ordination Committee, Ontario* was formed. All the members of Committee rejected new Agriculture Laws of india, decided to support ongoing agitation of farmers and it was also decided to start a campaign to boycott the products of Ambani/ Adani and Ramdev pantajali at Canada also.


The following organizations joined the co-ordination:-

1. Sarokaran Di Awaz
2. North-American Tarksheel Society
3. Alliance of Progressive Canadians
4. Indo-Canadian workers Association
5. GTA West club
6. Disha-
7. Desh Bhagat Sports club
8. Bharti Kissan Majdoor Ekta
9. Homestead Seniors Club
10. Punjabi Kalman da Kafla
11. Canadian Punjabi Sahit Sabha
12. Sirjhanharian

All organizations apealed the canadain community to make this campaign as success in Canada

FARMERS' SUPPORT CO-ORDINATION COMMITTEE ONTARIO, CANADA
ਲੜਾਂਗੇ ਜਿੱਤਾਂਗੇ ਲੜਾਂਗੇ ਜੀਤੇ
STRUGGLE TILL VICTORY

# How did small scale farming died in Canada?




Canadian Livestock, 1951 to 2016 (from Statistics Canada[42])

| Type | Unit of Measure | 1951 | 2016 |
|---|---|---|---|
| Cattle and calves | Number of cattle farms | 452,480 | 75,307 |
| | Number of animals | 8,370,991 | 12,530,730 |
| | Average number of animals per farm | 17 | 166 |
| Number of animals | 4,915,987 | 14,091,503 | |
| Average number of animals per farm | 14 | 1,677 | |
| Horses | Number of horse farms | 451,647 | 39,164 |
| | Number of animals | 1,306,634 | 291,561 |
| | Average number of animals per farm | 3 | 7 |
| Sheep and lambs | Number of sheep farms | 62,566 | 9,390 |
| | Number of animals | 1,478,737 | 1,064,260 |
| | Average number of animals per farm | 24 | 112 |
| Chickens | Number of chicken farms | 427,317 | 23,910 |
| | Number of animals | 64,615,025 | 145,519,566 |
| | Average number of animals per farm | 151 | 6,086 |

The farmers movement in India is now a topic of discussion all over the world. Farmers have been on the road for months to save their existence and their own fields. Pro farmer organisations, led by farmers, had been mobilizing for a long time and have come to the front of the struggle against these agricultural practices. Indians from all over the world are also contributing to this struggle. Similar laws were made in a country like Canada, and the fact that the laws had a huge impact on Canada's small farmers is surprising. Even before this came into effect, most of small farmers in Canada were struggling Harper's conservative government brought a bill C-18 to please its rich bosses (corporations) and to eliminate the small farmers. The following figures are amazing.

1. Canada has the highest wheat cultivation and it was an organisation called CANADA WHEAT BOARD which set minimum support prices for crops to provide fair value to farmers.

2 The Harper government passed the bill on AUG1/2012 and privatised the Wheat Board under the open market and then the small farming of Canada began to disappear.



3 On April 2015, a company called BUNGE LTD acquired 51% ownership of the CANADA WHEAT Board.

4 According to government data, from 1991 to 2019, the number of farmers who were cultivating were reduced from 390,875 to 29,325. Though the land was growing, the number of farmers declined as small farmers were eliminated and the big companies took control of the farms.

5. Big corporates bought land of small farmers at cheap price but did not buy machinery and equipment because they were of no use to the big companies and the machinery and equipment of the small farmers are now commonly seen sitting in fields on the roadside and rotting.

6 Small farm owners are forced to wage their own farm today and drive large tractors, combines and trucks of big companies and are moving to the rest of the cities to work in the factory.

7 Similar is the case with dairy farming and poultry farmers

8 Large companies like Mansanto, AGT Foods, THOMPSONS, Richardsons, BIG LANE ANGUS, CARGIL are cultivating millions of Acers

9 The trucking industry is the same, and the big companies are swallowing small companies every day. its very hard for small companies to survive . companies like MULLEN GROUP , ATS , BISON ??? TRANS X making hard for small companies to survive . they dont even buy their own equipment these days they are trying to be 100% owner operator modal . in which drivers have to buy their own equipment (truck trailer) to work for these companies & companies make huge margins of them .

10. Looking at some official figures below removes many illusions.



# Thousands march to the Indian Consulate in support of a historic farmer & worker protest in India




Toronto , 12 December :Punjabi youth lead a contingent of thousands to Indian Consulate to deliver a memorandum calling on the Indian government to repeal anti-farmer & anti-worker laws MALTON & TORONTO, Saturday December 12 — Thousands from the Indian diaspora will drive from Malton to Yonge-Dundas Square, and then march to the Consulate General of India, to amplify the demands of Indian farmers and workers calling for a repeal of the Modi government's three anti-farmer ordinances. Punjabi youth will deliver a memorandum to the consulate that expresses concern for the safety of family members in India, and calls on the government to protect farmers.

The Indian government introduced three sweeping farmer ordinances in September that would end key programs (eg. subsidy program) for farmers, and give heightened power to multinational agricultural corporations. Rules around the sales and pricing of crops would be loosened such that private companies can directly barter with farmers. With the fear that this would eventually lead to an end to wholesale markets, farmers and workers stand to lose their livelihood, land, and autonomy.

In response to these laws, thousands of farmers and workers across the country have marched to New Delhi from their home states to stand united in their fight against Modi's anti-farmer policies. On December 8th, over 250 million workers also went on a general strike to protest these farmer laws as well as other anti-worker policies.

Farmers have rationed months of food, resisted barricades and police brutality during their journey, and remained resolute in their demand for the repeal of these laws. The Indian diaspora in Canada, especially the Punjabi community, has primarily come from an ancestry of farming families. Saturday's #EmbassyChallo (analogous to India's #DelhiChallo protest) march is made up of Indian immigrants, international students, work permit holders, and the children of immigrants who are joining a worldwide historic mobilization in support of farmers and labourers across India.

Whether it's in India or Canada, without farmers and the workers who toil on the land, there is no food and there is no future. Farmers' rights are everyone's fight. Bharti Naujawan Kisan Ekta Zindabad // Justice for Indian Farmers TO: We are a group of Punjabi youth uniting with Punjabis and South Asians across the GTA to support farmers and workers resisting the Modi government's anti-farmer and anti-worker laws.

# ਕਿਸਾਨੀ ਸੰਘਰਸ਼ ਦੀ ਵਿਲੱਖਣਤਾ ਅਤੇ ਨਵੀਆਂ ਪੈੜਾਂ



**ਡਾ. ਸੁਖਦੇਵ ਸਿੰਘ ਝੰਡ**
647-567-9128

ਪੰਜਾਬ ਵਿਚ ਪਿਛਲੇ ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਇਆ ਕਿਸਾਨੀ ਅੰਦੋਲਨ ਹੁਣ ਤੀਸਰੇ ਮਹੀਨੇ ਦੇ ਮੱਧ ਤੋਂ ਵੀ ਅੱਗੇ ਪਹੁੰਚ ਗਿਆ ਹੈ। ਅੰਦੋਲਨ ਦੇ ਆਰੰਭ ਵਿਚ ਕਿਸਾਨਾਂ ਵੱਲੋਂ ਪਹਿਲਾਂ ਰੇਲ-ਪਟੜੀਆਂ ਉੱਪਰ ਬੈਠ ਕੇ ਰੇਲਾਂ ਰੋਕ ਕੇ ਆਪਣਾ ਰੋਸ ਪ੍ਰਗਟ ਕੀਤਾ ਗਿਆ। ਇਸ ਦੇ ਨਾਲ ਹੀ ਅੰਬਾਨੀਆਂ-ਅਡਾਨੀਆਂ ਦੀ ਰਿਲਾਇੰਸ ਕੰਪਨੀ ਦੇ ਪੈਟਰੋਲ-ਪੰਪਾਂ ਅਤੇ ਵੱਡੇ-ਵੱਡੇ ਸਟੋਰਾਂ ਤੇ ਟੋਲ-ਪਲਾਜ਼ਿਆਂ ਦੇ ਅੱਗੇ ਧਰਨੇ ਦਿੱਤੇ ਗਏ। ਫਿਰ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦੇ ਘਰਾਂ ਦੇ ਅੱਗੇ ਰੋਸ-ਮੁਜ਼ਾਹਰੇ ਕੀਤੇ ਗਏ ਅਤੇ ਉਨ੍ਹਾਂ ਦੇ ਘਿਰਾਓ ਕੀਤੇ ਗਏ। ਪੰਜਾਬ ਦੇ ਥਰਮਲ-ਪਲਾਂਟਾਂ ਵਿਚ ਵਿਚ ਕੋਇਲੇ ਦੀ ਘਾਟ ਹੋ ਜਾਣ ਕਾਰਨ ਬਿਜਲੀ ਦੀ ਕਮੀ ਪੈਦਾ ਹੋ ਗਈ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਅਤੇ ਹਾੜ੍ਹੀ ਬੀਜਣ ਲਈ ਡੀਏਪੀ ਤੇ ਯੂਰੀਆ ਖਾਦ ਪੰਜਾਬ ਵਿਚ ਲਿਆਉਣ ਲਈ ਕਿਸਾਨਾਂ ਨੇ ਸੂਬੇ ਵਿਚ ਮਾਲ-ਗੱਡੀਆਂ ਨੂੰ ਚੱਲਣ ਦੀ ਆਗਿਆ ਦੇ ਦਿੱਤੀ ਅਤੇ ਮੁਸਾਫ਼ਰ-ਗੱਡੀਆਂ ਨੂੰ ਇਸ ਛੋਟ ਤੋਂ ਲਾਂਭੇ ਰੱਖਿਆ। ਪਰ ਕੇਂਦਰ ਸਰਕਾਰ ਨੇ ਦੋਵੇਂ ਕਿਸਮ ਦੀਆਂ ਗੱਡੀਆਂ ਨੂੰ ਚਲਾਉਣ ਦੀ ਆਪਣੀ ਅੜੀ ਪੁਗਾਈ ਜਿਸ ਨੂੰ ਪੰਜਾਬ ਦੇ ਵੱਡੇ ਹਿੱਤਾਂ ਨੂੰ ਮੁੱਖਦਿਆਂ ਹੋਇਆਂ ਕਿਸਾਨਾਂ ਵੱਲੋਂ ਮੰਨ ਲਿਆ ਗਿਆ ਅਤੇ ਪੰਜਾਬ ਵਿਚ ਮੁਸਾਫ਼ਰ-ਗੱਡੀਆਂ ਵੀ ਚੱਲ ਪਈਆਂ। ਇਸ ਦੇ ਨਾਲ ਹੀ ਕਿਸਾਨਾਂ ਵੱਲੋਂ 5 ਨਵੰਬਰ ਨੂੰ ਦੇਸ਼-ਵਿਆਪੀ ਭਾਰਤ-ਬੰਦ ਅਤੇ 26 ਤੇ 27 ਨਵੰਬਰ ਨੂੰ ਦਿੱਲੀ-ਚੱਲੋ ਦੀ ਕਾਲ ਦਿੱਤੀ ਗਈ। ਉਹ ਲੱਖਾਂ ਦੀ ਗਿਣਤੀ ਵਿਚ ਆਪਣੇ ਟਰੈਕਟਰਾਂ-ਟਰਾਲੀਆਂ ਨੂੰ ਚੱਲਦੇ-ਫਿਰਦੇ ਆਰਜ਼ੀ ਘਰਾਂ ਵਿਚ ਬਦਲ ਕੇ ਪੰਜ-ਛੇ ਮਹੀਨਿਆਂ ਦਾ ਰਾਸ਼ਨ ਲੈ ਕੇ ਇਕ-ਦੋ ਦਿਨ ਪਹਿਲਾਂ ਹੀ 24/25 ਨਵੰਬਰ ਨੂੰ ਦਿੱਲੀ ਵੱਲ ਚੱਲ ਪਏ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਰਾਹ ਵਿਚ ਕਈ ਰੁਕਾਵਟਾਂ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਉਹ ਇਹ ਵੀ ਜਾਣਦੇ ਸਨ ਕਿ ਉਨ੍ਹਾਂ ਨੂੰ ਦਿੱਲੀ ਕਈ ਹਫ਼ਤੇ ਜਾਂ ਮਹੀਨੇ ਰਹਿਣਾ ਪੈ ਸਕਦਾ ਹੈ।

ਦਿੱਲੀ ਵੱਲ ਜਾਂਦਿਆਂ ਸੰਭੂ, ਡੱਬਵਾਲੀ, ਖ਼ਨੌਰੀ, ਗੁਹਲਾ/ਚੀਕਾ ਤੇ ਹੋਰ ਬਾਰਡਰਾਂ ਤੇ ਹਰਿਆਣੇ ਦੇ ਮੁੱਖ-ਮੰਤਰੀ ਮਨੋਹਰ ਲਾਲ ਖੱਟੜ ਦੀ ਬੀਜੇਪੀ ਸਰਕਾਰ ਵੱਲੋਂ ਖੜੀਆਂ ਕੀਤੀ ਗਈਆਂ ਰੋਕਾਂ ਤੇ ਭਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਹੁਣ ਉਹ ਦਿੱਲੀ ਦੇ ਸਿੰਘੂ, ਕੁੰਡਲੀ, ਟਿੱਕਰੀ ਤੇ ਬਹਾਦਰਗੜ੍ਹ ਬਾਰਡਰਾਂ ਤੇ 30-35 ਕਿਲੋਮੀਟਰ ਲੰਮੇਂ ਕਾਫ਼ਲਿਆਂ ਦੇ ਰੂਪ ਵਿਚ ਡੇਰੇ ਜਮਾਈ ਬੈਠੇ ਹਨ। ਹਰਿਆਣੇ ਦੇ ਬਾਰਡਰ ਪਾਰ ਕਰਨ ਸਮੇਂ ਹਰਿਆਣੇ ਦੇ ਕਿਸਾਨ-ਭਰਾਵਾਂ ਨੇ ਬੜੀ ਦਲੇਰੀ, ਬਹਾਦਰੀ ਤੇ ਜੁਅਰਤ ਵਿਖਾਉਂਦਿਆਂ ਹੋਇਆਂ ਪੰਜਾਬੀ ਕਿਸਾਨਾਂ ਦੀ ਮਦਦ ਕੀਤੀ। ਉਹ ਆਪਣੇ ਘਰਾਂ ਤੋਂ ਕਰਾਹੇ, ਕਹੀਆਂ, ਭਾਰੇ ਸੰਗਲ ਤੇ ਵੱਡੇ ਹਥੌੜੇ (ਵਦਾਨ) ਲੈ ਕੇ ਪਹੁੰਚ ਗਏ ਅਤੇ ਸਾਰਿਆਂ ਨੇ ਮਿਲ ਕੇ ਹੱਲੇ ਬੋਲਦਿਆਂ ਹੋਇਆਂ ਇਹ ਰੋਕਾਂ/ਰੁਕਾਵਟਾਂ ਦੂਰ ਕੀਤੀਆਂ। ਉਹ ਹੁਣ ਪੰਜਾਬ ਦੇ ਕਿਸਾਨਾਂ ਨਾਲ ਦਿੱਲੀ ਜਾਣ ਵਾਲੇ ਹਾਈਵੇਜ਼ ਤੇ ਧਰਨਿਆਂ ਉੱਪਰ ਬੈਠੇ ਹੋਏ ਹਨ। ਹਰਿਆਣੇ ਤੋਂ ਲੰਗਰ, ਦੁੱਧ, ਦਹੀਂ, ਲੱਸੀ, ਫ਼ਲ, ਸਬਜ਼ੀਆਂ ਤੇ ਹੋਰ ਸਾਜ਼ੋ-ਸਮਾਨ ਲਗਾਤਾਰ ਵੱਡੀ ਮਾਤਰਾ ਵਿਚ ਆ ਰਿਹਾ ਹੈ। ਓਧਰੋਂ ਉੱਤਰ-ਪ੍ਰਦੇਸ਼ ਵਾਲੇ ਪਾਸੇ ਲੱਗਦੇ ਗਾਜ਼ੀ ਅਤੇ ਜੈਪੁਰ ਵਾਲੇ ਪਾਸੇ ਲੱਗਦੇ ਬਾਰਡਰਾਂ ਉੱਪਰ ਯੂ.ਪੀ. ਅਤੇ ਰਾਜਸਥਾਨ ਦੇ ਕਿਸਾਨ ਵੀ ਧਰਨਿਆਂ 'ਤੇ ਬੈਠ ਗਏ ਹਨ। ਇਸ ਤਰ੍ਹਾਂ ਪੰਜਾਬ, ਹਰਿਆਣਾ, ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਸੂਬਿਆਂ ਤੋਂ ਆਏ ਕਿਸਾਨਾਂ ਵੱਲੋਂ ਦਿੱਲੀ ਨੂੰ ਆਉਣ ਵਾਲੇ ਪੰਜਾਂ ਮੁੱਖ-ਹਾਈਵੇਜ਼ ਨੂੰ ਘੇਰ ਲਿਆ ਗਿਆ ਹੈ ਅਤੇ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਨੱਕ ਵਿਚ ਦਮ ਕਰ ਛੱਡਿਆ ਹੈ। ਪਰ ਕੇਂਦਰ ਸਰਕਾਰ ਪੰਜ-ਛੇ ਗੇੜਾਂ ਵਿਚ ਹੋਈ ਗੱਲਬਾਤ ਦੌਰਾਨ ਬੇਸ਼ਕ ਇਨ੍ਹਾਂ ਤਿੰਨ ਖੇਤੀਬਾੜੀ ਕਾਨੂੰਨਾਂ ਵਿਚ ਬਹੁਤ ਸਾਰੀਆਂ ਸੋਧਾਂ ਕਰਨ ਲਈ ਤਾਂ ਮੰਨ ਗਈ ਹੈ ਪਰ ਉਹ ਇਨ੍ਹਾਂ ਨੂੰ ਵਾਪਸ ਲੈਣ ਲਈ ਹਾਮੀ ਨਹੀਂ ਭਰ ਰਹੀ, ਜਦਕਿ ਕਿਸਾਨ-ਆਗੂ ਇਨ੍ਹਾਂ ਨੂੰ ਵਾਪਸ ਲੈਣ ਤੋਂ ਬਿਨਾਂ ਪਿੱਛੇ ਹੱਟਣ ਵਾਲੇ ਨਹੀਂ ਜਾਪਦੇ।

ਇਸ ਕਿਸਾਨ ਅੰਦੋਲਨ ਵਿਚ ਬਹੁਤ ਸਾਰੀਆਂ ਵਿਲੱਖਣ ਗੱਲਾਂ ਵੇਖਣ ਵਿਚ ਆਈਆਂ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਇਸ ਆਰਟੀਕਲ ਦਾ ਮੁੱਖ ਵਿਸ਼ਾ ਹੈ ਅਤੇ ਉਹ ਇਸ ਪ੍ਰਕਾਰ ਹਨ:

ਇਸ ਅੰਦੋਲਨ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਪੰਜਾਬ ਤੇ ਹਰਿਆਣੇ ਦੇ ਕਿਸਾਨ ਵੱਡੇ-ਭਾਈ ਤੇ ਛੋਟੇ-ਭਾਈ ਦੇ ਤੌਰ 'ਤੇ ਵਿਚਰ ਰਹੇ ਹਨ ਅਤੇ ਉਨ੍ਹਾਂ ਦੇ ਨਾਲ ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਰਾਜਸਥਾਨ ਤੇ ਹੋਰ ਕਈ ਸੂਬਿਆਂ ਦੇ ਕਿਸਾਨ ਵੀ ਆ ਬੈਠੇ ਹਨ। ਇਨ੍ਹਾਂ ਤੋਂ ਇਲਾਵਾ ਮਹਾਂਰਾਸ਼ਟਰ, ਕਰਨਾਟਕ, ਕੇਰਲਾ, ਬੰਗਾਲ ਤੇ ਹੋਰ ਸੂਬਿਆਂ ਦੇ ਕਿਸਾਨ ਆਪੋ-ਆਪਣੇ ਸੂਬਿਆਂ ਵਿਚ ਧਰਨੇ ਦੇ ਰਹੇ ਹਨ ਅਤੇ ਮੁਜ਼ਾਹਰੇ ਕਰ ਰਹੇ ਹਨ। ਇਸ ਤਰ੍ਹਾਂ ਇਹ ਕਿਸਾਨ ਅੰਦੋਲਨ ਹੁਣ ਦੇਸ਼-ਵਿਆਪੀ ਬਣ ਗਿਆ ਹੈ। ਇਸ ਵਿਚ ਕਿਸਾਨਾਂ ਦੇ ਨਾਲ ਆੜ੍ਹਤੀਏ, ਛੋਟੇ ਦੁਕਾਨਦਾਰ, ਮਜ਼ਦੂਰ, ਰੇੜ੍ਹੀ-ਫੜ੍ਹੀ ਵਾਲੇ ਅਤੇ ਹੋਰ ਲੱਗਭੱਗ ਸਾਰੇ ਹੀ ਵਰਗਾਂ ਦੇ ਲੋਕ ਸ਼ਾਮਲ ਹਨ। ਇੱਥੇ ਧਰਮ, ਨਸਲ ਤੇ ਜ਼ਾਤ-ਬਰਾਦਰੀ ਦਾ ਕੋਈ ਭੇਦ-ਭਾਵ ਨਜ਼ਰ ਨਹੀਂ ਆ ਰਿਹਾ।

ਇਹ ਅੰਦੋਲਨ ਕਿਸੇ ਵੀ ਕਿਸਮ ਦੀ ਰਾਜਸੀ-ਰੰਗਤ ਤੋਂ ਕੋਹਾਂ ਦੂਰ ਪੂਰਨ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਕੋਈ ਵੀ ਮਾੜੀ ਘਟਨਾ ਵੇਖਣ-ਸੁਣਨ ਨੂੰ ਨਹੀਂ ਮਿਲੀ। ਇਸ ਦੇ ਲਈ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ, ਬੂਟਾ ਸਿੰਘ ਬੁਰਜਵਾਲ, ਰੁਲਦਾ ਸਿੰਘ ਮਾਨਸਾ, ਆਦਿ ਲੀਡਰਾਂ ਦੀ ਅਗਵਾਈ ਹੇਠ ਕਿਸਾਨ ਲੀਡਰਸ਼ਿਪ ਦੀ ਸੂਝ ਅਤੇ ਲੋਕਾਂ ਦੀ ਸਿਆਣਪ ਦੀ ਦਾਤ ਦੇਣੀ ਬਣਦੀ ਹੈ।

ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨੀ, ਸਪੇਨ ਆਦਿ ਬਹੁਤ ਸਾਰੇ ਦੇਸ਼ਾਂ ਤੋਂ ਲੋਕਾਂ ਵੱਲੋਂ ਵੱਖ-ਵੱਖ ਥਾਵਾਂ ਤੇ ਕਾਰ-ਰੈਲੀਆਂ ਕੱਢ ਕੇ ਅਤੇ ਸੜਕਾਂ ਦੇ ਦੋਹੀਂ ਪਾਸੀਂ ਵੱਡੇ-ਵੱਡੇ ਬੈਨਰ ਤੇ ਪੋਸਟਰ ਫੜ ਕੇ ਸਾਰਾ-ਸਾਰਾ ਦਿਨ ਖੜੋ ਕੇ ਭਾਰਤੀ ਕਿਸਾਨਾਂ ਨਾਲ ਇਕਜੁੱਟਤਾ ਵਿਖਾ ਕੇ ਉਨ੍ਹਾਂ ਦੇ ਇਸ ਅੰਦੋਲਨ ਦੀ ਹਮਾਇਤ ਕੀਤੀ ਗਈ ਅਤੇ ਇਹ ਹਮਾਇਤ ਲਗਾਤਾਰ ਜਾਰੀ ਹੈ।

ਇਸ ਅੰਦੋਲਨ ਵਿਚ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਦੇ ਨਾਲ-ਨਾਲ ਪੰਜਾਬੀ ਗੱਭਰੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਹਨ। ਉਹ ਪੰਜਾਬੀ ਗੱਭਰੂ, ਜਿਨ੍ਹਾਂ ਨੂੰ ਦੇਸ਼ ਦੇ ਮੀਡੀਏ ਦੇ ਇਕ ਹਿੱਸੇ ਵੱਲੋਂ ਨਸ਼ੇੜੀ, ਅਮਲੀ ਤੇ ਕਈ ਹੋਰ ਵਿਸ਼ੇਸ਼ਣਾਂ ਨਾਲ ਨਿਵਾਜਿਆ ਗਿਆ ਸੀ, ਆਪਣੇ ਖ਼ੂਬਸੂਰਤ ਅਤੇ ਤੱਕੜੇ ਜੁੱਸਿਆਂ ਨਾਲ ਇੱਥੇ ਲਗਾਤਾਰ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ। ਉਨ੍ਹਾਂ ਵਿਚ ਕਈ ਬਾਡੀ-ਬਿਲਡਰ ਤੇ ਕਬੱਡੀ ਦੇ ਖਿਲਾੜੀ ਵੀ ਨਜ਼ਰ ਆ ਰਹੇ ਹਨ।

ਵੱਖ-ਵੱਖ ਕਲਾਕਾਰ, ਲੇਖਕ, ਬੁੱਧੀਜੀਵੀ, ਗਾਇਕ, ਰਾਗੀ-ਢਾਡੀ, ਧਾਰਮਿਕ-ਪ੍ਰਚਾਰਕ, ਡਾਕਟਰ, ਇੰਜੀਨੀਅਰ, ਅਧਿਆਪਕ, ਵਕੀਲ, ਸਾਬਕਾ-ਜੱਜ, ਸਮਾਜ-ਸੇਵੀ, ਗੱਲ ਕੀ ਹਰੇਕ ਵਰਗ ਦੇ ਲੋਕ ਇਨ੍ਹਾਂ ਧਰਨਿਆਂ ਵਿਚ ਸ਼ਾਮਲ ਹੋ ਕੇ ਕਿਸਾਨ-ਭਰਾਵਾਂ ਦੇ ਇਸ ਅੰਦੋਲਨ ਨੂੰ ਸਫ਼ਲ ਬਨਾਉਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

ਵੱਖ-ਵੱਖ ਹਾਈਵੇਜ਼ ਤੇ ਧਰਨਿਆਂ ਵਿਚ ਸ਼ਾਮਲ ਲੋਕਾਂ ਲਈ ਖਾਧ-ਪਦਾਰਥਾਂ ਦੇ ਬੇਸ਼ੁਮਾਰ ਲੰਗਰ ਲੱਗੇ ਹੋਏ ਹਨ ਜਿਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪੱਕ ਰਹੇ ਹਨ। ਇੱਥੋਂ ਤੱਕ ਕਿ ਅਲਸੀ ਤੇ ਖੋਏ ਦੀਆਂ ਪਿੰਨੀਆਂ, ਵੇਸਣ ਦੀ ਬਰਫ਼ੀ, ਲੱਡੂ, ਮੱਠੀਆਂ ਤੇ ਹੋਰ ਨਮਕੀਨਾਂ, ਬਦਾਮ, ਕਾਜੂ, ਅਖਰੋਟ ਦੀਆਂ ਗਿਰੀਆਂ ਤੇ ਸੌਗੀ ਦੀ ਬਹੁਤਾਤ ਹੈ ਅਤੇ ਇਹ ਪਿੰਡਾਂ ਤੇ ਸ਼ਹਿਰਾਂ ਤੋਂ ਕਵਿੰਟਲਾਂ ਤੇ ਟਨਾਂ ਦੀ ਗਿਣਤੀ-ਮਿਣਤੀ ਵਿਚ ਉੱਥੇ ਪਹੁੰਚਾਏ ਜਾ ਰਹੇ ਹਨ।

ਇਸ ਅੰਦੋਲਨ ਵਿਚ ਹੋਰ ਲੰਗਰਾਂ ਦੇ ਨਾਲ-ਨਾਲ ਪੁਸਤਕਾਂ ਦੇ ਲੰਗਰ ਵੀ ਲੱਗੇ ਹੋਏ ਹਨ। ਅਗਾਂਹ-ਵਧੂ ਸੁਰਬੀਰਤਾ ਨਾਲ ਭਰਪੂਰ ਸਾਹਿਤਕ ਪੁਸਤਕਾਂ ਵੱਡੇ-ਵੱਡੇ ਟੇਕਰਿਆਂ ਵਿਚ ਸਜਾ ਕੇ ਰੱਖੀਆਂ ਹੋਈਆਂ ਸਨ ਅਤੇ ਪੰਜਾਬੀ ਨੌਜੁਆਨ ਉੱਥੇ ਆ ਕੇ ਝੋਨੇ ਦੀ ਪਰਾਲੀ ਜਿਸ ਦਾ ਧੂੰਆਂ ਪਤਾ ਨਹੀਂ ਕਿਵੇਂ ਦਿੱਲੀ ਤੱਕ ਪਹੁੰਚ ਜਾਂਦਾ ਹੈ, ਦੇ ਨਾਲ ਬਣੇ ਹੋਏ ਬੈਂਚਾਂ ਉੱਪਰ ਬੈਠ ਕੇ ਪੜ੍ਹਦੇ ਹਨ। ਇੱਥੇ ਹੀ ਸਿੱਖ-ਮਾਨਸਿਕਤਾ ਦੇ ਉੱਘੇ-ਲੇਖਕ ਗਿਆਨੀ ਅਜਮੇਰ ਸਿੰਘ ਦੀ ਲਿਖੀ ਹੋਈ ਪੁਸਤਕ ਸ਼ਹੀਦ ਜਸਵੰਤ ਸਿੰਘ ਖਾਲੜਾ10 ਦਸੰਬਰ ਨੂੰ ਲੋਕ-ਅਰਪਿਤ ਕੀਤੀ ਗਈ।

ਇੱਥੇ ਦਵਾਈਆਂ ਦੇ ਲੰਗਰ ਵੀ ਕਾਫ਼ੀ ਵਿਖਾਈ ਦੇ ਰਹੇ ਹਨ। ਡਾਕਟਰਾਂ ਦੀਆਂ ਬਹੁਤ ਸਾਰੀਆਂ ਐਂਬੂਲੈਂਸਾਂ ਮੌਜੂਦ ਹਨ ਜਿਨ੍ਹਾਂ ਦੇ ਅੱਗੇ ਕੁਰਸੀਆਂ-ਮੇਜ਼ਾਂ ਤੇ ਬੈਠੇ ਹੋਏ ਡਾਕਟਰ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦੇ ਰਹੇ ਹਨ। ਸਰਕਾਰੀ ਸੇਵਾ ਕਰਦੇ ਹੋਏ ਕਈ ਡਾਕਟਰ ਛੁੱਟੀਆਂ ਲੈ ਕੇ ਇੱਥੇ ਆਪਣੀਆਂ ਬਹੁ-ਮੁੱਲੀਆਂ ਸੇਵਾਵਾਂ ਮੁਹੱਈਆ ਕਰ ਰਹੇ ਹਨ।

ਇੱਥੇ ਇਸ ਅੰਦੋਲਨ ਵਿਚ ਇਪਟਾ ਵਰਗੀਆਂ ਅਗਾਂਹ-ਵਧੂ ਨਾਟਕ-ਮੰਡਲੀਆਂ ਵੱਲੋਂ ਲੋਕ-ਪੱਖੀ ਨਾਟਕ ਖੇਡੇ ਜਾ ਰਹੇ ਹਨ ਅਤੇ ਜੋਸ਼ੀਲੇ ਗੀਤ ਗਾਏ ਜਾ ਰਹੇ ਹਨ ਜਿਨ੍ਹਾਂ ਵਿਚ ਲੋਕਾਂ ਨੂੰ ਸਾਰਥਕ ਸੁਨੇਹੇ ਦਿੱਤੇ ਜਾ ਰਹੇ ਹਨ। ਲੋਕਾਂ ਵੱਲੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਰਹਿਣ-ਸਹਿਣ ਦੇ ਪ੍ਰਬੰਧ ਇੱਥੇ ਵੱਡੀ ਗਿਣਤੀ ਵਿਚ ਕੀਤੇ ਗਏ ਹਨ। ਦਿੱਲੀ ਅਤੇ ਇਸ ਦੇ ਨਾਲ ਲੱਗਦੇ ਹਰਿਆਣੇ ਦੇ ਲੋਕਾਂ ਨੇ ਆਪਣੇ ਘਰਾਂ ਦੇ ਦਰ-ਦਰਵਾਜ਼ੇ ਖੋਲ੍ਹ ਦਿੱਤੇ ਹਨ। ਧਰਨੇ ਵਿਚ ਸ਼ਾਮਲ ਬੀਬੀਆਂ ਤੇ ਬਜ਼ੁਰਗ ਇਨ੍ਹਾਂ ਵਿਚ ਰਾਤ ਨੂੰ ਇੱਥੇ ਵਿਸ਼ਰਾਮ ਕਰਦੇ ਹਨ ਅਤੇ ਦਿਨ ਵੇਲੇ ਉਹ ਧਰਨਿਆਂ ਵਿਚ ਸ਼ਾਮਲ ਹੁੰਦੇ ਹਨ।

ਅੰਤਰ-ਰਾਸ਼ਟਰੀ ਸੇਵਾ ਸੰਸਥਾ ਖ਼ਾਲਸਾ-ਏਡ ਵੱਲੋਂ 400 ਬਿਸਤਰਿਆਂ ਦਾ ਪੂਰਨ ਰੇਨ-ਪਰੂਫ਼ ਪੰਡਾਲ ਤਿਆਰ ਕੀਤਾ ਗਿਆ ਹੈ ਜਿਸ ਵਿਚ ਸੀਸੀਟੀਵੀਜ਼, ਫ਼ੋਨ-ਚਾਰਜਰਾਂ, ਪਖ਼ਾਨਿਆਂ ਆਦਿ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਖਾਲਸਾ-ਏਡ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਡਾ. ਐੱਸ. ਪੀ. ਸਿੰਘ ਉਬਰਾਏ ਤੇ ਕਈ ਹੋਰ ਦਾਨੀ-ਸੱਜਣਾਂ ਵੱਲੋਂ ਚਲਾਈਆਂ ਜਾ ਰਹੀਆਂ ਸੇਵਾ-ਸੰਸਥਾਵਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਸੌਣ ਲਈ ਗੱਦੇ, ਕੰਬਲ, ਜੈਕਟਾਂ, ਲੋਈਆਂ, ਸ਼ਾਲਾਂ, ਬੁਨੈਣਾਂ, ਜੁਰਾਬਾਂ, ਤੌਲੀਏ ਤੇ ਹੋਰ ਲੋੜੀਂਦੀਆਂ ਚੀਜ਼ਾਂ-ਵਸਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ।

ਅੰਦੋਲਨ ਵਾਲੀਆਂ ਥਾਵਾਂ ਤੇ ਕਈ ਦਾਨੀ-ਸੱਜਣਾਂ ਵੱਲੋਂ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਅਤੇ ਮਸਾਜ ਮਸ਼ੀਨਾਂ (ਦੱਬਣ-ਘੁੱਟਣ ਵਾਲੀਆਂ ਮਸ਼ੀਨਾਂ) ਲਗਾ ਦਿੱਤੀਆਂ ਗਈਆਂ ਹਨ ਅਤੇ ਕਿਸਾਨ ਇਨ੍ਹਾਂ ਦਾ ਖ਼ੂਬ ਲਾਭ ਉਠਾ ਰਹੇ ਹਨ।

ਸਾਰਾ ਅੰਦੋਲਨ ਹੁਣ ਤੀਕ ਪੂਰਨ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ ਅਤੇ ਕਿਸਾਨ-ਆਗੂ ਬੜੀ ਸਿਆਣਪ, ਦੂਰ-ਦਰਸ਼ਤਾ ਅਤੇ ਇਕਮੁੱਠਤਾ ਨਾਲ ਇਸ ਦੀ ਅਗਵਾਈ ਕਰ ਰਹੇ ਹਨ। ਕੇਂਦਰ ਸਰਕਾਰ ਦਾ ਰਵੱਈਆ ਬੇਸ਼ਕ ਅਜੇ ਕੁਝ ਅੜੀਅਲ ਵਿਖਾਈ ਦੇ ਰਿਹਾ ਹੈ ਪਰ ਕਿਸਾਨ-ਆਗੂ ਵੀ ਇਨ੍ਹਾਂ ਬਿੱਲਾਂ ਨੂੰ ਰੱਦ ਕਰਵਾਉਣ ਦੀ ਆਪਣੀ ਮੁੱਖ-ਮੰਗ ਤੇ ਡਟੇ ਹੋਏ ਹਨ।

ਧਰਨਿਆਂ ਦੇ ਦੌਰਾਨ ਐਂਬੂਲੈਂਸ ਅਤੇ ਹੋਰ ਜ਼ਰੂਰੀ-ਸੇਵਾਵਾਂ ਨੂੰ ਰਸਤਾ ਦਿੱਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਵੇ।

ਸੜਕਾਂ ਦੇ ਦੋਵੇਂ ਪਾਸੇ ਦੀਆਂ ਦੁਕਾਨਾਂ ਪੂਰੀ ਤਰ੍ਹਾਂ ਖੁੱਲ੍ਹੀਆਂ ਹੋਈਆਂ ਹਨ ਅਤੇ ਦੁਕਾਨਦਾਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਹੈ। ਉਨ੍ਹਾਂ ਦੇ ਅਨੁਸਾਰ ਸਗੋਂ ਇਸ ਦੌਰਾਨ ਉਨ੍ਹਾਂ ਦੀ ਸੇਲ ਵਿਚ ਕਾਫ਼ ਵਾਧਾ ਹੋਇਆ ਹੈ।


ਕਈ ਕਿਸਾਨ ਕਿਸੇ ਜ਼ਰੂਰੀ ਘਰੇਲੂ ਕੰਮਾਂ ਦੇ ਕਾਰਨ ਵਾਪਸ ਵੀ ਆ ਰਹੇ ਹਨ ਪਰ ਉਨ੍ਹਾਂ ਦੀ ਥਾਂ ਤੇ ਹੋਰ ਕਿਸਾਨ ਬਹੁਤ ਵੱਡੀ ਗਿਣਤੀ ਵਿਚ ਦਿੱਲੀ ਨੂੰ ਜਾ ਰਹੇ ਹਨ। ਸੁਣਨ ਵਿਚ ਆਇਆ ਹੈ ਕਿ ਜੇਕਰ 20 ਕਿਸਾਨ ਘਰਾਂ ਨੂੰ ਵਾਪਸ ਆਉਂਦੇ ਹਨ ਤਾਂ ਉਨਹਾਂ ਦੀ ਥਾਂ ਤੇ 100 ਕਿਸਾਨ ਦਿੱਲੀ ਜਾ ਰਹੇ ਹਨ। ਤਾਜ਼ਾ ਖ਼ਬਰਾਂ ਅਨੁਸਾਰ ਪੰਜਾਬ ਦੇ ਮਾਝੇ ਏਰੀਏ ਤੋਂ ਪਿਛਲੇ ਦੋ ਦਿਨਾਂ ਵਿਚ 2000 ਤੋਂ ਵਧੀਕ ਟ੍ਰੈਕਟਰ-ਟਰਾਲੀਆਂ ਦਿੱਲੀ ਪਹੁੰਚੀਆਂ ਹਨ। ਬਠਿੰਡਾ ਤੇ ਫ਼ਿਰੋਜ਼ਪੁਰ ਤੋਂ ਪੰਜਾਬ-ਮੇਲ ਰਾਹੀਂ ਹਰ ਰੋਜ਼ 400-500 ਕਿਸਾਨ ਦਿੱਲੀ ਜਾ ਰਹੇ ਹਨ।

ਇਸ ਅੰਦੋਲਨ ਵਿਚ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਰਾਤ ਨੂੰ ਸੜਕਾਂ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ ਜਾਂਦੀ ਹੈ ਅਤੇ ਨੌਜੁਆਨ ਇਸ ਸੇਵਾ ਵਿਚ ਵੱਧ-ਚੜ੍ਹ ਕੇ ਆਪਣਾ ਹਿੱਸਾ ਪਾ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਬੇਸ਼ਕ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉੱਪਰ ਕਈ ਤਰ੍ਹਾਂ ਦੀਆਂ ਵੱਡੀਆਂ-ਵੱਡੀਆਂ ਤੇ ਭਾਰੀ ਰੋਕਾਂ ਖੜੀਆਂ ਕਰਕੇ ਅਤੇ ਪੁਲੀਸ ਤੇ ਨੀਮ-ਫ਼ੌਜੀ ਦਲਾਂ ਵਿਚ ਵਾਧਾ ਕਰਕੇ ਕਿਸਾਨਾਂ ਨੂੰ ਡਰਾਉਣ-ਧਮਕਾਉਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਕਿਸਾਨਾਂ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਹਨ ਅਤੇ ਉਹ ਲੰਮੇਂ ਸਮੇਂ ਲਈ ਤਿਆਰੀਆਂ ਕਰਕੇ ਧਰਨਿਆਂ 'ਤੇ ਬੈਠੇ ਹੋਏ ਹਨ। ਕਈਆਂ ਨੇ ਤਾਂ ਦੋਹਾਂ ਸੜਕਾਂ ਵਿਚਲੇ ਡਿਵਾਈਡਰਾਂ ਵਿਚਕਾਰਲੀ ਖਾਲੀ ਜ਼ਮੀਨ ਨੂੰ ਕਹੀਆਂ ਨਾਲ ਪੁੱਟ ਕੇ ਉੱਥੇ ਧਨੀਆਂ, ਮੇਥੀ, ਪਾਲਕ, ਮੂਲੀਆਂ, ਗਾਜਰਾਂ, ਲਸਣ, ਪਿਆਜ਼ ਆਦਿ ਵੀ ਬੀਜ ਦਿੱਤੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਅੰਦਲਨ ਵਿਚ ਇਹ ਮੂਲੀਆਂ-ਗਾਜਰਾਂ ਤੇ ਹੋਰ ਸੱਭ ਖਾ ਕੇ ਸਫ਼ਲ ਹੋਣ ਤੋਂ ਬਾਦ ਹੀ ਘਰਾਂ ਨੂੰ ਵਾਪਸ ਮੁੜਨਗੇ।

ਹੁਣ ਹਾਲਤ ਇਹ ਬਣੀ ਹੋਈ ਹੈ ਕਿ ਕੇਂਦਰ ਸਰਕਾਰ ਇਹ ਕਾਨੂੰਨ ਰੱਦ ਨਾ ਕਰਨ ਦੀ ਆਪਣੀ ਅੜੀ ਤੇ ਕਾਇਮ ਹੈ ਅਤੇ ਉਹ ਕਿਸਾ-ਆਗੂਆਂ ਨਾਲ ਆਪਣੀ ਹਰੇਕ ਮੀਟਿੰਗ ਵਿਚ ਸੋਧਾਂ ਕਰਨ ਦਾ ਹੀ ਰਾਗ ਅਲਾਪ ਰਹੀ ਹੈ। ਉਹ ਇਨ੍ਹਾਂ ਬਿੱਲਾਂ ਵਿਚ 80-85× ਸੋਧਾਂ ਕਰਨ ਲਈ ਤਿਆਰ ਹੈ ਪਰ ਅਜੇ ਬਿੱਲ ਰੱਦ ਕਰਨ ਲਈ ਤਿਆਰ ਨਹੀਂ। ਓਧਰ ਕਿਸਾਨਾਂ ਲਈ ਵੀ ਆਪਣੀ ਹੋਂਦ ਤੇ ਭਵਿੱਖ ਦਾ ਸੁਆਲ ਹੈ।

ਵੇਖੋ! ਅੱਗੋਂ ਕੀ ਬਣਦਾ ਹੈ।


Best Mobile Signs
All kinds of mobile sign board
best mobile sign
Kamal Sidhu
call for yours
403-966-7167
bestmobilesigns@gmail.com

Skyview BLINDS & SHADES
Quality Never Lies



For all your window and wall covering needs contact
(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7

Al Karim TRAVEL & TOURS



ALKARIM TRAVEL & TOURS
Less Fares Guaranteed
ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।
Best Fares to and from :
India, Pakistan, Afghanistan, Bangladesh, Sri Lanka, Africa, Fiji & Beyond
Arrange Nanakana Sahib Yatra Group & Vacation packages
PASSPORT SERVICE, VISA SERVICE
SUPER VISA & SUPER VISA INSURANCE
Money Transfer via TRANS-FAST,
"Indian Visa application fee $10 only"
403-454-8011
VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com

NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੇ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# Brampton protest, big Car-Rally in support of farmers struggle in India











Brampton, 5 December : Canadian organized demonstrations and Car rally in different parts of City Brampton to support peaceful farmer struggle in India. The call was given jointly by 'Sarokaran de Awaz'; 'Alliance of progressive Canadians"; Indo- Canadian Workers Association; North-American Tarksheel Society, Ontario; GTA west club, Communist Party of Canada, Desh Bhagat Sports Cultural society, Brampton and others. The residents of Brampton hold demonstration in different parts of city with banners and hold a large road protest in form of 'Car-Rally' on the Bovaird Drive starting from Brampton Soccer Centre to car parking of Indian Passport Office, Brampton. More than 800 cars took part in the rally along 7 KM stretch of the road in city, the Canadian police remain busy to clear the traffic paths for the comforts of peaceful participants. The rally was attended by all walks of society without any discrimination of region, religion and color. The Canadians were demanding to get roll back all three new Agriculture laws imposed by Government of India. They alleged that these laws are not in favour of Farmers of India and damage the existing agriculture economy of India. All the cars attending the Car- rally were displayed with the slogans, Flags and banners supporting their demands. Large number of protesters were standing along the roads to welcome the road show they were carrying placards highlighting support of Farmers agitation.

Addressing the rally Dr Hardeep Singh and Harbans Singh of Sarokaran-de-Awaz condemned the Indian Government for using water canon, lathis and barricades to supress the peaceful demonstrations of Farmers of Punjab and Haryana. They told that in every corner of India, farmers are up in arms against three new agricultural laws imposed by Government of India. These laws - 'Farmers Produce Trade and commerce Bill 2020; --The farmers (Empowerment and Protection) Agreement of Price assurance and Farm Services Bills, 2020 and --The essential Commodities (amendment) Bill 2020. These laws would be big threat to present protected APMC ( Agriculture Produce Market Committee) market system which ensures MSP (Minimum support price) to farmers and purchase of food to supply in PDS ( Public distribution System) to poor consumers. With these laws Agriculture economy will be opened to establish private market for big Corporate houses and these bills are paving way to Free Trade and




competitive market prices, Contract farming and cutting short the regulated list of essential food items for public. Regulated existing APMC market system could not survive in competition and unable to supply for PDS. These farm laws would threaten the security of price to farmers but also a big threat to food security stocks provided to every citizen of India. Farmers are small players and would not be able to survive in competition with big corporate houses. The collapse of APMC market will ultimately lead to monopoly high prices by Corporate sector. These laws also talk about Minimum Support Price to Farmers. They apprehend that these laws talk about the introduction of contract farming by corporate companies. This means the farmers must bargain for their produce in every season and could not be survive as small player. With the third bill of amendment of essential food product, the Indian Govt. has further cut down list of regulated items and now onions and potatoes are also out of regulation. This is a bigger threat to all the consumers of India as this would give free hand to stocking and black-market resulting in rising of prices by monopoly stock operators. We all Indo-Canadians are demanding immediate roll back of all three bills and more protection of MSP and PDS system for the welfare of Farmers and workers.

Kuldeep Bopari social activist, Devider Toor of 'Sarokaran de Awaz', Harparminder Gadri of 'Alliance of Progressive Canadians', Harinder Hundal of 'GTA West Club, Communist Party of Canada', Surjit Sahota of 'Indo- Workers Association, Brampton', Baldev Rehpa of 'North American Tarksheel Society', Darshan Gill of Desh Bhagat sports and Cultural Society, Shamshad Shams of 'Alliance Of Progressive Canadians' and others. All the speakers declared full support to the agitating Kisan Unions.

**Dr Hardeep Singh**
**416-209-6363**












# ਜਾਪਨ ਦੇ ਟੋਕੀਓ ਦੀ ਇੰਡੀਅਨ ਅੰਬੈਸੀ ਦੇ ਭਾਰਤੀ ਕਿਸਾਨ ਸੰਘਰਸ਼ ਦੇ ਹੱਕ ਵਿੱਚ ਰੋਸ ਵਿਖਾਵਾ




ਜੋਸ਼ੋ ਸਿਟੀ, (ਪੱਤਰ ਪ੍ਰੇਰਕ) : ਭਾਰਤ ਦੇ ਵਿੱਚ ਚਲ ਰਹੇ ਮੌਜੂਦਾ ਕਿਸਾਨ ਸੰਘਰਸ਼ ਦੇ ਸਬੰਧ ਵਿਚ ਸਥਾਨਕ ਟੋਕੀਓ ਸ਼ਹਿਰ ਦੀ ਇੰਡੀਅਨ ਅੰਬੈਸੀ ਦੇ ਸਾਹਮਣੇ ਅੰਤਰਰਾਸ਼ਟਰੀ ਇਨਕਲਾਬੀ ਮੰਚ ਦੇ ਝੰਡੇ ਹੇਠ, ਭਾਰਤੀ ਮੂਲ ਦੇ ਲੋਕਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ ਅਤੇ ਭਾਰਤੀ ਸਰਕਾਰ ਦੇ ਨਵੇਂ ਖੇਤੀ ਬਿਲਾਂ ਨੂੰ ਵਾਪਸੀ ਦੀ ਮੰਗ ਦੇ ਨਾਅਰੇ ਲਗਾਏ ਗਏ। ਇਥੇ ਇਹ ਗੱਲ ਵਰਨਯੋਗ ਹੈ ਕਿ ਜਾਪਾਨ ਵਿੱਚ ਭਾਰਤੀ ਲੋਕ ਨਾ-ਮਾਤਰ ਗਿਣਤੀ ਦੇ ਹਨ, ਫਿਰ ਵੀ ਕਿਸਾਨ ਸੰਘਰਸ਼ ਦੀ ਹਮਾਇਤ ਵਿੱਚ ਡਟ ਗਏ ਹਨ।

ਇਸ ਸਮੇਂ ਰੈਲੀ ਨੂੰ ਸੰਬੋਧਨ ਕਰਦੇ ਹੋਏ ਮੰਚ ਦੇ ਅੰਤਰ-ਰਾਸ਼ਟਰੀ ਜਨਰਲ ਸਕੱਤਰ ਰੁਪਿੰਦਰ ਜੋਧਾਂ ਨੇ ਭਾਰਤੀ ਮੋਦੀ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦੀ ਸਖ਼ਤ ਨਿਖੇਧੀ ਕੀਤੀ। ਇਨ੍ਹਾਂ ਕਾਨੂੰਨਾਂ ਦੀ ਵਾਪਸੀ ਲਈ ਸ਼ਾਂਤਮਈ ਸੰਘਰਸ਼ ਕਰ ਰਹੀਆਂ ਕਿਸਾਨ ਜੱਥੇਬੰਦੀਆਂ ਉੱਪਰ ਸਰਕਾਰ ਵੱਲੋਂ ਕੀਤੇ ਜਾ ਰਹੇ ਬਲ ਪ੍ਰਯੋਗ ਦੀ ਵੀ ਨਿੰਦਾ ਕੀਤੀ। ਉਨ੍ਹਾਂ ਭਾਰਤ ਦੀਆਂ ਸੰਘਰਸ਼ ਕਰ ਰਹੀਆਂ ਕਿਸਾਨ ਜੱਥੇਬੰਦੀਆਂ ਦੀ ਡਟਕੇ ਹਮਾਇਤ ਕਰਦੇ ਹੋਏ, ਨਵੇਂ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਰੋਨਾਵਾਇਰਸ ਦਾ ਬਹਾਨਾ ਬਣਾਕੇ ਮੋਦੀ ਕਾਰਪੋਰੇਟ ਘਰਾਣਿਆਂ ਨੂੰ ਸ਼ਹਿ ਦੇ ਰਿਹਾ ਹੈ ਤੇ ਕਿਸਾਨਾਂ ਦਾ ਕਚੂੰਬਰ ਕੱਢ ਰਿਹਾ ਹੈ। ਇਹ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਭੁਪਿੰਦਰ ਜੋਧਾਂ ਨੇ ਮੋਦੀ ਸਰਕਾਰ ਨੂੰ ਚੈਲੰਜ ਕੀਤਾ ਕਿ ਜੇਕਰ ਕਾਲੇ ਕਾਨੂੰਨ ਵਾਪਸ ਨਹੀਂ ਲਏ ਜਾਣਗੇ ਤਾਂ ਜਾਪਾਨ ਵਿੱਚ ਵੀ ਇਸੇ ਤਰ੍ਹਾਂ ਦੇ ਪ੍ਰੋਟੈਸਟ ਜਾਰੀ ਰੱਖੇ ਜਾਣਗੇ ਕੀਤਾ ਜਾਵੇਗਾ ।ਉਨ੍ਹਾਂ ਚੇਤਾਵਨੀ ਦਿੱਤੀ ਕਿ ਪ੍ਰਧਾਨ ਮੰਤਰੀ ਮੋਦੀ ਦੀ ਜਪਾਨ ਫੇਰੀ ਸਮੇਂ ਵੀ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਜਿਸ ਨੂੰ ਹੋਰਨਾਂ ਤੋਂ ਇਲਾਵਾ ਕੰਵਲਜੀਤ ਕੌਰ, ਹਿਆਸ਼ੀ ਇਮੀ, ਰਵਿੰਦਰ ਸਿੰਘ ਜੋਬਨ, ਭੁਪਿੰਦਰ ਸਿੰਘ, ਗੁਰਵਿੰਦਰ ਸਿੰਘ, ਪ੍ਰਕਾਸ਼ ਸਿੰਘ ਵਾਰਿਸ, ਮਨਦੀਪ ਸਿੰਘ, ਸ਼ੇਰ ਸਿੰਘ, ਲਵ ਸਰਮਾ, ਲਭਪ੍ਰੀਤ ਸਿੰਘ ਅਮਨਦੀਪ ਸਿੰਘ ਤੇ ਹੋਰਨਾਂ ਨੇ ਵੀ ਸੰਬੋਧਨ ਕੀਤਾ। ਇਸ ਇਕੱਠ ਵਿਚ ਲਗਭਗ 150 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ ਅਤੇ ਜਪਾਨੀ ਲੋਕਾਂ ਅਤੇ ਸਰਕਾਰ ਨੇ ਬਹੁਤ ਧਿਆਨ ਦਿੱਤਾ।


















# ਵੈਨਕੂਵਰ ਦੇ ਭਾਰਤੀ ਸਫ਼ਾਰਤਖ਼ਾਨੇ ਸਾਹਮਣੇ ਰੋਸ ਮੁਜ਼ਾਹਰਾ

**ਪਰਮਿੰਦਰ ਸਵੈਚ**

27 ਦਸੰਬਰ : ਭਾਰਤ ਵਿੱਚ ਮੋਦੀ ਸਰਕਾਰ ਵਲੋਂ ਕਿਸਾਨੀ ਵਿਰੁੱਧ ਲਿਆਂਦੇ ਤਿੰਨ ਕਾਲ਼ੇ ਕਾਨੂੰਨਾਂ ਦੇ ਵਿਰੋਧ ਵਿੱਚ ਪਹਿਲਾਂ ਦੋ ਮਹੀਨੇ ਪੰਜਾਬ ਵਿੱਚ ਤੇ ਮਹੀਨੇ ਤੋਂ ਵੀ ਜ਼ਿਆਦਾ ਦਿੱਲੀ ਦੀ ਸੀਮਾ ਤੇ ਬੈਠੀਆਂ ਸੰਘਰਸ਼ ਕਰਦੀਆਂ ਕਿਰਤੀ ਕਿਸਾਨ ਯੂਨੀਅਨਾਂ ਦੇ ਸੱਦੇ ਤੇ ਦੁਨੀਆਂ ਭਰ ਵਿੱਚ ਭਾਰਤੀ ਸਫ਼ਾਰਤਖਾਨਿਆਂ ਦੇ ਬਾਹਰ ਰੋਸ ਪ੍ਰਦਰਸ਼ਨਾਂ ਦੇ ਕੌਮਾਂਤਰੀ ਸੱਦੇ ਤੇ ਫੁੱਲ ਚੜ੍ਹਉਂਦਿਆਂ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਦਫ਼ਤਰ ਦੇ ਬਾਹਰ ਰੋਹ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ ਤਿੰਨੇ ਕਾਲ਼ੇ ਕਾਨੂੰਨ ਅਤੇ ਪਰਾਲੀ ਤੇ ਬਿਜਲੀ ਨਾਲ ਸਬੰਧਤ ਕਾਨੂੰਨਾਂ ਦੀ ਤੁਰੰਤ ਵਾਪਸੀ ਦੇ ਨਾਲ ਨਾਲ ਭਾਰਤੀ ਜੇਲ੍ਹਾਂ ਵਿੱਚ ਡੱਕੇ ਸਾਰੇ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਵੀ ਕੀਤੀ ਗਈ। ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਦੇ ਇਸ ਸਾਂਝੇ ਸੱਦੇ ਤੇ ਇਸ ਪ੍ਰਦਰਸ਼ਨ ਵਿੱਚ ਇੱਕ ਸੌ ਦੇ ਕਰੀਬ ਇਨਸਾਫ਼ ਪਸੰਦ ਲੋਕਾਂ ਨੇ ਸ਼ਿਰਕਤ ਕੀਤੀ।

ਇਸ ਰੈਲੀ ਦੀ ਸ਼ੁਰੂਆਤ ਮਲਕੀਤ ਸਵੈਚ ਨੇ ਸੰਘਰਸ਼ਸ਼ੀਲ ਲੋਕਾਂ ਦੇ ਹੱਕੀ ਨਾਹਰਿਆਂ ਨਾਲ ਕੀਤੀ। ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਕੌਮੀ ਸੈਕਟਰੀ ਹਰਭਜਨ ਚੀਮਾ ਨੇ ਕਿਹਾ ਕਿ ਭਾਰਤੀ ਕਿਸਾਨੀ ਸੰਘਰਸ਼ ਨੇ ਕੌਮੀ ਤੇ ਕੋਮਾਂਤਰੀ ਲਹਿਰ ਦਾ ਜਾਮਾ ਪਹਿਨਦਿਆਂ ਵਿਸ਼ਵ ਭਰ ਦੀਆਂ ਲੋਕ ਪੱਖੀ ਲਹਿਰਾਂ ਵਿੱਚ ਇੱਕ ਨਿਵੇਕਲੀ ਪਹਿਚਾਣ ਬਣਾਈ ਹੈ। ਉਹਨਾਂ ਦੱਸਿਆ ਕਿ ਭਾਰਤੀ ਸਰ ਜ਼ਮੀਨ ਤੇ ਸਾਮਰਾਜਵਾਦ ਵਿਰੁੱਧ 1947 ਤੋਂ ਬਾਅਦ ਉੱਠੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਲਹਿਰ ਹੈ। ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ ਦੇ ਪ੍ਰਧਾਨ ਅਵਤਾਰ ਗਿੱਲ ਦੁਆਰਾ ਭੇਜਿਆ ਗਿਆ ਸੁਨੇਹਾ ਨੌਜਵਾਨ ਔਰਤ





SAHAR COMMUNICATIONS
SMART SECURITY SERVICES

Sahar Communications
Smart Security Systems


Alarm Systems
HD 4K CCTV Camera
Home Automation & Home Theatre



- ਸੀਸੀਟੀਵੀ ਸਕਿਊਰਿਟੀ ਕੈਮਰਾ ਸਿਸਟਮ ਲਗਾਉਣ ਲਈ ਸਾਡੇ ਨਾਲ ਸੰਪਰਕ ਕਰੋ।
- ਆਪਣੇ ਘਰ ਵਿਚ ਮੋਨੀਟਰਿੰਗ ਅਲਾਰਮ ਲਗਾਓ ਤੇ Insurance discount ਪਾਓ
- ਅਲਾਰਮ ਸਿਸਟਮ - ਮੋਨੀਟਰਿੰਗ (ਸ਼ੁਰੂ 0.50 Cents ਪ੍ਰਤੀ ਦਿਨ)
- ਨਵੇਂ ਘਰਾਂ ਲਈ ਸਕਿਊਰਿਟੀ, ਆਡਿਓ, ਹੋਮ ਥੀਏਟਰ, ਹੋਮ ਆਟੋਮਿਸ਼ਨ ਵਾਇਰਿੰਗ ਆਦਿ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

Bay 10 4101 19 St NE Calgary
info@saharservices.com | www.saharservices.com
403-695-3939





Star Jewellers Ltd.
Specialist in 22KT Gold
We Specialize In :
- Make to Order - Buy Old Gold - 22 KT Exquisite Jewellery
- Repair Broken Jewellery - All Other Special Occasion Gifts and Wears
We have moved from SE to NE
*Buy *Sell *Repair
Serving From Last 20 Years
ਵਿਆਹ ਸ਼ਾਦੀਆਂ ਜਾਂ ਕਿਸੇ ਵੀ ਮੌਕੇ ਲਈ ਗਹਿਣੇ ਖਰੀਦਣਾ ਜਾਂ ਰਿਪੇਅਰ ਕਰਵਾਉਣਾ ਚਾਹੁੰਦੇ ਹੋ ਤਾਂ ਅੱਜ ਹੀ ਸਟਾਰ ਜਿਊਲਰ 'ਤੇ ਵਧੀਆ ਡਿਜ਼ਾਇਨਾਂ ਲਈ
ਹਰਮਿਤ ਸਿੰਘ ਜਾਂ ਜਸਪ੍ਰੀਤ ਸਿੰਘ ਸੰਪਰਕ ਕਰੋ
OPEN 7 DAYS A WEEK
Harmit Singh or Jaspreet Singh
Ph. 403-235-4409
Cityscape Landing Plaza Unit 1118, 4310 - 104 Ave NE Calgary, Alberta





SUKHI PAINTING
& DECO LTD.
FREE ESTIMATE
BEST DEALS
GUARANTEED WORK :
Residential & Commercial *Painting *Interior * Exterior * Stucco * Pressure Washing
ਰੈਜ਼ੀਡੈਂਸ਼ੀਅਲ, ਕਮਰਸ਼ੀਅਲ, ਅੰਦਰ ਜਾਂ ਬਾਹਰ ਸਟੱਕੋ ਪੇਂਟ ਅਤੇ ਪ੍ਰੈਸ਼ਰ ਵਾਸ਼ ਕਿਸੇ ਵੀ ਤਰ੍ਹਾਂ ਦਾ ਪੇਂਟ ਕਰਵਾਉਣਾ ਹੋਵੇ ਤਾਂ ਸੁੱਖੀ ਪੇਂਟ ਅਤੇ ਡੈਕੋਰੇਸ਼ਨ ਵਾਲਿਆਂ ਨੂੰ ਯਾਦ ਰੱਖੋ।
Foy your Painting, We are just a call away!
ਸੁੱਖੀ/SUKHI : Cell : 403-630-9005 | Fax : 403-730-6351
Unit 6 - 3600 21 St NE Calgary, AB, T2E 6V6 sukhipainting@gmail.com



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5





Dr. Baltej Parhar, Chiropractor
Tired of living in pain? Relying on pain medications to get you through the day ? Always getting the same answers or treatments with no results?
Dr. Parhar Strives to ensure his patients are pain-free and able to move again so they can get back to work and doing the things they love. Call and book your consultation today!
* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes
ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।
403-389-2541 Email : baltajparhar@hotemail.com

ਮੈਂਬਰ ਮੈਂਡੀ ਗਰੇਵਾਲ ਨੇ ਪੜ੍ਹ ਕੇ ਸੁਣਾਇਆ ਗਿਆ। ਉਸ ਵਿੱਚ ਉਨ੍ਹਾਂ ਜਿੱਥੇ ਕਿਸਾਨਾਂ ਤੇ ਭਾਰਤ ਸਰਕਾਰ ਵਲੋਂ ਕੀਤੇ ਜਬਰ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਕਿਸਾਨੀ ਸੰਘਰਸ਼ ਨੂੰ ਕੈਨੇਡਾ ਵਿੱਚੋਂ ਤਨੋ, ਮਨੋ, ਧਨੋ ਮਦਦ ਦੇਣ ਦਾ ਭਰੋਸਾ ਦਿਵਾਇਆ।

ਖੇਤੀ ਮਾਹਰ ਡਾ. ਸੁਖਦੇਵ ਸਿੰਘ ਮਾਨ ਨੇ ਸਰਕਾਰ ਵਲੋਂ ਲਿਆਂਦੇ ਤਿੰਨ ਕਾਲ਼ੇ ਕਾਨੂੰਨਾਂ ਦੇ ਕਿਸਾਨੀ ਤੇ ਪੈਣ ਵਾਲੇ ਖ਼ਤਰਨਾਕ ਪ੍ਰਭਾਵਾਂ ਨੂੰ ਵਿਸਤਾਰ ਵਿੱਚ ਸਾਹਮਣੇ ਲਿਆਂਦਾ। ਰੇਡੀਓ ਸਪਾਈਸ ਦੇ ਹੋਸਟ ਗੁਰਪ੍ਰੀਤ ਸਿੰਘ ਨੇ ਮੋਦੀ ਸਰਕਾਰ ਜੋ ਲੋਕਾਂ ਵਿੱਚ ਫੁੱਟ ਪਾ ਕੇ ਉਹਨਾਂ ਨੂੰ ਅੱਤਵਾਦੀ, ਵੱਖਵਾਦੀ, ਖਾਲਿਸਤਾਨੀ, ਮਾਓਵਾਦੀ ਦੱਸ ਕੇ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ ਉਸਨੂੰ ਕਿਸਾਨ ਜਥੇਬੰਦੀਆਂ ਨੇ ਨਿਕਾਰ ਕੇ ਰੱਖ ਦਿੱਤਾ ਹੈ। ਜਗਰੂਪ ਧਾਲੀਵਾਲ ਨੇ ਕਿਹਾ ਕਿ ਜੋ ਲੋਕ ਠੰਢ ਦੇ ਮੌਸਮ ਵਿੱਚ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਹਨ ਉਹਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ ਅਤੇ ਜੋ ਇਸ ਸੰਘਰਸ਼ ਵਿੱਚ ਸ਼ਹੀਦ ਹੋ ਗਏ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕਰਦੇ ਹਾਂ। ਡਾ. ਗੁਰਮਿੰਦਰ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਯੋਧੇ ਹਮੇਸ਼ਾਂ ਗੁਰੂਆਂ ਦੀਆਂ ਕੁਰਬਾਨੀਆਂ ਤੋਂ ਥਾਪੜਾ ਲੈ ਕੇ ਅੱਗੇ ਵਧੇ ਹਨ ਤੇ ਅੱਗੇ ਵਧਦੇ ਰਹਿਣਗੇ। ਉਹਨਾਂ ਨੇ ਆਪਣੇ ਵਲਵਲੇ ਕਵਿਤਾ ਰਾਹੀਂ ਵੀ ਪੇਸ਼ ਕੀਤੇ। ਜਸਵਿੰਦਰ ਹੇਅਰ ਨੇ ਵੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਵਿਤਾ ਰਾਹੀਂ ਆਪਣੀ ਗੱਲ ਨੂੰ ਇੱਕ ਨਿਵੇਕਲਾ ਸੰਘਰਸ਼ ਜੋ ਇੱਕ ਨਵੀਂ ਸੇਧ ਦੇਵੇਗਾ, ਬਾਰੇ ਕਿਹਾ। ਡਾ. ਸਾਧੂ ਸਿੰਘ ਨੇ ਖ਼ੁਸ਼ੀ ਪਰਗਟ ਕਰਦੇ ਹੋਏ ਕਿਹਾ ਕਿ ਲੋਕਾਂ ਨੂੰ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਏਕਤਾ ਦੇ ਮੱਦੇ ਨਜ਼ਰ ਆਪਣੇ ਹੱਕਾਂ ਦੀ ਲੜਾਈ ਲੜਨ ਦਾ ਢੰਗ ਆ ਗਿਆ ਹੈ ਜੋ ਇੱਕ ਸ਼ੁਭ ਸ਼ਗਨ ਹੈ। ਹਰਬੰਸ ਸਿੰਘ ਨੇ ਵੀ ਸਾਰੇ ਲੋਕਾਂ ਨੂੰ ਇੱਕਠੇ ਹੋ ਕੇ ਲੋਕਾਂ ਦੇ ਹੱਕ ਵਿੱਚ ਹਾਅਦਾ ਨਾਹਰਾ ਮਾਰਨ ਦੀ ਲਗਾਤਾਰਤਾ ਬਣਾਉਣ ਬਾਰੇ ਕਿਹਾ।

ਤਰਕਸ਼ੀਲ ਸੁਸਾਇਟੀ ਦੇ ਮੀਤ ਪ੍ਰਧਾਨ ਰਵਾਇਤ ਸਿੰਘ ਨੇ ਕਿਹਾ ਕਿ ਹੁਣ ਲੋਕ ਜਿਨ੍ਹਾਂ ਨੂੰ ਸਰਕਾਰਾਂ ਨੇ ਅੱਜ ਤੱਕ ਧਰਮਾਂ, ਜਾਤਾਂ, ਪਾਤਾਂ ਤੇ ਖਿੱਤਿਆਂ ਵਿੱਚ ਵੰਡ ਕੇ ਚੰਮ ਦੀਆਂ ਚਲਾਈਆਂ ਹਨ ਉਹਨਾਂ ਨੂੰ ਲੋਕਾਂ ਨੇ ਸਮਝ ਕੇ ਇੱਕ ਜੁਟ ਹੋ ਕੇ ਜਿੱਤ ਵੱਲ ਕਦਮ ਵਧਾਏ ਹਨ ਤੇ ਪੂਰਨ ਆਸ ਵੀ ਹੈ ਕਿ ਇਹ ਅੰਦੋਲਨ ਜਿੱਤ ਹਾਸਲ ਕਰੇਗਾ। ਤਰਕਸ਼ੀਲ ਸੁਸਾਇਟੀ ਦੀ ਜਨਰਲ ਸਕੱਤਰ ਪਰਮਿੰਦਰ ਸਵੈਚ ਨੇ ਕਿਹਾ ਕਿ ਅਸੀਂ ਆਸਬੰਦ ਹਾਂ ਕਿ ਲੋਕਾਂ ਦੀ ਏਕਤਾ ਇੱਕ ਸਮੁੱਚੇ ਇਨਕਲਾਬ ਦਾ ਚਿੰਨ੍ਹ ਹੈ ਜਿਸਨੇ ਲੋਕਾਂ ਵਿੱਚ ਸਾਹਿਤਕ, ਸਭਿਆਚਾਰਕ, ਮਨੁੱਖਤਾਵਾਦੀ ਅਤੇ ਪਿਆਰ, ਮਿਲਵਰਤਣ ਦਾ ਅਜਿਹਾ ਮਾਹੌਲ ਪੈਦਾ ਕੀਤਾ ਹੈ ਜੋ ਇੱਕ ਨਵੇਂ ਸਮਾਜ ਦੀ ਸਿਰਜਣਾ ਵੱਲ ਵੱਧ ਰਿਹਾ ਹੈ। ਇਸ ਸਮੇਂ ਲੋਕ ਕਾਰਪੋਰੇਸ਼ਨਾਂ ਦੇ ਪਾਏ ਗਲਬੇ ਤੋਂ ਸਤਰਕ ਹੋ ਰਹੇ ਹਨ। ਉਸਨੇ ਮੋਦੀ ਸਰਕਾਰ ਦੇ ਅੱਜ ਤੱਕ ਦੇ ਲੋਕ ਮਾਰੂ ਕਾਨੂੰਨਾਂ ਤੇ ਵਿਅੰਗਮਈ ਕਵਿਤਾ 'ਸ਼ਾਸਕ ਦਾ ਸੱਚ' ਰਾਹੀਂ ਆਪਣੇ ਭਾਵ ਵੀ ਪਰਗਟ ਕੀਤੇ।

ਨੌਜਵਾਨ ਆਗੂ ਲਖਵੀਰ ਖੁਣਖੁਣ ਨੇ ਜਿੱਥੇ ਸਟੇਜ ਦੀ ਕਾਰਵਾਈ ਸੰਭਾਲੀ ਉੱਥੇ ਉਸਨੇ ਕਿਹਾ ਕਿ ਜੋ ਇਹ ਤਿੰਨ ਕਾਨੂੰਨ ਹਨ ਇਹ ਜਿੱਥੇ ਕਾਰਪੋਰੇਟ ਘਰਾਣਿਆਂ ਲਈ ਲੁੱਟ ਲਈ ਰਾਹ ਸੁਖਾਲਾ ਕਰਨਗੇ, ਉੱਥੇ ਨਾਲ ਹੀ ਕਿਸਾਨਾਂ ਨੂੰ ਉਹਨਾਂ ਦੀਆਂ ਜ਼ਮੀਨਾਂ ਵਿੱਚੋਂ ਬੇਦਖਲ ਕਰਕੇ ਉਹਨਾਂ ਨੂੰ ਰੁਜ਼ਗਾਰ ਲਈ ਦਰ ਦਰ ਭਟਕਣ ਲਈ ਮਜ਼ਬੂਰ ਕਰਨਗੇ। ਇਸ ਸਾਰੇ ਪ੍ਰੋਗਰਾਮ ਵਿੱਚ ਜਿੱਥੇ ਇਹਨਾਂ ਕਾਨੂੰਨਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਉੱਥੇ ਅੜੀਅਲ ਮੋਦੀ ਸਰਕਾਰ ਨੂੰ ਲਾਹਨਤਾਂ ਵੀ ਪਾਈਆਂ ਗਈਆਂ। ਇਸ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਬਣਾਉਣ, ਇਸਨੂੰ ਸਫਲਤਾ ਦੀ ਤਹਿ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਪ੍ਰਧਾਨ ਇਕਬਾਲ ਪੁਰੇਵਾਲ ਨੇ ਬਾਖੂਬੀ ਨਿਭਾਈ। ਇਸ ਵਿੱਚ ਵੀਡਿਓ, ਫੋਟੋਆਂ ਆਦਿ ਦੀ ਜ਼ਿੰਮੇਵਾਰੀ ਕੁਲਵੀਰ ਮੰਗੂਵਾਲ, ਗੁਰਸ਼ਰਨ ਗਿੱਲ ਤੇ ਸੁਰਿੰਦਰ ਚਾਹਲ ਨੇ ਨਿਭਾਈ।

# ਵਪਾਰਕ ਖੇਤੀ ; ਛੋਟੇ ਅਮਰੀਕੀ ਕਿਸਾਨ ਅਲੋਪ ਹੋਣ ਕਿਨਾਰੇ

**ਡਾ ਬਲਜਿੰਦਰ**

ਪੰਜਾਬ ਦੇ ਕਿਸਾਨ ਖਾਸ ਕਰਕੇ ਅਤੇ ਭਾਰਤ ਭਰ ਦੇ ਕਿਸਾਨ ਆਮ ਕਰਕੇ ਪਿਛਲੇ ਕਈ ਮਹੀਨਿਆਂ ਤੋਂ ਮੋਦੀ ਸਰਕਾਰ ਵੱਲੋਂ ਕਿਸਾਨ ਮਾਰੂ ਤਿੰਨ ਕਾਲੇ ਕਾਨੂੰਨਾਂ ਖਿਲਾਫ਼ ਜਬਰਦਸਤ ਰੋਹ 'ਚ ਹਨ। ਪਿਛਲੇ 26-27 ਨਵੰਬਰ ਤੀਂ ਕਿਸਾਨਾਂ ਨੇ ਦਿੱਲੀ ਨੂੰ ਨੂੰ ਚਾਰੇ-ਪਾਸਿਓਂ ਘੇਰਿਆ ਹੋਇਆ ਹੈ। ਕਿਸਾਨ ਆਗੂ ਅਤੇ ਕਿਸਾਨ ਇਹਨਾਂ ਕਾਲੇ ਕਾਨੂੰਨਾਂ ਦੇ ਕਿਸਾਨਾਂ ਅਤੇ ਲੋਕਾਂ ਉਤੇ ਮਾਰੂ ਖਾਸੇ ਨੂੰ ਉਜਾਗਰ ਕਰਦੇ ਆ ਰਹੇ ਹਨ। ਇਸੇ ਹੀ ਲੜੀ 'ਚ ਇੱਕ ਛੋਟੀ ਜਿਹੀ ਲਿਖਤ 'ਚ ਸਾਮਰਾਜ ਦੇ ਗੜ੍ਹ ਅਮਰੀਕਾ ਅੰਦਰ ਵਿਸ਼ਵ ਵਿਆਪੀ ਲੋਕ ਮਾਰੂ ਨੀਤੀਆਂ ਦੇ ਪਾਏ ਉਜਾੜੂ ਅਸਰਾਂ ਨੂੰ ਜ਼ਿਕਰ ਅਧੀਨ ਲਿਆਂਦਾ ਗਿਆ ਹੈ।

**1. ਦੁਨੀਆਂ ਦੇ ਵਪਾਰ ਦਾ ਵਿਸ਼ਵੀਕਰਨ ਅਤੇ ਅਤੇ ਛੋਟੇ ਫਾਰਮਾਂ ਦੀ ਤਬਾਹੀ:** ਪੀੜ੍ਹੀਆਂ ਤੋਂ ਚਲਦੇ ਆ ਰਹੇ ਨਿੱਜੀ ਫਾਰਮਾਂ ਦੀ ਗਿਣਤੀ ਘਟਦੀ ਆ ਰਹੀ ਹੈ। ਇਹ ਵਪਾਰਕ ਜੰਗ, ਵਾਤਾਵਰਣ ਦੀ ਤਬਦੀਲੀ ਕਾਰਨ ਖਰਾਬ ਮੌਸਮ, ਵਿਸ਼ਵੀਕਰਣ ਦੇ ਮੱਦੇਨਜ਼ਰ ਕੀਮਤਾਂ ਦੇ ਦਬਾਅ ਸਦਕਾ, ਆਰਥਿਕ ਸਿਆਸੀ ਨੀਤੀਆਂ ਅਤੇ ਕਾਰਪੋਰੇਟੀਕਰਨ ਦੇ ਨਤੀਜੇ ਵਜੀਂ ਵਾਪਰ ਰਿਹਾ ਹੈ।

-ਜੁਲਾਈ 2018 ਤੋਂ ਜੂਨ 2019 ਦਰਮਿਆਨ ਫਾਰਮਾਂ ਦਾ ਦੀਵਾਲਾ ਨਿਕਲਣ ਦੀ ਦਰ ਵਿੱਚ 12 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਕਈ ਇਲਾਕਿਆਂ ਵਿੱਚ ਇਹ ਦਰ 50 ਫੀਸਦੀ ਹੈ।

-ਲੱਖਾਂ ਲੋਕਾਂ ਨੇ ਖੇਤੀ ਕਰਨੀ ਛੱਡ ਦਿੱਤੀ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਦੀਵਾਲੀਆਪਨ ਤੋਂ ਬਾਅਦ ਕੋਈ ਮੁੜ ਕੀਤੀ ਜਾਣ ਵਾਲੀ ਵਿਉਂਤਬੰਦੀ ਨਾਲ ਉਹਨਾਂ ਦਾ ਕੁਝ ਵੀ ਨਹੀਂ ਸੌਰਨਾ।

-2011 ਤੋਂ 2018 ਦਰਮਿਆਨ ਫਾਰਮਾਂ (ਛੋਟੇ) ਦੀ ਗਿਣਤੀ ਇੱਕ ਲੱਖ ਘੱਟ ਗਈ ਅਤੇ 2017-18 ਦਰਮਿਆਨ ਇਕੱਲੇ ਇੱਕ ਸਾਲ ਵਿੱਚ 12000 ਫਾਰਮ ਖਤਮ ਹੋ ਗਏ।

**2. ਖੁਦਕੁਸ਼ੀਆਂ** : ਇਹ ਕੋਈ ਪੰਜਾਬ ਦੇ ਹਿੱਸੇ ਹੀ ਨਹੀਂ ਆਇਆ ਕਿ ਜੇਕਰ ਕਿਸੇ ਕਿਸਾਨ ਨੰ ਨੂੰ ਮਿਹਨਤ-ਮੁਸ਼ੱਕਤ ਕਰਨ ਤੋਂ ਬਾਅਦ ਵੀ ਆਪਣਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੈ ਤਾਂ ਉਹ ਨੂੰ ਆਪਣਾ-ਆਪ ਖਤਮ ਕਰਨਾ ਹੀ ਇੱਕੋ ਇੱਕ ਰਾਹ ਦੀਹਦਾ ਹੈ। ਅਮਰੀਕੀ ਖੇਤੀ ਆਰਥਕਤਾ ਅੰਦਰ ਵੀ ਸਿਰਫ਼ ਕਿਸਾਨ ਹੀ ਨਹੀਂ ਹਨ ਜਿਹਨਾਂ ਨੂੰ ਅਮਰੀਕਨ ਆਰਥਕ ਨੀਤੀਆਂ ਪ੍ਰਭਾਵਿਤ ਕਰਦੀਆਂ ਹਨ ਇੱਕ ਨਾ ਹੀ ਜਦੋਂ ਕੋਈ ਕਾਮੇ ਤੋਂ ਰੁਜ਼ਗਾਰ ਖੋਹ ਲਿਆ ਜਾਂਦਾ ਹੈ ਤਾਂ ਸਿਰਫ਼ ਐਨਾ ਹੀ ਨਹੀਂ ਹੁੰਦਾ ਸਗੋਂ ਉਹਨੂੰ ਬੇਘਰ ਵੀ ਕਰ ਦਿੱਤਾ ਜਾਂਦਾ ਹੈ। ਉਹ ਘਰ ਜਿਸ ਵਿੱਚ ਉਹਦੀਆਂ ਪੀੜ੍ਹੀਆਂ ਵਸਦੀਆਂ ਆਈਆਂ ਹਨ। ਪਿਛਲੇ ਸਾਲ ਵਿਸਕੋਨਸਨ ਸੂਬੇ ਦੇ ਇੱਕ ਡੇਅਰੀ ਫਾਰਮਰ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿਉਂਕਿ ਉਹਨੂੰ ਆਪਣੀਆਂ 50 ਗਊਆਂ ਵੇਚਣੀਆਂ ਪਈਆਂ ਜਦੋਂ ਕਿ ਗਵਾਂਢੀ ਨੰ ਵੀ 30000 ਡਾਲਰ ਹਰ ਮਹੀਨੇ ਘਾਟਾ ਪੈ ਰਿਹਾ ਹੈ।ਦੁੱਧ ਦੀਆਂ ਘੱਟ ਕੀਮਤਾਂ ਮਿਲਣ ਤੋਂ ਪਏ ਘਾਟੇ ਕਾਰਨ 9 ਆਤਮ ਹੱਤਿਆਵਾਂ ਦੀ ਗੱਲ ਕਰਦੀ ਬਰੈਂਡਾ ਕਹਿੰਦੀ ਹੈ ਕਿ ਕੋਈ ਚਮਤਕਾਰ ਹੀ ਸਾਨੂੰ ਪੰਜ ਸਾਲਾਂ ਤੱਕ ਜ਼ਿੰਦਾ ਰੱਖ ਸਕਦਾ ਹੈ। ਮਾਨਸਕ ਤੌਰ 'ਤੇ ਪ੍ਰੇਸ਼ਾਨ ਲੋਕਾਂ ਵੱਲੋਂ ਮਨੋਵਿਗਿਆਨੀਆਂ ਨੂੰ ਆਉਣ ਵਾਲੀਆਂ ਕਾਲਾਂ 'ਚ 10 ਫੀ ਸਦੀ ਵਾਧਾ ਦਰਜ ਹੋਇਆ ਹੈ।

**3. ਛੋਟੇ ਫਾਰਮਾਂ ਦਾ ਸਫਾਇਆ** : ਖਰਚੇ ਸਮੇਤ ਸਾਢੇ ਤਿੰਨ ਲੱਖ ਡਾਲਰਾਂ ਤੋਂ ਘੱਟ ਕਮਾਈ ਕਰਨ ਵਾਲੇ ਫਾਰਮਾਂ ਨੂੰ ਛੋਟੇ ਫਾਰਮ ਕਿਹਾ ਜਾਂਦਾ ਹੈ। 1991 ਵਿੱਚ ਛੋਟੇ ਫਾਰਮਾਂ ਦਾ ਕੁੱਲ ਖੇਤੀ ਪੈਦਾਵਾਰ 'ਚ ਹਿੱਸਾ ਅੱਧੇ ਦੇ ਬਰਾਬਰ ਸੀ ਜਿਹੜਾ 2017 ਤੱਕ ਘੱਟ ਕੇ ਚੌਥਾ ਹਿੱਸਾ ਹੀ ਰਹਿ ਗਿਆ। ਡੇਅਰੀ ਖੇਤਰ ਅੰਦਰ ਕੁੱਲ ਪੈਦਾਵਾਰ ਦਾ 10 ਫੀਸਦੀ ਹੀ ਛੋਟੇ ਫਾਰਮਾਂ ਤੋਂ ਆਉਂਦਾ ਹੈ। ਕਹਿਣ ਦਾ ਅਰਥ ਹੈ ਕਿ ਅਜਿਹੇ ਹਾਲਤ ਰਹਿੰਦਿਆਂ ਅਮਰੀਕਨ ਦਿਹਾਤੀ ਖੇਤਰ ਨੂੰ ਤੇਜ਼ੀ ਨਾਲ ਖੋਰਾ ਲੱਗਣਾ ਲਾਜ਼ਮੀ ਹੈ।

**4. ਵਿਸ਼ਵੀਕਰਨ ਦੇ ਸਿੱਟੇ ਵਜੋਂ ਕੀਮਤਾਂ 'ਚ ਗਿਰਾਵਟ:** ਮੱਕੀ, ਸੋਇਆਬੀਨ, ਦੁੱਧ ਅਤੇ ਮੀਟ ਦੀਆਂ ਕੀਮਤਾਂ 'ਚ 2013 ਅੰਦਰ ਗਿਰਾਵਟ ਦਰਜ ਕੀਤੀ ਗਈ। ਇਹਨਾਂ ਫਾਰਮ ਉਤਪਾਦਾਂ ਦੀਆਂ ਕੀਮਤਾਂ 'ਚ ਗਿਰਾਵਟ ਦਾ ਇੱਕ ਕਾਰਨ ਤਕਨੀਕੀ ਸੁਧਾਰ ਕਰਕੇ ਆਈ ਹੈ। ਤਕਨੀਕੀ ਸੁਧਾਰਾਂ ਕਰਕੇ ਵੱਡੇ ਫਾਰਮਾਂ ਨੂੰ ਛੋਟਿਆਂ ਦੇ ਮੁਕਾਬਲੇ ਵੱਧ ਫਾਇਦਾ ਹੋਇਆ ਹੈ ਅਤੇ ਉਹਨਾਂ ਨੂੰ ਉਤਪਾਦਾਂ ਦੀਆਂ ਕੀਮਤਾਂ ਘਟਾ ਦਿੱਤੀਆਂ ਹਨ ਜਦਕਿ ਛੋਟੇ ਫਾਰਮਾਂ ਨੂੰ ਕੀਮਤਾਂ ਘਟਾਉਣੀਆਂ ਵਾਰਾ ਨਹੀਂ ਖਾਂਦੀਆਂ।

**5.ਚੀਨ ਨਾਲ ਵਪਾਰਕ ਜੰਗ:** ਚੀਨ ਨੇ ਅਮਰੀਕਾ ਵਲੋਂ ਚੀਨੀ ਉਤਪਾਦਾਂ ਉਪਰ ਲਾਏ ਵਾਧੂ ਟੈਕਸਾਂ ਦੇ ਜੁਆਬ ਵਿੱਚ ਅਮਰੀਕੀ ਉਤਪਾਦਾਂ ਉਤੇ 25 ਫੀਸਦੀ ਡਿਊਟੀ ਲਾਈ ਸੀ, ਅਮਰੀਕੀ ਬਰਾਮਦ ਮਹਿੰਗੀ ਹੋਣ ਕਾਰਨ ਚੀਨ ਅਮਰੀਕੀ ਸੋਇਆਬੀਨ ਤੇ ਮੱਕੀ ਖ਼੍ਰੀਦਣ ਦੀ ਥਾਂ ਬ੍ਰਾਜ਼ੀਲ ਵੱਲ ਰੁੱਖ ਕੀਤਾ ਹੈ। 2020 ਦੀ ਜਨਵਰੀ ਤੋਂ ਅਗਸਤ ਦਰਮਿਆਨ ਖੇਤੀ ਬਰਾਮਦਾਂ 'ਚ ਪਿਛਲੇ ਸਾਲ ਦੇ ਮੁਕਾਬਲੇ 6 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਚਾਹੇ ਟਰੰਪ ਪ੍ਰਸ਼ਾਸਨ ਇਸ ਵਪਾਰਕ ਜੰਗ ਤੋਂ ਝੰਬੇ ਕਿਸਾਨਾਂ ਨੂੰ 6 ਅਰਬ ਡਾਲਰ ਦੀ ਇਮਦਾਦ ਦਿੱਤੀ ਹੈ ਪਰ ਇਹਦਾ ਵੱਡਾ ਹਿੱਸਾ ਵੱਡੇ ਉਤਪਾਦਕਾਂ ਨੂੰ ਗਿਆ ਹੈ।

**6. ਵੱਡੇ ਫਾਰਮ ਹੋਰ ਵੱਡੇ ਤੇ ਛੋਟੇ ਖੇਤੀ ਕਿਤੇ 'ਚੋਂ ਬਾਹਰ** : ਨਿਕਸਨ ਦੇ ਖੇਤੀ ਸੈਕਟਰੀ ਯਾਨੀ ਮੰਤਰੀ ਨੇ 1970ਵਿਆਂ 'ਚ ਕਿਹਾ ਸੀ: "ਅਕਾਰ ਵੱਡਾ ਕਰੋ ਜਾਂ ਮਰੋ।"ਬਿਲਕੁਲ ਇਸੇ ਤਰਜ਼ 'ਤੇ ਹੀ ਸੋਨੀ ਪਰਦੂ ਟਰੰਪ ਦਾ ਅਮਰੀਕੀ ਖੇਤੀਬਾੜੀ ਮੰਤਰੀ ਨੇ ਅਕਤੂਬਰ 'ਚ ਕਿਹਾ ਸੀ ਕਿ ਅਮਰੀਕਾ ਅੰਦਰ ਵੱਡੇ ਫਾਰਮ ਹੋਰ ਵੱਡੇ ਹੁੰਦੇ ਜਾ ਰਹੇ ਹਨ ਅਤੇ ਛੋਟੇ ਮਰ ਰਹੇ ਹਨ।

- 1987 ਤੋਂ 2012 ਤੱਕ ਦੇ 25 ਅਰਸੇ ਦੌਰਾਨ 2000 ਏਕੜ ਜ਼ਮੀਨ ਤੋਂ ਵੱਡੇ ਫਾਰਮਾਂ ਦੀ ਗਿਣਤੀ ਦੁਗਣੀ ਹੋ ਗਈ ਹੈ ਪਰ ਇਸੇ ਸਮੇਂ ਦੌਰਾਨ 200 ਏਕੜ ਤੋਂ 999 ਏਕੜ ਤੱਕ ਵਾਲੇ ਫਾਰਮਾਂ ਦੀ ਗਿਣਤੀ 'ਚ 44 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

1948 ਤੋਂ 2015 ਤੱਕ ਅਮਰੀਕਾ ਅੰਦਰ 40 ਲੱਖ ਫਾਰਮ ਖਤਮ ਹੋ ਗਏ।

-ਬਹੁਤ ਸਾਰੇ ਛੋਟੇ ਅਮਰੀਕੀ ਕਿਸਾਨ ਆਪਣੇ ਪੈਦਾਵਾਰ ਦੇ ਖਰਚੇ ਤੋਂ ਘੱਟ ਕੀਮਤ ਉਪਰ ਆਪਣੀ ਪੈਦਾਵਾਰ ਵੇਚਣ ਲਈ ਮਜ਼ਬੂਰ ਹਨ। ਆਪਣੀਆਂ ਗਾਵਾਂ ਦੇ ਵਛੜੇ ਵੇਚਣ ਲਈ ਜੋਹਨ ਨੂੰ ਇੱਕ ਦੇ 20 ਅਤੇ ਦੂਜੇ 30 ਡਾਲਰ ਮਿਲੇ ਜੋ ਆਮਦਨ ਵਧਾਉਣ ਲਈ ਕਰ ਰਿਹਾ ਸੀ ਉਹਦਾ ਕਹਿਣਾ ਸੀ ਕਿ ਦੋ ਸਾਲ ਪਹਿਲਾਂ ਇਹਨਾਂ ਦੇ ਹੀ ਮੈਨੂੰ 200-300 ਡਾਲਰ ਮਿਲਦੇ ਸਨ। ਉਹ ਕਹਿੰਦਾ ਹੈ ਕਿ ਜੇਕਰ ਕੋਈ ਮੈਨੂੰ ਸਾਲ ਪਹਿਲਾਂ ਇਨ੍ਹਾਂ ਦੀ ਹਾਲਤ ਬਾਰੇ ਕਹਿੰਦਾ ਤਾਂ ਮੈਂ ਉਹਨੂੰ ਗੱਪੀ ਕਹਿ ਮਾਰਦਾ।

**7. ਅਮਰੀਕਨ ਪੇਂਡੂ ਭਾਈਚਾਰਾ ਖਤਮ ਹੋ ਰਿਹਾ ਹੈ** : ਪਿੰਡ ਅੰਦਰੋਂ ਉਸਾਰੀ ਅਤੇ ਨਿਰਮਾਨ ਰੁਜ਼ਗਾਰ ਖਤਮ ਹੋ ਰਹੇ ਹਨ। 2008 ਤੋਂ 2017 ਤੱਕ 50,000 ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਅੰਦਰ 99ਫੀ ਸਦੀ ਕੰਮ-ਧੰਦੇ ਸਨ ਅਤੇ ਇਹਨਾਂ ਅੰਦਰ ਹੀ ਆਬਾਦੀ ਦਾ ਵਾਧਾ ਦਰਜ਼ ਕੀਤਾ ਗਿਆ। ਪਰ ਪੇਂਡੂ ਜ਼ਿਲ੍ਹਿਆਂ ਦੇ 31 ਫੀਸਦੀ ਅੰਦਰ 2008 ਤੋਂ 2017 ਦਰਮਿਆਨ ਆਬਾਦੀ 'ਚ ਗਿਰਾਵਟ ਪਾਈ ਗਈ ਸੀ ਅਤੇ ਉਤਰ ਪੂਰਬ ਦੀਆਂ 35 ਫੀਸਦੀ ਪੇਂਡੂ ਜ਼ਿਲ੍ਹੇ ਸੁੰਗੜ ਗਏ ਹਨ।

**8. ਪੇਂਡੂ ਭਾਈਚਾਰੇ ਦੇ ਨਾਲ ਹੀ ਮੁਕਾਮੀ ਕਾਰੋਬਾਰ ਤੇ ਵਰਕਰ ਵੀ ਉਜੜ ਰਹੇ ਹਨ:** ਜਿਓਂ ਜਿਓਂ ਕਿਸਾਨਾਂ ਹੱਥਾਂ ਜ਼ਮੀਨ ਵੱਡੇ ਕਾਰਪੋਰੇਟਾਂ ਕੋਲ ਜਾ ਰਹੀ ਹੈ ਤਿਵੇਂ-ਤਿਵੇਂ ਹੀ ਇਹਨਾਂ ਦੀ ਸੇਵਾ 'ਚ ਲੱਗੇ ਕਾਰੋਬਾਰ ਵੀ ਬੰਦ ਹੋ ਰਹੇ ਹਨ। ਜਦੋਂ ਉਹਨਾਂ ਦੀ ਵਸਤ ਦੀ ਮੰਗ ਹੀ ਨਹੀਂ ਰਹੀ ਤਾਂ ਉਹ ਵੀ ਆਪਣੇ ਕਾਰੋਬਾਰ ਬੰਦ ਕਰ ਰਹੇ ਹਨ। ਇੱਕ ਛੋਟੇ ਕਿਸਾਨ ਦਾ ਕਹਿਣਾ ਹੈ ਕਿ ਉਹ ਨੂੰ ਪਾਣੀ ਖੇਤੀ ਲਈ ਦਵਾਈਆਂ ਆਦਿ ਖ਼੍ਰੀਦਣ ਲਈ 70 ਮੀਲ ਦੂਰ ਜਾਣਾ ਪੈਂਦਾ ਹੈ। ਪਿੰਡ ਦੀ ਇਕਲੌਤੀ ਡਿਸਪੈਂਸਰੀ ਵੀ ਬੰਦ ਹੋ ਗਈ ਹੈ। ਖੇਤੀ ਸੰਦਾਂ ਦੀ ਮੁਰੰਮਤ ਲਈ ਵਰਕਸ਼ਾਪ ਨਹੀਂ ਹੈ। ਬਹੁਤ ਸਾਰੇ ਇਲਾਕਿਆਂ 'ਚ ਹਾਲਤ ਅਜਿਹੇ ਹਨ ਕਿ ਕਿਸਾਨਾਂ ਦੇ ਕੰਮ ਬੰਦ ਹੋਣ ਕਾਰਨ ਸਾਰੇ ਹੀ ਕਾਰੋਬਾਰ ਬੰਦ ਹੋ ਗਏ ਹਨ।

**9. ਸਕੂਲ ਬੰਦ** : 2011 ਤੋਂ 2015 ਦਰਮਿਆਨ ਦਿਹਾਤੀ ਖੇਤਰਾਂ ਅੰਦਰ 4400 ਸਕੂਲ ਬੰਦ ਹੋ ਚੁੱਕੇ ਹਨ। ਲੋਕ ਇੰਜ ਮਹਿਸੂਸ ਕਰਦੇ ਕਹਿੰਦੇ ਹਨ ਕਿ ਪਹਿਲਾਂ ਮੇਰੇ ਗਵਾਂਢੀ ਹੁੰਦੇ ਸਨ ਅਤੇ ਹੁਣ ਕੋਈ ਵੀ ਨਹੀਂ ਹੈ। ਅੰਦਾਜ਼ੇ ਮੁਤਾਬਕ 2040 ਤੱਕ 70 ਫੀਸਦੀ ਅਮਰੀਕੀ ਨਿਵਾਸੀ 15 ਸੂਬਿਆਂ ਅੰਦਰ ਹੀ ਰਹਿ ਜਾਣਗੇ ਅਤੇ ਅਮਰੀਕੀ ਪੇਂਡੂ ਖੇਤਰ ਭੂਤਵਾੜੇ ਬਣ ਜਾਣਗੇ।

**10. ਅਮਰੀਕੀ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ:** 1970 ਤੋਂ ਪਹਿਲਾਂ ਅਮਰੀਕੀ ਸਰਕਾਰ ਇਹ ਯਕੀਨੀ ਬਣਾਉਂਦੀ ਸੀ ਕਿ ਕਿਸਾਨ ਨੂੰ ਉਹਦੀ ਲਾਗਤ ਮਿਲਾਕੇ ਪੈਦਾਵਾਰ ਦਾ ਮੁੱਲ ਮਿਲੇ ਪਰ ਉਸ ਤੋਂ ਬਾਅਦ ਸਰਕਾਰ ਨੇ ਯਕੀਨ ਦਹਾਨੀ ਵਾਪਸ ਲੈ ਲਈ ਅਤੇ ਕਿਸਾਨ ਮੰਡੀ ਦੇ ਉਤਰਾਵਾਂ ਚੜ੍ਹਾਵ: ਦੇ ਰਹਿਮੋ ਕਰਮ 'ਤੇ ਹੈ। ਜੇਕਰ ਤੁਹਾਡੇ ਕੋਲ ਵੱਡਾ ਡੇਅਰੀ ਫਾਰਮ ਹੈ ਤਾਂ ਕੁੱਝ ਟਕੇ ਦੁੱਧ ਦੀ ਕੀਮਤ ਘਟਾਉਣ ਨਾਲ ਕੋਈ ਫਰਕ ਨਹੀਂ ਪੈਂਦਾ। ਪਰ ਜਦੋਂ ਤੁਹਾਡੇ ਕੋਲ ਦੁੱਧ ਦਾ ਹੀ ਖਰਚਾ ਨਾ ਮੁੜੇ ਜਿਵੇਂ ਛੋਟੇ ਕਿਸਾਨਾਂ ਦੇ ਮਾਮਲੇ 'ਚ ਹੈ ਤਾਂ ਉਜਾੜੇ ਹੀ ਜਾਵੋਗੇ। ਜੇ ਸਾਮਰਾਜ ਦੇ ਗੜ੍ਹ ਅਮਰੀਕਾ ਅੰਦਰ ਛੋਟੇ ਕਿਸਾਨਾਂ ਦੀ ਇਹ ਹਾਲਤ ਹੈ ਤਾਂ ਭਾਰਤ ਦੇ ਕਿਸਾਨ ਜਿਹੜੇ ਪਹਿਲਾਂ ਹੀ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਤਾਂ ਇਹਨਾਂ ਤਿੰਨਾਂ ਨਵੇਂ ਖੇਤੀ ਨਾਲ ਸਬੰਧਤ ਕਾਨੂੰਨਾਂ ਨਾਲ ਕਿਸਾਨਾਂ ਦੀ ਹਾਲਤ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਹੈ।

## 2020 'ਚ ਦੁਨੀਆਂ ਨੂੰ ਧਨ ਕੁਬੇਰਾਂ ਦੀ ਦੇਣ ਕਰੋਨਾ ਵਾਇਰਸ ਅਤੇ ਕਿਸਾਨ ਸੰਘਰਸ਼ (ਸਫ਼ਾ 10 ਦੀ ਬਾਕੀ)

ਖੋਹਣ ਦਾ ਰਸਤਾ ਖੇਤੀ ਕਾਨੂੰਨਾਂ ਨਾਲ ਮੋਕਲਾ ਕਰ ਲਿਆ।

ਕਿਸਾਨਾਂ ਸੰਘਰਸ਼ ਆਰੰਭਿਆ ਹੈ। ਇਸ ਸੰਘਰਸ਼ ਦਾ ਆਰੰਭ ਪੰਜਾਬ ਦੀ ਧਰਤੀ ਤੋਂ 2020 'ਚ ਹੋਇਆ ਹੈ। ਉਸ ਪੰਜਾਬ ਦੀ ਧਰਤੀ ਤੋਂ ਜਿਥੋਂ ਦੇ ਵਸਨੀਕਾਂ ਦੇ ਮੱਥੇ ਵਿਹਲੜ, ਗੁੱਸੇਖੋਰ ਨਸ਼ਈ ਸਮੇਤ ਬਹੁਤ ਸਾਰੀਆਂ ਭੈੜੀਆਂ ਊਝਾਂ ਮੜੀਆਂ ਗਈਆਂ ਸਨ। ਉਹਨਾਂ ਇਸ ਅੰਦੋਲਨ ਨੂੰ ਆਲਮੀ ਪੱਧਰ ਉਤੇ ਪਹੁੰਚਾਇਆ ਹੈ। ਦੇਸ਼ ਵਿਦੇਸ਼ ਤੋਂ ਕਿਸਾਨ, ਮਜ਼ਦੂਰ, ਨੇਤਾ ਉਹਨਾਂ ਦੇ ਹੱਕ 'ਚ ਖੜੇ ਹਨ। ਪਰ ਜਿੱਦੀ ਮੋਦੀ ਸਰਕਾਰ ਜਿਸ ਵਲੋਂ ਸਾਲ 2020 'ਚ ਕਿਸਾਨਾਂ ਨੂੰ ਧਨ ਕੁਬੇਰਾਂ ਮੂਹਰੇ ਸੁੱਟਿਆ ਹੈ, ਉਹਨਾਂ ਨੂੰ ਸੜਕਾਂ ਉਤੇ ਠੰਡੀਆਂ, ਕੱਕਰ ਰਾਤਾਂ 'ਚ ਸੰਘਰਸ਼ ਕਰਨ ਲਈ ਮਜ਼ਬੂਰ ਕੀਤਾ ਹੈ, ਉਹਨਾਂ ਦੀ ਗੱਲ, "ਅਸਲੀ ਗੱਲ", ਸੁਨਣ ਲਈ ਤਿਆਰ ਨਹੀਂ।

ਦੇਸ਼ 'ਚ ਕਿਸਾਨ ਅੰਦੋਲਨ ਵਰਗੇ ਕਈ ਅੰਦੋਲਨ ਚੱਲੇ ਹਨ। ਭਾਰਤ 'ਚ ਸਭ ਤੋਂ ਪਹਿਲਾਂ ਕਿਸਾਨ ਅੰਦੋਲਨ ਸੁਲਤਾਨ ਮਹੁੰਮਦ ਬਿਨ ਤੁਗਲਕ ਦੇ ਰਾਜ ਭਾਗ ਸਮੇਂ 1343 ਈਸਵੀਂ ਵਿੱਚ ਮਾਲਵਾ (ਪੱਛਮੀ ਮੱਧ ਪ੍ਰਦੇਸ਼ ਅਤੇ ਉੱਤਰੀ ਰਾਜਸਥਾਨ ਦਾ ਇਲਾਕਾ) ਵਿੱਚ ਚੱਲਿਆ ਸੀ। ਕਿਸਾਨਾਂ ਉਤੇ ਭਾਰੀ ਟੈਕਸ ਲਗਾਏ ਗਏ ਸਨ। ਇਹ ਅੰਦੋਲਨ ਸੁਲਤਾਨ ਵਲੋਂ ਕੁਚਲ ਦਿੱਤਾ ਗਿਆ ਸੀ। ਲੱਖਾਂ ਕਿਸਾਨ ਮਾਰ ਦਿੱਤੇ ਸਨ। ਵੀਹਵੀਂ ਸਦੀ 'ਚ ਪੱਗੜੀ ਸੰਭਾਲ ਅੰਦੋਲਨ 1907 ਵਿੱਚ ਸ਼ਹੀਦ ਭਗਤ ਸਿੰਘ ਦੇ ਚਾਚੇ ਅਜੀਤ ਸਿੰਘ ਵਲੋਂ ਆਰੰਭਿਆ ਗਿਆ ਸੀ। ਪੱਗੜੀ ਸੰਭਾਲ ਜੱਟਾ ਇਸ ਲਹਿਰ ਦਾ ਨਾਂਅ ਸੀ। ਇਹ ਅੰਦੋਲਨ ਦੇਸ਼ ਭਰ 'ਚ ਫੈਲਿਆ। ਅੰਗਰੇਜ਼ ਹਕੂਮਤ ਕਿਸਾਨ ਅੰਦੋਲਨ ਤੋਂ ਡਰ ਗਈ। 9 ਮਹੀਨੇ ਦੇ ਕਿਸਾਨ ਸੰਘਰਸ਼ ਤੋਂ ਬਾਅਦ ਟੈਕਸ ਮੁਆਫ਼ ਕਰ ਦਿੱਤਾ।

ਦੇਸ਼ 'ਚ ਹੋਰ ਵੀ ਅੰਦੋਲਨ ਹੋਏ। ਪਰ ਸਾਲ 2020 ਵਾਲਾ ਕਿਸਾਨ ਅੰਦੋਲਨ ਜਨ ਮਾਨਸ ਦਾ ਅੰਦੋਲਨ ਬਣ ਚੁੱਕਿਆ ਹੈ। ਲੋਕ ਲੋਹੇ-ਲਾਖੇ ਹਨ। ਪਰ ਸ਼ਾਂਤ ਹਨ। ਲੋਕ ਪ੍ਰੇਸ਼ਾਨ ਹਨ, ਪਰ ਸ਼ਾਂਤ ਹਨ। ਲੋਕ ਲੜ ਰਹੇ ਹਨ, ਘਬਰਾਏ ਹੋਏ ਨਹੀਂ। ਕਿਸਾਨ ਇੱਕ ਜੁੱਟ ਹਨ, ਲੋਕ ਇੱਕ ਜੁੱਟ ਹਨ। ਇਹ 2020 ਸਾਲ ਦੀ ਵੱਡੀ ਪ੍ਰਾਪਤੀ ਹੈ, ਕਿਸਾਨਾਂ ਦੀ, ਲੋਕਾਂ ਦੀ, ਹਾਕਮਾਂ ਨੂੰ ਸੁਚੇਤ ਹੋਕੇ ਸਬਕ ਸਿਖਾਉਣ ਦੀ ਕਿ ਜ਼ੁਲਮ ਜ਼ਬਰ ਵਿਰੁੱਧ ਉਠੀ ਆਵਾਜ਼ ਦਬਾਈ ਨਹੀਂ ਜਾ ਸਕਦੀ। ਕਰੋਨਾ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ ਤੇ ਵੇਖਣ ਨੂੰ ਮਿਲਿਆ ਤੇ ਲੋਕ ਜਿਵੇਂ, ਧਨ ਕੁਬੇਰਾਂ ਦੀਆਂ ਸਾਜ਼ਿਸ਼ਾਂ ਨੂੰ ਸਮਝਣ ਲੱਗੇ ਤੇ ਉਹਨਾ ਵਲੋਂ ਵਰੋਸਾਏ ਵੱਖਰੇ ਅਲੋਕਾਰੇ ਜਹਾਨ ਨੂੰ ਠੁੱਡੇ ਮਾਰਕੇ ਕੁਦਰਤ ਨਾਲ ਸਾਂਝ ਪਾਉਣ ਲੱਗੇ ਹਨ। ਇਵੇਂ ਹੀ ਧਨ ਕੁਬੇਰਾਂ ਤੇ ਹਾਕਮਾਂ ਦੀਆਂ ਸਾਜ਼ਿਸ਼ਾਂ ਤੋਂ ਸੁਚੇਤ ਕਿਸਾਨ ਜਨ ਅੰਦੋਲਨ ਕਾਰਨ ਵਿਸ਼ਵ ਵਿਆਪੀ ਇੱਕ ਵੱਖਰੀ ਦਿੱਖ ਬਨਾਉਣ 'ਚ, ਆਪਣੀ ਇਹ ਤਾਕਤ ਵਿਖਾਉਣ 'ਚ ਸਫ਼ਲ ਹੋ ਰਹੇ ਹਨ ਅਤੇ ਦਰਸਾ ਰਹੇ ਹਨ ਕਿ ਸ਼ਾਂਤਮਈ ਅੰਦੋਲਨ, ਇਕੱਠ ਨਾਲ ਜ਼ਾਬਰਾਂ ਨੂੰ ਝੁਕਾਇਆ ਜਾ ਸਕਦਾ ਹੈ, ਉਹਨਾਂ ਨੂੰ ਨੱਥ ਪਾਈ ਜਾ ਸਕਦੀ ਹੈ।

ਸਾਲ 2020 ਵਿੱਚ ਹੋਰ ਵੀ ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਸਾਲ 2020 'ਚ ਰਾਸ਼ਟਰਪਤੀ ਟਰੰਪ, ਜੋ ਨਰੇਂਦਰ ਮੋਦੀ ਵਾਂਗਰ ਨਸਲੀ ਤੇ ਰਾਸ਼ਟਰਵਾਦੀ ਸੋਚ ਦਾ ਹਿਮਾਇਤੀ ਹੈ, ਉਸਨੂੰ ਦੇਸ਼ ਦੇ ਲੋਕਾਂ ਨੇ ਉਖਾੜ ਸੁੱਟਿਆ। ਉਂਜ ਇਹ ਸਾਲ ਆਫ਼ਤਾਂ ਦਾ ਸਾਲ ਗਿਣਿਆ ਜਾਵੇਗਾ। ਦੁਨੀਆਂ ਭਰ ਵਿੱਚ ਕਾਰਪੋਰੇਟਾਂ ਤੇ ਹਾਕਮਾਂ ਦੇ ਗੱਠਜੋੜ ਕਾਰਨ ਕਰੋੜਾਂ ਲੋਕ ਬੇਰੁਜ਼ਗਾਰੀ ਦੀ ਭੱਠੀ 'ਚ ਝੋਕੇ ਗਏ ਹਨ। ਕਰੋੜਾਂ ਲੋਕ ਰੋਟੀ ਤੋਂ ਆਤੁਰ ਹੋ ਗਏ ਹਨ। ਭਾਰਤ ਵਿੱਚ ਮਜ਼ਦੂਰੀ ਵਿਰੋਧੀ ਕਾਨੂੰਨ ਬਨਾਉਣ ਵਜੋਂ 2020 ਨੂੰ ਜਾਣਿਆ ਜਾਏਗਾ, ਜਿਥੇ ਕੰਮ ਦੇ ਘੰਟੇ 8 ਘੰਟੇ ਤੋਂ 12 ਘੰਟੇ ਕਰ ਦਿੱਤੇ ਗਏ ਹਨ। ਸਾਲ 2020 ਭਾਰਤ ਲਈ ਬੁਰੀਆਂ ਖ਼ਬਰਾਂ ਵਜੋਂ ਜਾਣਿਆ ਜਾਏਗਾ, ਜਿਥੇ ਰੋਟੀ, ਰੋਜ਼ੀ, ਚੰਗੀਆਂ ਸਿਹਤ ਸਹੂਲਤਾਂ, ਚੰਗੇ ਵਾਤਾਵਰਨ ਸਬੰਧੀ ਉਮੀਦ ਦੀ ਕਿਰਣਾਂ ਕਿਧਰੇ ਵੀ ਦਿਖਾਈ ਨਹੀਂ ਦਿੱਤੀ।

ਇਸ ਵਰ੍ਹੇ ਦੌਰਾਨ ਹਾਕਮ ਪਾਰਟੀ ਵਲੋਂ ਬਿਹਾਰ ਚੋਣਾਂ ਧਨ ਦੇ, ਬਲ ਦੇ ਜ਼ੋਰ ਨਾਲ ਜਿੱਤੀਆਂ। ਮੱਧ ਪ੍ਰਦੇਸ਼ ਵਿੱਚ ਹਾਕਮਾਂ ਆਇਆ ਰਾਮ ਗਿਆ ਰਾਮ ਨੂੰ ਸ਼ਹਿ ਦਿੱਤੀ। ਹੋਰ ਕਈ ਸੂਬਿਆਂ ਦੀ ਸਰਕਾਰਾਂ ਅਸਥਿਰ ਕੀਤੀਆਂ। ਇੱਕ ਦੇਸ਼-ਇੱਕ ਟੈਕਸ, ਇੱਕ ਦੇਸ਼-ਇੱਕ ਚੋਣ, ਇੱਕ ਦੇਸ਼-ਇੱਕ ਭਾਸ਼ਾ, ਇੱਕ ਦੇਸ਼-ਇੱਕ ਰਾਸ਼ਨ ਕਾਰਡ, ਇੱਕ ਦੇਸ਼ ਇੱਕ ਧਰਮ, ਇੱਕ ਦੇਸ਼-ਇੱਕ ਕਾਨੂੰਨ, ਇੱਕ ਦੇਸ਼-ਇੱਕ ਸਭਿਆਚਾਰ ਦਾ ਅਜੰਡਾ ਦੇਸ਼ ਦੀ ਵੰਨ-ਸੁਵੰਨਤਾ ਦੀ ਹਕੀਕਤ ਤੋਂ ਮੂੰਹ ਮੋੜਨ ਵਾਲਾ ਅਜੰਡਾ 2020 ਵਿੱਚ ਮੁੱਖ ਤੋਰ ਤੇ ਦੇਸ਼ ਦੇ ਹਾਕਮਾਂ ਨੇ ਸਾਹਮਣੇ ਲਿਆਂਦਾ। ਯੂ.ਪੀ. ਵਿੱਚ ਲਵ-ਜਿਹਾਦ ਦਾ ਕਾਨੂੰਨ ਪਾਸ ਕਰਕੇ ਹਾਕਮਾਂ ਨੇ ਦਰਸਾ ਦਿੱਤਾ ਕਿ ਦੇਸ਼ ਵਿੱਚ ਪਹਿਰਾਵੇ, ਵਿਚਾਰਾਂ ਉਤੇ ਪਾਬੰਦੀ ਤਾਂ ਹੈ ਹੀ, ਸਗੋਂ ਧਰਮ ਦਾ ਮਸਲਾ ਵੀ ਉਂਜ ਹੀ ਸੁਲਝਾਇਆ ਜਾਏਗਾ ਜਿਵੇਂ ਕਿ "ਭਗਵਾਂ ਹਾਕਮ" ਚਾਹੇਗਾ। ਪੱਛਮੀ ਬੰਗਾਲ ਵਿੱਚ ਵਿਰੋਧੀ ਸਰਕਾਰ ਨੂੰ ਡੇਗਣ ਲਈ, ਮਮਤਾ ਬੈਨਰਜੀ ਮੁੱਖ ਮੰਤਰੀ ਨੂੰ ਹਰ ਤਰ੍ਹਾਂ ਦੇ ਦਬਾਅ ਵਿੱਚ ਲਿਆਂਦਾ ਜਾ ਰਿਹਾ ਹੈ ਤਾਂ ਕਿ ਹਰ ਹਰਬੇ ਵਰਤਕੇ ਪੱਛਮੀ ਬੰਗਾਲ ਦੀ ਚੋਣ ਜਿੱਤੀ ਜਾ ਸਕੇ।

ਬਹੁਤ ਕੁਝ ਵੇਖਿਆ ਦੇਸ਼ ਦੀ ਰਾਜਧਾਨੀ ਦਿੱਲੀ ਨੇ 2020 ਦੇ ਵਰ੍ਹੇ। 370 ਧਾਰਾ ਵਿਰੁੱਧ ਸ਼ਾਹੀਨ ਬਾਗ ਦਾ ਅੰਦੋਲਨ ਵੇਖਿਆ, ਜੋ ਹਾਕਮਾਂ ਕਰੋਨਾ ਵਾਇਰਸ ਦੀ ਭੇਂਟ ਚੜ੍ਹਾਕੇ ਨਿਗਲ ਲਿਆ। 1984 ਵਰ੍ਹੇ ਦਿੱਲੀ ਕਤਲੇਆਮ ਵਰਗੀ ਘਟਨਾ ਦਿੱਲੀ 'ਚ 2020 'ਚ ਵਪਾਰੀ ਜਿਥੇ 50 ਲੋਕ "ਕੱਟੜ ਹਿੰਦੂਤਵੀਆਂ ਦਾ ਸ਼ਿਕਾਰ ਹੋਏ, ਸੈਂਕੜੇ ਜ਼ਖ਼ਮੀ ਹੋਏ। 2020 'ਚ ਹਰਿਆਣੇ ਦੀ ਸਰਕਾਰ ਨੇ ਸੰਘਰਸ਼ੀ ਕਿਸਾਨਾਂ ਉਤੇ ਪਾਣੀ ਦੀਆਂ ਤੋਪਾਂ ਦੇ ਗੋਲੇ ਚਲਾਏ ਅਤੇ ਕਿਸਾਨਾਂ ਹਰਿਆਣਾ ਸਰਕਾਰ ਦੀ ਅੜੀ ਵੀ ਇਸੇ ਵਰ੍ਹੇ ਭੰਨੀ। ਦਿੱਲੀ ਅਤੇ ਦੇਸ਼ ਵਾਲਿਆਂ ਸੁਪਰੀਮ ਕੋਰਟ ਦੇ ਲਈ ਫ਼ੈਸਲਾ ਪੜ੍ਹੇ-ਸੁਣੇ, ਜਿਹਨਾ ਵਿਚੋਂ ਕਈਆਂ ਨੇ ਆਮ ਲੋਕਾਂ ਨੂੰ ਪ੍ਰੇਸ਼ਾਨ ਕੀਤਾ। ਬਾਵਜੂਦ ਸੁਪਰੀਮ ਕੋਰਟ ਵਲੋਂ ਦਿੱਤੇ ਆਦੇਸ਼ਾਂ ਦੇ ਹਾਕਮ ਧਿਰ ਵਲੋਂ, ਲੋਕ ਸਭਾ, ਵਿਧਾਨ ਸਭਾ ਦੇ ਉਹਨਾ ਮੈਂਬਰਾਂ ਵਿਰੁੱਧ ਕੋਈ ਬਿੱਲ ਨਹੀਂ ਲਿਆਂਦਾ, ਜਿਹਨਾ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ। ਸੁਪਰੀਮ ਕੋਰਟ ਇਸ ਮਾਮਲੇ 'ਚ ਚਰਚਿਤ ਰਹੀ ਕਿ ਇੱਕ ਚੈਨਲ ਦੇ ਮੁੱਖੀ ਨੂੰ ਤਾਂ ਕੁਝ ਘੰਟਿਆਂ 'ਚ ਜਮਾਨਤ ਦੇ ਦਿੱਤੀ ਗਈ, ਪਰ ਦੋ ਦਰਜਨ ਤੋਂ ਵੱਧ ਬੁੱਧੀਜੀਵੀਆਂ, ਲੇਖਕਾਂ ਦੇ ਜਮਾਨਤੀ ਕੇਸਾਂ ਦਾ ਨਿਪਟਾਰਾ ਮਹੀਨਿਆਂ ਬੱਧੀ ਲਟਕਿਆ ਪਿਆ ਹੈ। ਗੱਲ ਕੀ ਧਨ ਕੁਬੇਰਾਂ ਫਨੀਅਰ ਸੱਪ ਵਾਂਗਰ 2020 'ਚ ਹਿੰਦੋਸਤਾਨ ਉਤ ਇਥੋਂ ਦੇ ਹਾਕਮਾਂ ਨਾਲ ਧਿਰ ਬਣਕੇ ਲੋਕਾਂ ਨੂੰ ਲੁੱਟਿਆ, ਕੁੱਟਿਆ ਹੈ ਅਤੇ ਉਹਨਾ ਕੋਲੋਂ ਉਹ ਸਾਰੇ ਸਾਧਨ ਖੋਹਣ ਲਈ ਯਤਨ ਕੀਤੇ ਹਨ ਜਿਹੜੇ ਉਹਨਾ ਨੂੰ ਆਜ਼ਾਦੀ ਨਾਲ ਸੁਖਾਵੀਂ ਜ਼ਿੰਦਗੀ ਜੀਊਣ ਲਈ ਜ਼ਰੂਰੀ ਹਨ। ਇਸ ਵਰ੍ਹੇ ਹਾਕਮ ਧਿਰ ਦਾ ਅਜੰਡਾ ਸਿਰਫ਼ ਤੇ ਸਿਰਫ਼ ਸਾਮ, ਦਾਮ, ਦੰਡ ਨਾਲ ਕੁਰਸੀ ਹਾਸਲ ਕਰਨ ਅਤੇ ਸਖ਼ਤੀ ਨਾਲ ਬਹੁਮਤ ਦੀ ਆਕੜ 'ਤੇ ਰਾਜ ਕਰਨ ਦਾ ਰਿਹਾ।

# ਕਿਸਾਨ ਸੰਘਰਸ਼ ਅਤੇ ਮਨੁੱਖੀ ਤੇ ਜਮਹੂਰੀ ਹੱਕਾਂ ਦਾ ਸਵਾਲ



ਬੂਟਾ ਸਿੰਘ ਨਵਾਂਸ਼ਹਿਰ
94634-74342



ਮੌਜੂਦਾ ਇਤਿਹਾਸ ਸਿਰਜਕ ਲੋਕ ਸੰਘਰਸ਼ ਨੂੰ ਬਦਨਾਮ ਕਰਨ ਲਈ ਆਖ਼ਿਰਕਾਰ ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਇਕ ਨਵਾਂ ਬਹਾਨਾ ਲੱਭ ਲਿਆ। 10 ਦਸੰਬਰ ਨੂੰ ਬੀ.ਕੇ.ਯੂ. (ਏਕਤਾ-ਉਗਰਾਹਾਂ) ਵੱਲੋਂ ਦਿੱਲੀ ਦੇ ਵਿਸ਼ਾਲ ਇਕੱਠਾਂ ਵਿਚ 'ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ' ਮਨਾਇਆ ਗਿਆ। ਪੰਡਾਲ ਵਿਚ ਹਾਜ਼ਰ ਦਹਿ-ਹਜ਼ਾਰਾਂ ਲੋਕਾਂ ਦੇ ਹੱਥਾਂ ਵਿਚ ਉਹਨਾਂ ਸਿਰਕੱਢ ਲੋਕ ਬੁੱਧੀਜੀਵੀਆਂ ਦੀਆਂ ਤਸਵੀਰਾਂ ਵਾਲੀਆਂ ਤਖ਼ਤੀਆਂ ਅਤੇ ਮੰਚ ਉੱਪਰ ਤਸਵੀਰਾਂ ਵਾਲੇ ਬੈਨਰ ਸਨ ਜਿਹਨਾਂ ਨੂੰ "ਸ਼ਹਿਰੀ ਨਕਸਲੀ" ਕਰਾਰ ਦੇ ਕੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਪ੍ਰੋਫੈਸਰ ਨੰਦਿਨੀ ਸੁੰਦਰ, ਡਾ. ਨਵਸ਼ਰਨ ਕੌਰ ਸਮੇਤ ਉੱਘੇ ਬੁੱਧੀਜੀਵੀ ਬੁਲਾਰਿਆਂ ਨੇ ਤੱਥਾਂ ਦੇ ਆਧਾਰ 'ਤੇ ਕਥਿਤ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਅਤੇ ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਦੇ ਫਾਸ਼ੀਵਾਦੀ ਏਜੰਡੇ ਦਾ ਪਰਦਾਫਾਸ਼ ਕੀਤਾ।

ਦਿੱਲੀ ਵਿਚ, ਜਿੱਥੇ ਸੰਘ ਬਰਗੇਡ ਦੇ ਦਹਿਸ਼ਤਵਾਦੀ ਹਮਲਿਆਂ ਕਾਰਨ ਜਾਗਰੂਕ ਲੋਕਾਂ ਅੰਦਰ ਇਕ ਡਰ ਦਾ ਮਾਹੌਲ ਹੈ, ਲੋਕ ਬੁੱਧੀਜੀਵੀਆਂ ਲਈ ਹਾਅ ਦੇ ਨਾਅਰੇ ਦੀ ਗੂੰਜ ਨੇ ਹੈਂਕੜਬਾਜ਼ ਹਕੂਮਤ ਦੀ ਨੀਂਦ ਉਡਾ ਦਿੱਤੀ। ਹਿੰਦੂਤਵ+ਕਾਰਪੋਰੇਟ ਗੱਠਜੋੜ ਦੇ ਕੰਟਰੋਲ ਵਾਲੇ ਮੁੱਖਧਾਰਾ ਮੀਡੀਆ ਸਮੇਤ ਆਰ.ਐੱਸ.ਐੱਸ. ਦੇ ਕੁਲ ਪ੍ਰਚਾਰਤੰਤਰ ਨੇ ਸੰਘ ਪਾੜ-ਪਾੜ ਕੇ ਚੀਕਣਾ ਸ਼ੁਰੂ ਕਰ ਦਿੱਤਾ ਕਿ ਇਹ ਮੰਗ ਇਸ ਦਾ ਸਬੂਤ ਹੈ ਕਿ ਕਿਸਾਨ ਸੰਘਰਸ਼ ਵਿਚ 'ਖੱਬੇਪੱਖੀ ਅਤੇ ਮਾਓਵਾਦੀ ਅਨਸਰ' ਘੁਸ ਗਏ ਹਨ। ਮੰਤਰੀਆਂ ਦੀ ਫ਼ੌਜ ਅਤੇ ਗੋਦੀ ਮੀਡੀਆ ਦੀ ਇਕਸੁਰਤਾ ਨਾਲ ਇਹ ਸਾਬਤ ਹੋ ਗਿਆ ਕਿ ਆਰ.ਐੱਸ.ਐੱਸ.-ਭਾਜਪਾ ਦਾ ਆਈ.ਟੀ. ਸੈੱਲ ਅਤੇ ਗੋਦੀ ਮੀਡੀਆ ਇੱਕੋ ਸਿੱਕੇ ਦੇ ਦੋ ਪਾਸੇ ਹਨ। ਉਹਨਾਂ ਮੁਤਾਬਿਕ ਪ੍ਰਧਾਨ ਮੰਤਰੀ ਵੱਲੋਂ ਮੁਲਕ ਨੂੰ ਬੇਸ਼ਰਮੀ ਨਾਲ ਹਿੰਦੂਤਵ ਰੰਗ 'ਚ ਰੰਗਣਾ, ਭੂਮੀ-ਪੂਜਨ ਵਰਗੇ ਬ੍ਰਾਹਮਣਵਾਦੀ ਰਸਮਾਂ-ਰਿਵਾਜ਼ਾਂ ਨੂੰ ਪ੍ਰੋਮੋਟ ਕਰਨਾ, ਮੁਲਕ ਦੀ ਸਰਵਉੱਚ ਅਦਾਲਤ ਵੱਲੋਂ ਸੱਤਾਧਾਰੀ ਧਿਰ ਦੇ ਮਨਪਸੰਦ ਫ਼ੈਸਲੇ ਸੁਣਾਉਣਾ ਤਾਂ ਦੇਸ਼ਭਗਤੀ ਹੈ, ਲੇਕਿਨ ਝੂਠੇ ਕੇਸਾਂ ਵਿਚ ਜੇਲ੍ਹਬੰਦ ਲੋਕਪੱਖੀ ਸ਼ਖਸੀਅਤਾਂ ਦੀ ਰਿਹਾਈ ਦੀ ਮੰਗ ਕਰਨਾ ਦੇਸ਼ਧ੍ਰੋਹ ਹੈ।

ਕਮਿਊਨਿਸਟ, ਨਕਸਲੀ, ਖ਼ਾਲਸਤਾਨੀ, ਅੰਬੇਡਕਰਵਾਦੀ, ਹਾਕਮ ਜਮਾਤੀ ਪਾਰਟੀਆਂ, ਗੱਲ ਕੀ ਹਰ ਕੋਈ ਮੌਜੂਦਾ ਸੰਘਰਸ਼ ਵਿਚ ਆਪੋ-ਆਪਣੇ ਢੰਗ ਨਾਲ ਸ਼ਾਮਲ ਹਨ। ਸਿਰਫ਼ ਸੰਘ ਬਰਗੇਡ ਇਸ ਸੰਘਰਸ਼ ਦੇ ਵਿਰੋਧ 'ਚ ਹੈ। ਇਸ ਨੇ ਪਹਿਲਾਂ ਸ਼ੰਭੂ ਬਾਰਡਰ ਉੱਪਰ ਲੱਗ ਰਹੇ ਨਾਅਰਿਆਂ ਅਤੇ ਭਾਸ਼ਣਾਂ ਨੂੰ ਬਹਾਨਾ ਬਣਾ ਕੇ ਅਫਵਾਹ ਫੈਲਾਈ ਕਿ ਕਿਸਾਨ ਸੰਘਰਸ਼ ਵਿਚ ਖ਼ਾਲਸਤਾਨੀ ਘੁਸ ਗਏ। ਫਿਰ ਸੰਘਰਸ਼ ਨੂੰ ਕਾਂਗਰਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਜਦ ਇਹ ਘਿਣਾਉਣੇ ਹੱਥਕੰਡੇ ਠੁੱਸ ਹੋ ਗਏ ਤਾਂ ਭਗਵੀਂ ਪ੍ਰਚਾਰ ਮਸ਼ੀਨਰੀ ਕਿਸੇ ਨਵੇਂ ਬਹਾਨੇ ਦੀ ਇੰਤਜ਼ਾਰ ਕਰਨ ਲੱਗੀ ਅਤੇ ਮੰਚ ਤੋਂ ਬੁੱਧੀਜੀਵੀਆਂ ਨਾਲ ਪ੍ਰਗਟਾਈ ਇਕਮੁੱਠਤਾ ਨੂੰ ਮੁੱਦਾ ਬਣਾ ਲਿਆ ਗਿਆ। ਇਹ ਸੰਘਰਸ਼ ਦੇ ਅੰਦਰੂਨੀ ਮਸਲੇ ਹਨ। ਲੇਕਿਨ ਸੰਘਰਸ਼ ਨੂੰ ਡਿਕਟੇਟ ਕਰਨ ਦਾ ਹੱਕ ਹਕੂਮਤ ਨੂੰ ਨਹੀਂ ਦਿੱਤਾ ਜਾ ਸਕਦਾ। ਇਹ ਸੱਚ ਹੈ ਕਿ ਮੋਦੀ ਹਕੂਮਤ ਦੇ ਲੋਕ-ਦੁਸ਼ਮਣ ਏਜੰਡੇ ਵਿਰੁੱਧ ਜਾਗਰੂਕਤਾ ਦੇ ਬਾਵਜੂਦ ਭਗਵੀਆਂ ਅਫ਼ਵਾਹਾਂ ਨਾਲ ਅਵਾਮ ਅੰਦਰ ਥੋੜ੍ਹਾ ਭੰਬਲਭੂਸਾ ਬਣ ਸਕਦਾ ਹੈ। ਇਹ ਐਸਾ ਭੰਡੀ ਪ੍ਰਚਾਰ ਵੀ ਨਹੀਂ ਜਿਸ ਨੂੰ ਆਰ.ਐੱਸ.ਐੱਸ.-ਭਾਜਪਾ ਦੀ ਖ਼ਸਲਤ ਨੂੰ ਉਜਾਗਰ ਕਰਕੇ ਪਛਾੜਿਆ ਨਾ ਜਾ ਸਕਦਾ ਹੋਵੇ। ਸਿੰਘੂ ਮੋਰਚੇ ਵਾਲੇ ਆਗੂਆਂ ਨੂੰ ਸਟੈਂਡ ਲੈਣਾ ਚਾਹੀਦਾ ਸੀ ਕਿ ਕੇਂਦਰ ਸਰਕਾਰ ਸੰਘਰਸ਼ ਦੀ ਮੁੱਖ ਮੰਗ ਉੱਪਰ ਗੱਲ ਕਰੇ, ਕਥਿਤ 'ਘੁਸਪੈਠ' ਦੇ ਅੰਦਰੂਨੀ ਮਾਮਲੇ ਦਾ ਹੱਲ ਉਹ ਖ਼ੁਦ ਸੋਚ ਲੈਣਗੇ। ਇੱਥੇ ਉਹ ਕਾਹਲ ਕਰ ਗਏ।

ਜੇਲ੍ਹਬੰਦ ਦੋ ਦਰਜਨ ਅਜ਼ੀਮ ਸ਼ਖਸੀਅਤਾਂ ਕਿਸੇ ਜਾਣ-ਪਛਾਣ ਦੀਆਂ ਮੁਹਤਾਜ਼ ਨਹੀਂ। ਉਹਨਾਂ ਵਿਚ ਇਕ ਵੀ ਦਾਗ਼ੀ ਵਿਅਕਤੀ ਨਹੀਂ ਜਿਸ ਦੇ ਕੰਮਾਂ ਕਾਰਨ ਕਿਸਾਨ ਮਜ਼ਦੂਰ ਜਥੇਬੰਦੀਆਂ ਨੂੰ ਕੋਈ ਨਮੋਸ਼ੀ ਝੱਲਣੀ ਪਵੇ। ਉਹਨਾਂ ਵੱਲੋਂ ਕੀਤੇ ਗਏ ਕੰਮਾਂ ਦੇ ਮਹੱਤਵ ਨੂੰ ਆਤਮਸਾਤ ਕਰਨ ਦੀ ਜ਼ਰੂਰਤ ਹੈ। ਉਹ ਭਗਵੀਂ ਹਕੂਮਤ ਵੱਲੋਂ ਭਾਰਤੀ ਸਮਾਜ ਉੱਪਰ ਕੀਤੇ ਜਾ ਰਹੇ ਚੌਤਰਫ਼ੇ ਜਾਬਰ ਅਤੇ ਫਿਰਕੂ ਹਮਲਿਆਂ ਵਿਰੁੱਧ ਕਲਮ, ਕਲਾ ਅਤੇ ਬੋਲਾਂ ਰਾਹੀਂ ਨਿਧੜਕ ਆਵਾਜ਼ ਉਠਾਉਣ ਵਾਲੇ ਘੁਲਾਟੀਏ ਹਨ। ਪ੍ਰੋਫੈਸਰ ਵਰਾਵਰਾ ਰਾਓ, ਪ੍ਰੋਫੈਸਰ ਸਾਈਬਾਬਾ, ਗੌਤਮ ਨਵਲਖਾ, ਡਾ. ਆਨੰਦ ਤੇਲਤੁੰਬੜੇ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਸ਼ੋਮਾ ਸੇਨ, ਸੁਧੀਰ ਧਾਵਲੇ, ਸਟੇਨ ਸਵਾਮੀ, ਉਮਰ ਖ਼ਾਲਿਦ ਆਦਿ ਸਾਰੇ ਹੀ ਜਿੱਥੇ ਅਕਾਦਮਿਕ, ਨਿਆਂਸ਼ਾਸਤਰ, ਪੱਤਰਕਾਰੀ, ਆਦਿ ਖੇਤਰਾਂ ਦੇ ਨਾਮਵਰ ਵਿਸ਼ੇਸ਼ਗ ਹਨ ਉੱਥੇ ਉਹ ਸਮਾਜੀ ਨਿਆਂ, ਮਨੁੱਖੀ ਤੇ ਜਮਹੂਰੀ ਹੱਕਾਂ, ਦੱਬੇਕੁਚਲੇ ਅਵਾਮ ਦੀ ਮੱਧਯੁਗੀ ਦਾਬੇ ਤੋਂ ਬੰਦਖ਼ਲਾਸੀ ਦੇ ਕਾਜ ਨੂੰ ਸਮਰਪਿਤ ਜ਼ਹੀਨ ਇਨਸਾਨ ਹਨ। ਉਹ ਸੱਤਾ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸੱਚ ਕਹਿਣ ਵਾਲੇ ਮੁਜਾਹਿਦ ਹਨ। ਜਾਗਰੂਕ ਹਿੱਸੇ ਜਾਣਦੇ ਹਨ ਕਿ ਕਿਵੇਂ ਡੂੰਘੀ ਸਾਜ਼ਿਸ਼ ਤਹਿਤ ਜੇ.ਐੱਨ.ਯੂ. ਨੂੰ ਤੋੜਣ ਲਈ ਉਮਰ ਖ਼ਾਲਿਦ-ਕਨ੍ਹੱਈਆ ਕੁਮਾਰ ਦੇ ਇਰਦ-ਗਿਰਦ ਦੇਸ਼ਧ੍ਰੋਹ ਸਰਗਰਮੀਆਂ ਦੀ ਗਿਣੀ-ਮਿੱਥੀ ਕਹਾਣੀ ਘੜੀ ਗਈ। ਕਾਨੂੰਨੀ ਨੁਕਤਾ-ਨਜ਼ਰ ਤੋਂ ਵੀ ਉਹ ਅਜੇ 'ਮੁਲਜ਼ਮ' ਹਨ ਨਾ ਕਿ ਦੋਸ਼ੀ ਕਰਾਰ ਦਿੱਤੇ ਮੁਜਰਿਮ। ਜੇ ਸੰਘ ਬਰਗੇਡ ਨੱਥੂਰਾਮ ਗੌਡਸੇ ਦੀ ਪੂਜਾ ਕਰ ਸਕਦਾ ਹੈ ਤਾਂ ਕਿਸਾਨ-ਮਜ਼ਦੂਰ ਜਥੇਬੰਦੀਆਂ ਬੁੱਧੀਜੀਵੀਆਂ ਦੀ ਗੱਲ ਕਿਉਂ ਨਹੀਂ ਕਰ ਸਕਦੀਆਂ।

ਹਰ ਹੱਕੀ ਸੰਘਰਸ਼ ਨੂੰ ਕੁਚਲਣ ਲਈ ਆਰ.ਐੱਸ.ਐੱਸ.-ਭਾਜਪਾ ਤਰ੍ਹਾਂ-ਤਰ੍ਹਾਂ ਦੇ ਨਹਾਇਤ ਘਿਣਾਉਣੇ ਹੱਥਕੰਡੇ ਵਰਤਦੀ ਹੈ। ਉਪਰੋਕਤ ਸ਼ਖਸੀਅਤਾਂ ਸੰਘਰਸ਼ ਦੇ ਅਤੇ ਵਿਚਾਰ ਪ੍ਰਗਟਾਵੇ ਦੇ ਜਮਹੂਰੀ ਹੱਕ ਦੀ ਰਾਖੀ ਲਈ ਹੀ ਲੜ ਰਹੀਆਂ ਸਨ। ਇਤਿਹਾਸਕ ਕਿਸਾਨ ਸੰਘਰਸ਼ ਦੇ ਮੌਜੂਦਾ ਮੁਕਾਮ 'ਤੇ ਕੇਂਦਰ ਸਰਕਾਰ ਵੱਲੋਂ ਸ਼ਾਤਰ ਅਤੇ ਝੂਠਾ ਬਿਰਤਾਂਤ ਖੜ੍ਹਾ ਕਰਨ ਦਾ ਅਸਲ ਮਨੋਰਥ ਆਪਣੇ ਲੋਕ ਵਿਰੋਧੀ ਪ੍ਰੋਜੈਕਟ ਤੋਂ ਦੇਸ਼ ਅਤੇ ਦੁਨੀਆ ਦਾ ਧਿਆਨ ਹਟਾਉਣਾ ਅਤੇ ਸੰਘਰਸ਼ ਵਿਚ ਫੁੱਟ ਪਾਉਣਾ ਹੈ। ਇਸ ਨੂੰ ਪਛਾੜਣ ਦੇ ਨਾਲ-ਨਾਲ ਸੰਘ ਬਰਗੇਡ ਦੇ ਘਿਣਾਉਣੇ ਫਾਸ਼ੀਵਾਦੀ ਚਿਹਰੇ ਨੂੰ ਬੇਪੜਦ ਕਰਨਾ ਵੀ ਜ਼ਰੂਰੀ ਹੈ।

ਭਾਜਪਾ-ਆਰ.ਐੱਸ.ਐੱਸ. ਸਰਕਾਰ ਨਾ ਸਿਰਫ਼ ਮਨੁੱਖੀ ਤੇ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕਰ ਰਹੀ ਹੈ ਸਗੋਂ ਇਹ ਵਿਚਾਰਧਾਰਕ ਤੌਰ 'ਤੇ ਇਹਨਾਂ ਹੱਕਾਂ ਅਤੇ ਸੰਵਿਧਾਨਕ ਵਿਵਸਥਾ ਦੀ ਘੋਰ ਦੁਸ਼ਮਣ ਤਾਕਤ ਹੈ। ਇਸ ਦੀ ਇਕੋਇਕ ਟੇਕ ਪਾਟਕਪਾਊ ਸਿਆਸਤ ਅਤੇ ਡੰਡੇ ਦੇ ਰਾਜ ਰਾਹੀਂ ਲੋਕ ਰਜ਼ਾ ਨੂੰ ਕੁਚਲਣ ਉੱਪਰ ਹੈ। ਜਿਹਨਾਂ ਸ਼ਖਸੀਅਤਾਂ ਨੂੰ 'ਸ਼ਹਿਰੀ ਨਕਸਲੀ' ਦਾ ਹਊਆ ਖੜ੍ਹਾ ਕਰਕੇ ਬਦਨਾਮ ਕੀਤਾ ਜਾ ਰਿਹਾ ਹੈ, ਉਹਨਾਂ ਨੂੰ ਸਾਡੇ ਸਮਾਜ ਦੇ ਹਾਸ਼ੀਏ 'ਤੇ ਧੱਕੇ ਅਵਾਮ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣ ਕਾਰਨ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਭਗਵੀਂ ਹਕੂਮਤ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਮਨੁੱਖੀ ਹੱਕਾਂ ਦੇ ਐਲਾਨਨਾਮਿਆਂ ਨੂੰ ਟਿੱਚ ਸਮਝਣ ਵਾਲੀ ਹਕੂਮਤ ਹੈ ਜਿਸ ਨੂੰ ਕਿਸਾਨੀ ਅਤੇ ਪੇਂਡੂ ਖੇਤਰਾਂ ਵਿਚ ਰਹਿ ਰਹੇ ਹੋਰ ਲੋਕਾਂ ਦੇ ਹੱਕਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦਾ ਨਿਖੇਧ ਕਰਨ ਵਾਲੇ ਕਾਨੂੰਨ ਥੋਪਣ ਤੋਂ ਅਤੇ ਇਹਨਾਂ ਕਾਨੂੰਨਾਂ ਨੂੰ ਕਿਸਾਨਾਂ ਦੀ ਤਰੱਕੀ ਬਣਾ ਕੇ ਪੇਸ਼ ਕਰਨ ਤੋਂ ਵੀ ਗੁਰੇਜ਼ ਨਹੀਂ ਹੈ।

ਸਤੰਬਰ 2018 'ਚ ਸੰਯੁਕਤ ਰਾਸ਼ਟਰ ਵੱਲੋਂ ਅਪਣਾਏ ਉਪਰੋਕਤ

# ਪੰਜਾਬੀ ਕਿਸਾਨ ਸੰਘਰਸ਼, ਮੁਲਕ ਲਈ ਪ੍ਰੇਰਣਾ

(ਸਫ਼ਾ 1 ਦੀ ਬਾਕੀ)

ਲੜ ਰਹੇ ਹਨ। ਸਹਿਜੇ-ਸਹਿਜੇ ਹੋਰ ਰਾਜਾਂ ਦੇ ਲੋਕਾਂ ਦੀ ਸ਼ਮੂਲੀਅਤ ਵਿਚ ਵੀ ਇਜ਼ਾਫ਼ਾ ਹੋ ਰਿਹਾ ਹੈ। ਗੀਤ-ਸੰਗੀਤ, ਆਪਣੀ ਗੱਲ ਕਹਿਣ ਦੇ ਰੂਪ, ਨਾਅਰੇ, ਗੱਲ ਕੀ ਸੰਘਰਸ਼ ਦੇ ਸਮੁੱਚੇ ਮੁਹਾਵਰੇ ਵਿਚ ਇਹ ਬਹੁਤ ਹੀ ਰਚਨਾਤਮਕ ਪ੍ਰਗਟਾਵੇ ਪ੍ਰਤੱਖ ਦੇਖੇ ਜਾ ਸਕਦੇ ਹਨ। ਅਵਾਮ ਦੀ ਹੱਕਾਂ ਦੀ ਪ੍ਰਾਪਤੀ ਦੀ ਪੁਰਜ਼ੋਰ ਰੀਝ ਅਤੇ ਲੜਨ ਦੀ ਦ੍ਰਿੜਤਾ 'ਗੱਲਾਂ ਦੋ- ਯੈੱਸ ਔਰ ਨੋ' ਵਰਗੇ ਨਾਅਰਿਆਂ ਵਿਚ ਸਾਕਾਰ ਹੋ ਰਹੀ ਹੈ।

ਇਸ ਅੰਦੋਲਨ ਨੇ ਸਮੁੱਚੀ ਵੋਟ ਬਟੋਰੂ ਸਿਆਸਤ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਹਾਕਮ ਜਮਾਤੀ ਪਾਰਟੀਆਂ ਦੇ ਆਗੂਆਂ ਦਾ ਅੰਦੋਲਨ ਦੇ ਮੰਚਾਂ 'ਤੇ ਜਾ ਕੇ ਕਿਸਾਨ ਹਿਤੈਸ਼ੀ ਹੋਣ ਦਾ ਨਾਟਕ ਕਰਨ ਦਾ ਸੁਪਨਾ ਪੂਰੀ ਤਰ੍ਹਾਂ ਅਸਫ਼ਲ ਬਣਾ ਦਿੱਤਾ ਗਿਆ। ਕਾਂਗਰਸ, ਅਕਾਲੀ ਜਾਂ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਇਕ ਦੂਜੇ ਨੂੰ ਭੰਡ ਕੇ ਖ਼ੁਦ ਨੂੰ ਕਿਸਾਨ ਹਿਤੈਸ਼ੀ ਸਾਬਤ ਕਰਨ ਦੀ ਦੋਸਤਾਨਾ ਗੇਮ ਨੂੰ ਅਵਾਮ ਮੂੰਹ ਨਹੀਂ ਲਾ ਰਹੇ। ਫਿਰ ਵੀ, ਇਹਨਾਂ ਪਾਰਟੀਆਂ ਦੀ ਇਸ ਅੰਦੋਲਨ ਨੂੰ ਪੌੜੀ ਬਣਾ ਕੇ 2022 ਦੀਆਂ ਚੋਣਾਂ ਵਿਚ ਪੰਜਾਬ ਦੀ ਸੱਤਾ ਉੱਪਰ ਕਾਬਜ਼ ਹੋਣ ਲਈ ਲੋਕ ਮਨਾਂ ਨੂੰ ਜਿੱਤਣ ਦੀ ਘਿਣਾਉਣੀ ਖੇਡ ਜਾਰੀ ਹੈ ਜਿਸ ਨੂੰ ਪਛਾੜਨਾ ਲੋਕਪੱਖੀ ਤਾਕਤਾਂ ਸਾਹਮਣੇ ਵੱਡੀ ਚੁਣੌਤੀ ਹੈ।

ਇਸ ਅੰਦੋਲਨ ਨੇ ਪਿੰਡਾਂ ਦੀਆਂ ਰਾਜਨੀਤਕ ਧੜੇਬੰਦੀਆਂ ਨੂੰ ਕਮਜ਼ੋਰ ਕੀਤਾ ਹੈ ਅਤੇ ਆਪਸੀ ਸਦਭਾਵਨਾ ਅਤੇ ਭਾਈਚਾਰਕ ਸਾਂਝ ਮੁੜ ਉੱਭਰ ਰਹੀ ਹੈ। ਇਸ ਸਾਂਝ ਨੂੰ ਮਜ਼ਬੂਤ ਬਣਾਉਣ ਦੇ ਰਾਹ ਵਿਚ ਅਜੇ ਵੀ ਗੰਭੀਰ ਸਮੱਸਿਆਵਾਂ ਹਨ, ਲੇਕਿਨ ਇਕ ਹਾਂਪੱਖੀ ਰੁਝਾਨ ਦੇ ਤੌਰ 'ਤੇ ਇਹ ਬਹੁਤ ਮਹੱਤਵਪੂਰਨ ਸ਼ੁਭ ਸ਼ਗਨ ਹੈ। ਪੰਜਾਬ ਨੇ ਆਪਣੇ ਸੱਤਾ ਤੋਂ ਨਾਬਰੀ ਅਤੇ ਸਟੇਟ ਦੀਆਂ ਧੱਕੇਸ਼ਾਹੀਆਂ, ਮਨਮਾਨੀਆਂ ਅਤੇ ਅਨਿਆਂ ਵਿਰੁੱਧ ਪਿਛਲੀਆਂ ਪੰਜ ਸਦੀਆਂ ਦੇ ਆਪਣੇ ਸ਼ਾਨਦਾਰ ਇਤਿਹਾਸਕ ਵਿਰਸੇ ਨੂੰ ਸੰਘਰਸ਼ ਦੀ ਚੇਤਨਾ ਵਿਚ ਸਮੋਣ ਦੇ ਠੋਸ ਯਤਨ ਕੀਤੇ ਹਨ। ਇਸ ਦਿਸ਼ਾ 'ਚ ਹੋਰ ਵੀ ਵਧੇਰੇ ਸੁਚੇਤ, ਸੁਹਿਰਦ ਅਤੇ ਠੋਸ ਕੰਮ ਹੱਥ ਲੈਣੇ ਹੋਣਗੇ। ਸੱਚੇ ਸਮਾਜੀ ਬਦਲਾਓ ਲਈ ਕੰਮ ਕਰ ਰਹੀਆਂ ਤਾਕਤਾਂ ਲਈ ਇਹ ਬੇਹੱਦ ਸਾਜ਼ਗਾਰ ਮਾਹੌਲ ਹੈ, ਜਿਸ ਵਿਚ ਉਹ ਠੋਸ ਕੰਮ ਉਲੀਕ ਕੇ ਪੰਜਾਬ ਦੇ ਪਿੰਡਾਂ ਵਿਚ ਜਾਤਪਾਤੀ ਵੰਡੀਆਂ ਅਤੇ ਨਫ਼ਰਤ ਨੂੰ ਸੱਟ ਮਾਰਨ ਦੀ ਮੁਹਿੰਮ ਦਾ ਆਗਾਜ਼ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਲੋਕ ਮਨਾਂ ਵਿਚ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਬ੍ਰਾਹਮਣਵਾਦੀ/ਮਨੂਵਾਦੀ ਵਿਚਾਰਧਾਰਾ ਨੂੰ ਬਰਕਰਾਰ ਰੱਖਣ ਵਾਲੀਆਂ ਤਾਕਤਾਂ ਅਤੇ ਸਮਾਜਿਕ-ਸੱਭਿਆਚਾਰਕ ਮਾਹੌਲ ਨੂੰ ਸੱਟ ਮਾਰਨ ਲਈ ਠੋਸ ਯੋਜਨਾ ਲੈ ਕੇ ਕੰਮ ਕਰਨ ਦੀ ਪਹਿਲ ਕਰਨੀ ਚਾਹੀਦੀ ਹੈ। ਸਮਾਜ ਦਾ ਅੱਧ ਔਰਤਾਂ ਦੀ ਰਚਨਾਤਮਕਤਾ ਦੇ ਪੈਰਾਂ ਵਿਚ ਪਈਆਂ ਦਸਤੂਰ ਦੀਆਂ ਬੇੜੀਆਂ ਨੂੰ ਤੋੜਨਾ ਬਹੁਤ ਜ਼ਰੂਰੀ ਹੈ।

ਪੰਜਾਬ ਦੀ ਇਤਿਹਾਸ-ਰਚੇਤਾ ਕਰਵਟ ਪੂਰੇ ਮੁਲਕ ਨੂੰ ਸੰਘ ਬਰਗੇਡ ਵਿਰੁੱਧ ਜੂਝਣ ਲਈ ਪ੍ਰੇਰਣਾ ਬਣੀ ਹੈ। ਭਾਰਤ ਦੇ ਹੋਰ ਹਿੱਸਿਆਂ ਦੇ ਬਹੁਤ ਸਾਰੇ ਲੋਕ ਪੰਜਾਬ ਦੀ ਸੰਘਰਸ਼ ਦੀ ਪਹਿਲ ਨੂੰ ਸਲਾਮ ਕਰਦੇ ਅਕਸਰ ਹੀ ਦੇਖੇ ਜਾ ਸਕਦੇ ਹਨ। ਪੰਜਾਬ ਦੇ ਸੰਘਰਸ਼ ਨੇ ਅੰਗਰੇਜ਼ ਬਸਤੀਵਾਦ ਵਿਰੁੱਧ ਜੰਗੇ-ਆਜ਼ਾਦੀ ਵਾਲੀ ਮੋਹਰੀ ਭੂਮਿਕਾ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਇਸ ਨੂੰ ਹਿੰਦੂਤਵ ਫਾਸ਼ੀਵਾਦ ਵਿਰੁੱਧ ਵਿਸ਼ਾਲ ਜਮਹੂਰੀ ਲੋਕ ਲਹਿਰ ਵਿਚ ਬਦਲਣ ਲਈ ਸੁਚੇਤ ਕੋਸ਼ਿਸ਼ਾਂ ਕੀਤੇ ਜਾਣ ਦੀ ਜ਼ਰੂਰਤ ਹੈ। ਜਿੱਥੇ ਬਾਕੀ ਮੁਲਕ ਦੇ ਅਵਾਮ ਨੂੰ ਸੰਘਰਸ਼ ਨਾਲ ਜੋੜਨ ਅਤੇ ਇਸ ਵਿਚ ਸ਼ਾਮਲ ਕਰਵਾਉਣ ਲਈ ਜ਼ੋਰਦਾਰ ਕੋਸ਼ਿਸ਼ਾਂ ਕਰਨ ਦੀ ਜ਼ਰੂਰਤ ਹੈ, ਉੱਥੇ ਪੰਜਾਬ ਵਿਚ ਦਲਿਤ ਭਾਈਚਾਰੇ ਅਤੇ ਸ਼ਹਿਰੀ ਵਰਗਾਂ ਨੂੰ ਸੰਘਰਸ਼ ਵਿਚ ਖਿੱਚਣ ਲਈ ਠੋਸ ਪ੍ਰੋਗਰਾਮ ਅਤੇ ਮੁਹਿੰਮਾਂ ਉਲੀਕਣੀਆਂ ਅਤੇ ਇਹਨਾਂ ਨੂੰ ਅੰਜਾਮ ਦੇਣਾ ਵੀ ਬਰਾਬਰ ਜ਼ਰੂਰੀ ਹੈ। ਅਜੇ ਤੱਕ ਇਹਨਾਂ ਹਿੱਸਿਆਂ ਦੀ ਸ਼ਮੂਲੀਅਤ ਬਹੁਤ ਨਿਗੂਣੀ ਅਤੇ ਇਕ ਤਰ੍ਹਾਂ ਨਾਲ ਹਮਦਰਦੀ ਤੱਕ ਸੀਮਤ ਹੈ।

ਆਉਣ ਵਾਲੇ ਦਿਨ ਸੰਘਰਸ਼ ਲਈ ਹੋਰ ਵੀ ਮਹੱਤਵਪੂਰਨ ਹਨ। ਸੱਤਾ ਉੱਪਰ ਕਾਬਜ਼ ਦੁਸ਼ਮਣ ਕੋਲ ਅਵਾਮ ਵਿਰੁੱਧ ਝੋਕਣ ਲਈ ਰਾਜ ਢਾਂਚੇ ਸਮੇਤ ਵਿਸ਼ਾਲ ਵਸੀਲੇ ਅਤੇ ਵੰਨ-ਸੁਵੰਨੀ ਤਾਕਤ ਹੈ। ਕਾਰਪੋਰੇਟ ਸਮੂਹ ਆਪਣੇ ਲੋਟੂ ਹਿਤਾਂ ਦੀ ਸਲਾਮਤੀ ਲਈ ਆਰ.ਐੱਸ.ਐੱਸ-ਭਾਜਪਾ ਹਕੂਮਤ ਦੇ ਬਚਾਓ ਲਈ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ। ਹਕੂਮਤ ਨੇ ਗੱਲਬਾਤ ਦਾ ਢੌਂਗ, ਸੋਧਾਂ ਦੀ ਪੇਸ਼ਕਸ਼, ਮੀਟਿੰਗਾਂ ਦੇ ਢੌਂਗੀ ਸੱਦੇ, ਸੰਘਰਸ਼ ਨੂੰ ਬਦਨਾਮ ਕਰਨ ਲਈ ਲਗਾਤਾਰ ਜ਼ਹਿਰੀਲਾ ਕੂੜ-ਪ੍ਰਚਾਰ, ਸੰਘਰਸ਼ ਨੂੰ ਲਮਕਾ ਕੇ ਹੰਭਾ ਦੇਣ ਦੀਆਂ ਚਾਲਾਂ ਸਮੇਤ ਮਨੂਵਾਦੀ ਹਕੂਮਤ ਨੇ ਸੰਘਰਸ਼ਸ਼ੀਲ ਤਾਕਤਾਂ ਵਿਰੁੱਧ ਹਰ ਮੁਹਾਜ਼ ਖੋਲ੍ਹਿਆ ਹੋਇਆ ਹੈ। ਮੀਡੀਆ ਦਾ ਬਦਕਾਰ ਹਿੱਸਾ ਉਹਨਾਂ ਦੇ ਹੱਥਾਂ ਵਿਚ ਬਹੁਤ ਵੱਡਾ ਸੰਦ ਹੈ। ਸੰਘਰਸ਼ ਦੇ ਆਗੂ ਅਤੇ ਸੰਘਰਸ਼ ਵਿਚ ਤਨਦੇਹੀ ਨਾਲ ਜੁੱਟੇ ਅਵਾਮ ਸੱਤਾ ਦੀਆਂ ਇਹਨਾਂ ਸਾਜ਼ਿਸ਼ਾਂ ਤੋਂ ਸੁਚੇਤ ਹਨ। ਉਹ ਭਗਵੀਂ ਹਕੂਮਤ ਦੀਆਂ ਐੱਮ.ਐੱਸ.ਪੀ. ਅਤੇ ਮੰਡੀਕਰਨ ਨੂੰ ਕੋਈ ਆਂਚ ਨਾ ਆਉਣ ਦੇਣ ਦੀਆਂ ਝੂਠੀਆਂ ਯਕੀਨ-ਦਹਾਨੀਆਂ ਉੱਪਰ ਯਕੀਨ ਕਿਉਂ ਕਰਨ, ਜਿਹਨਾਂ ਦੀ ਸਿਆਸਤ ਹੀ ਝੂਠ, ਜੁਮਲੇਬਾਜ਼ੀ, ਮੱਕਾਰੀ, ਧੋਖੇਬਾਜ਼ੀ ਅਤੇ ਵਿਸ਼ਵਾਸਘਾਤ ਉੱਪਰ ਟਿਕੀ ਹੋਈ ਹੈ।

ਸੰਘਰਸ਼ ਨੂੰ ਤੋੜਣ ਲਈ ਜਿੱਥੇ ਸੌੜੇ ਹਿਤਾਂ ਵਾਲੇ ਟੋਲੇ ਵਿਸ਼ਾਲ ਲੋਕ ਲਾਮਬੰਦੀ ਵਿਚ ਘੁਸਪੈਠ ਕਰਕੇ ਅਤੇ ਲੀਡਰਸ਼ਿਪ ਵਿਰੁੱਧ ਬੇਵਿਸ਼ਵਾਸੀ ਫੈਲਾ ਕੇ ਹਕੂਮਤ ਦੀਆਂ ਚਾਲਾਂ ਨੂੰ ਸੁਖਾਲਾ ਬਣਾ ਰਹੇ ਹਨ ਅਤੇ ਉਹਨਾਂ ਦੇ ਹੱਥਾਂ ਵਿਚ ਖੇਡ ਰਹੇ ਹਨ, ਉੱਥੇ ਆਰ.ਐੱਸ.ਐੱਸ. ਦਾ ਪੂਰਾ ਤਾਣਾਬਾਣਾ ਇਸ ਸੰਘਰਸ਼ ਨੂੰ ਤੋੜਨ ਲਈ ਚੁੱਪਚੁਪੀਤੇ ਸਰਗਰਮ ਹੈ। ਸਮਾਜਿਕ ਵੰਡੀਆਂ ਨੂੰ ਹਵਾ ਦੇ ਕੇ ਨਫ਼ਰਤ ਭੜਕਾਉਣ ਅਤੇ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਕਈ ਤਰ੍ਹਾਂ ਦੀਆਂ ਤਾਕਤਾਂ ਨੂੰ ਚੁੱਪਚੁਪੀਤੇ ਸ਼ਿੰਗਾਰਿਆ ਜਾ ਰਿਹਾ ਹੈ। ਸੱਤਾ ਦੀ ਲਾਲਸਾ ਪਾਲ ਰਹੇ ਕਈ ਤਰ੍ਹਾਂ ਦੇ ਵੋਟ ਬਟੋਰੂ ਅਨਸਰ ਆਰ.ਐੱਸ.ਐੱਸ.-ਬੀਜੇਪੀ ਕੋਲ ਵਿਕਣ ਲਈ ਅੰਦਰੋ-ਅੰਦਰੀ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੇ ਹਨ। ਸੱਤਾਧਾਰੀ ਧਿਰ ਇਹਨਾਂ ਨੂੰ ਆਪਣੇ ਮੋਹਰੇ ਬਣਾ ਕੇ ਇਸਤੇਮਾਲ ਕਰਨ ਲਈ ਢੁੱਕਵੇਂ ਮੌਕਿਆਂ ਦੀ ਤਲਾਸ਼ 'ਚ ਹੈ। ਇਸ ਸਭ ਤੋਂ ਖ਼ਤਰਨਾਕ ਗੇਮ ਦੀ ਸ਼ਨਾਖ਼ਤ ਕਰਨੀ ਅਤੇ ਇਸ ਨੂੰ ਪਛਾੜਨ ਦੀ ਯੋਜਨਾ ਬਣਾਉਣਾ ਜ਼ਰੂਰੀ ਹੈ।

ਸੰਘਰਸ਼ਸ਼ੀਲ ਤਾਕਤਾਂ ਨੂੰ ਵੀ ਅਵਾਮ ਦੇ ਮਨੁੱਖੀ ਵਸੀਲਿਆਂ ਨੂੰ ਮਜ਼ਬੂਤ ਲੋਕ ਚੇਤਨਾ ਅਤੇ ਹੋਰ ਵੀ ਤਕੜੀ ਸਮੂਹਿਕ ਤਾਕਤ ਵਿਚ ਬਦਲਣ ਲਈ ਸੰਭਾਵਨਾਵਾਂ ਨੂੰ ਫਰੋਲ ਕੇ ਇਹਨਾਂ ਦੀ ਜੰਗੀ ਪੱਧਰ 'ਤੇ ਲਾਮਬੰਦੀ ਲਈ ਪੂਰਾ ਤਾਣ ਲਗਾ ਦੇਣਾ ਚਾਹੀਦਾ ਹੈ। ਸੰਘਰਸ਼ ਦੀ ਆਗੂ ਗੁਲ਼ੀ ਨੂੰ ਬਹੁਤ ਹੀ ਸੁਚੇਤ ਹੋ ਕੇ ਅਤੇ ਹੋਰ ਵੀ ਗੰਭੀਰਤਾ ਤੇ ਸੰਜੀਦਗੀ ਨਾਲ ਫ਼ੈਸਲੇ ਲੈਣੇ ਪੈਣਗੇ ਤਾਂ ਜੁ ਸੱਤਾ ਦੀਆਂ ਸਿੱਧੀਆਂ ਅਸਿੱਧੀਆਂ ਤਾਕਤਾਂ ਕਿਸੇ ਕਮੀ ਜਾਂ ਗ਼ਲਤੀ ਦਾ ਲਾਹਾ ਨਾ ਲੈ ਸਕਣ। ਉਗਰਾਹਾਂ ਗਰੁੱਪ ਵੱਲੋਂ ਮਨੁੱਖੀ ਅਧਿਕਾਰ ਦਿਵਸ ਮਨਾਉਣਾ ਅਤੇ ਆਰ.ਐੱਸ.ਐੱਸ.-ਭਾਜਪਾ ਵੱਲੋਂ ਇਸ ਵਿਰੁੱਧ ਘਿਣਾਉਣੀ ਕੂੜ ਮੁਹਿੰਮ ਵਿੱਢੇ ਜਾਣ 'ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਨਾਲੋਂ ਤੋੜ-ਵਿਛੋੜਾ ਕਰਨਾ ਇਸ ਦੀ ਮਿਸਾਲ ਹੈ। ਸੰਘਰਸ਼ ਸ਼ਾਨਾਮੱਤੇ ਅੰਦਾਜ਼ 'ਚ ਫ਼ਤਹਿ ਦੇ ਮੁਕਾਮ 'ਤੇ ਪਹੁੰਚੇ, ਇਨਸਾਨੀਅਤ ਦੇ ਹਰ ਦਰਦਮੰਦ ਦੀ ਇਹੀ ਦੁਆ ਹੈ, ਇਹੀ ਦਿਲੀ ਖ਼ਵਾਹਿਸ਼ ਹੈ।

ਐਲਾਨਨਾਮੇ ਉੱਪਰ ਸਹੀ ਪਾਉਣ ਵਾਲੀ ਭਾਜਪਾ-ਆਰ.ਐੱਸ.ਐੱਸ. ਸਰਕਾਰ ਨੇ ਇਹ ਆਰਡੀਨੈਂਸ ਅਤੇ ਬਿੱਲ ਲਿਆਉਣ ਸਮੇਂ ਕਿਸਾਨਾਂ ਅਤੇ ਹੋਰ ਲੋਕਾਂ ਦੀ ਰਾਇ ਲੈਣ ਦੀ ਕੋਈ ਲੋੜ ਨਹੀਂ ਸਮਝੀ ਜਿਹਨਾਂ ਦੇ ਹਿਤਾਂ ਲਈ ਉਪਰੋਕਤ ਐਲਾਨਨਾਮਾ ਅਪਣਾਇਆ ਗਿਆ ਸੀ। ਹੁਣ ਜਦ ਹਕੂਮਤ ਦੀ ਕਾਰਪੋਰੇਟ ਹਿਤੈਸ਼ੀ ਗੇਮ ਨੂੰ ਸਮਝ ਚੁੱਕੇ ਕਿਸਾਨ ਅਤੇ ਹੋਰ ਲੋਕ ਖੇਤੀ ਦੀ ਤਰੱਕੀ ਦੀਆਂ ਝੂਠੀਆਂ ਯਕੀਨਦਹਾਨੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹਨ ਅਤੇ ਇਹਨਾਂ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਬੇਮਿਸਾਲ ਤਹੱਮਲ, ਸੂਝਬੂਝ ਅਤੇ ਜ਼ਾਬਤੇ ਨਾਲ ਇਤਿਹਾਸਕ ਸੰਘਰਸ਼ ਲੜ ਰਹੇ ਹਨ ਤਾਂ ਇਕਜੁੱਟ ਲੋਕ ਰਾਇ ਨੂੰ ਸਵੀਕਾਰ ਕਰਨ ਦੀ ਬਜਾਏ ਸੱਤਾਧਾਰੀ ਧਿਰ ਤਾਨਾਸ਼ਾਹ ਦਸਤੂਰ ਨੂੰ ਜਾਇਜ਼ ਠਹਿਰਾਉਣ ਲਈ ਘਿਣਾਉਣੀਆਂ ਚਾਲਾਂ ਚੱਲ ਰਹੀ ਹੈ। ਖ਼ਾਲਸਤਾਨੀ ਘੁਸਪੈਠ, ਮਾਓਵਾਦੀ ਘੁਸਪੈਠ ਦੀਆਂ ਮਨਘੜਤ ਕਹਾਣੀਆਂ ਇਸੇ ਦਾ ਹਿੱਸਾ ਹੈ। ਖ਼ਾਲਸਤਾਨੀਆਂ ਜਾਂ ਮਾਓਵਾਦੀਆਂ ਦੇ ਵਿਚਾਰਧਾਰਕ-ਰਾਜਨੀਤਕ ਏਜੰਡਿਆਂ ਅਤੇ ਉਹਨਾਂ ਦੇ ਲੜਨ ਦੇ ਢੰਗਾਂ ਬਾਰੇ ਬਹੁਤ ਸਾਰੇ ਲੋਕਾਂ ਦੀ ਅਸਹਿਮਤੀ ਹੋਵੇਗੀ, ਲੇਕਿਨ ਉਹ ਆਰ.ਐੱਸ.ਐੱਸ.-ਭਾਜਪਾ ਅਤੇ ਭਾਰਤ ਦੇ ਹੋਰ ਬਦਕਾਰ ਮੁੱਖਧਾਰਾ ਰਾਜਨੀਤਕ ਕੋੜਮੇ ਦੀ ਤਰ੍ਹਾਂ ਬਦੇਸ਼ੀ-ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਦਲਾਲ ਨਹੀਂ ਹਨ।

ਨਜਾਇਜ਼ ਹੀ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕਿਸ ਮੰਚ ਤੋਂ, ਕਦੋਂ ਅਤੇ ਕਿਵੇਂ ਉਠਾਈ ਜਾਵੇ, ਇਸ ਨਾਲ ਕਿਸੇ ਦੀ ਅਸਹਿਮਤੀ ਹੋ ਸਕਦੀ ਹੈ। ਸਵਾਲ ਤਾਂ ਇਹ ਹੈ ਕਿ ਕਿਸੇ ਕਿਸਾਨ ਜਥੇਬੰਦੀ ਵੱਲੋਂ ਮਨੁੱਖੀ ਅਧਿਕਾਰ ਦਿਵਸ ਮਨਾਉਣਾ ਗੁਨਾਹ ਕਿਵੇਂ ਹੋ ਗਿਆ ਜੋ 1948 'ਚ ਸੰਯੁਕਤ ਰਾਸ਼ਟਰ ਵਿਚ ਐਲਾਨਨਾਮੇ ਦੇ ਤੌਰ 'ਤੇ ਅਪਣਾਏ ਜਾਣ ਤੋਂ ਬਾਦ ਕੁਲ ਦੁਨੀਆ ਵਿਚ ਪ੍ਰਵਾਨਤ ਹੈ। ਮੁਲਕ ਦੇ ਬਾਕੀ ਹਿੱਸਿਆਂ ਦੀਆਂ ਕਿਸਾਨ ਜਥੇਬੰਦੀਆਂ ਦੀ ਗੱਲ ਵੱਖਰੀ ਹੈ, ਉਹਨਾਂ ਵਿੱਚੋਂ ਜ਼ਿਆਦਾਤਰ ਜਾਂ ਤਾਂ ਵੱਡੇ ਫਾਰਮਰਾਂ ਦੇ ਸਮੂਹ ਹਨ ਜਿਹਨਾਂ ਦਾ ਸੱਤਾ ਦੇ ਗਲਿਆਰਿਆਂ ਨਾਲ ਗੂੜ੍ਹਾ ਰਿਸ਼ਤਾ ਹੈ। ਜ਼ਿਆਦਾਤਰ ਜਥੇਬੰਦੀਆਂ ਅੰਨ੍ਹੇ ਰਾਸ਼ਟਰਵਾਦ ਦੀਆਂ ਪੈਰੋਕਾਰ ਵੀ ਹਨ ਜਿਹਨਾਂ ਦਾ ਮਨੁੱਖੀ ਤੇ ਜਮਹੂਰੀ ਸਰੋਕਾਰਾਂ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਲੇਕਿਨ ਪੰਜਾਬ ਦੀਆਂ ਮੁੱਖ ਕਿਸਾਨ ਜਥੇਬੰਦੀਆਂ ਦੀ ਇਹਨਾਂ ਹੱਕਾਂ ਅਤੇ ਸਰੋਕਾਰਾਂ ਨਾਲ ਇਕ ਵਚਨਬੱਧਤਾ ਹੈ। ਉਹਨਾਂ ਦੇ ਸਾਂਝੇ ਮੰਗ-ਪੱਤਰ ਵਿਚ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਨਾ ਸਿਰਫ਼ ਮੁੱਖ ਮੰਗਾਂ ਵਿਚ ਸ਼ੁਮਾਰ ਰਹੀ ਹੈ ਸਗੋਂ ਪਿਛਲੇ ਮਹੀਨਿਆਂ ਵਿਚ ਪੱਕੇ ਕਿਸਾਨ ਮੋਰਚਿਆਂ ਵਿਚ ਇਹ ਮੰਗ ਪੂਰੀ ਗੰਭੀਰਤਾ ਅਤੇ ਧੜੱਲੇ ਨਾਲ ਉਠਾਈ ਜਾਂਦੀ ਰਹੀ ਹੈ। ਇਹਨਾਂ ਸ਼ਖ਼ਸੀਅਤਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ 'ਤੇ 13 ਸਤੰਬਰ 2018 ਨੂੰ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੇ ਲੋਕ ਬੁੱਧੀਜੀਵੀਆਂ ਦੀ ਢਾਲ ਬਣਕੇ ਮੋਹਾਲੀ ਵਿਚ ਵਿਸ਼ਾਲ ਮੁਜ਼ਾਹਰਾ ਕੀਤਾ ਸੀ। ਚਿੰਤਾਜਨਕ ਗੱਲ ਇਹ ਹੈ ਕਿ ਮਨੁੱਖੀ ਅਧਿਕਾਰ ਦਿਵਸ ਮਨਾਏ ਜਾਣ ਦੇ ਬਹਾਨੇ ਹਿੰਦੂਤਵ ਦੇ ਸ਼ਾਤਰ ਵਾਰ ਨੇ ਕਿਸਾਨ ਆਗੂਆਂ ਨੂੰ ਉਲਝਾ ਲਿਆ। 30 ਕਿਸਾਨ ਜਥੇਬੰਦੀਆਂ ਦਾ ਸਾਂਝਾ ਬਿਆਨ ਤਾਂ ਇਹ ਕਹਿਣ ਦੀ ਹੱਦ ਤੱਕ ਚਲਾ ਗਿਆ ਕਿ 'ਬੀ.ਕੇ.ਯੂ. (ਏਕਤਾ ਉਗਰਾਹਾਂ) ਵੱਲੋਂ ਜਥੇਬੰਦ ਕੀਤੇ ਸਮਾਗਮ ਦਾ ਕਿਸਾਨ ਸੰਘਰਸ਼ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਦੀ ਕਾਰਵਾਈ ਨੇ ਕਿਸਾਨ ਸੰਘਰਸ਼ ਨੂੰ ਨੁਕਸਾਨ ਪਹੁੰਚਾਇਆ ਹੈ।' ਹੱਕਾਂ ਪ੍ਰਤੀ ਪ੍ਰਤੀਬੱਧ ਆਗੂਆਂ ਨੇ ਇਹ ਬਿਆਨ ਦੇਣ ਵੇਲੇ ਇਹ ਹਕੀਕਤ ਮਨੋਂ ਵਿਸਾਰ ਦਿੱਤੀ ਕਿ ਆਰ.ਐੱਸ.ਐੱਸ.-ਭਾਜਪਾ ਇਕ ਫਾਸ਼ੀਵਾਦੀ ਤਾਕਤ ਹੈ, ਜੋ ਇਕ ਇਕ ਕਰਕੇ ਆਪਣੇ ਦੁਸ਼ਮਣਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਪਾਸਟਰ ਨਿਮੋਲਰ ਦੇ ਕਥਨ ਨੂੰ ਭਾਰਤ ਦੇ ਹਾਲਾਤ ਵਿਚ ਇਸ ਤਰ੍ਹਾਂ ਮੁੜ ਸਿਰਜਿਆ ਜਾ ਸਕਦਾ ਹੈ: 'ਪਹਿਲਾਂ ਉਹ ਮੁਸਲਮਾਨਾਂ ਉਪਰੇ, ਫਿਰ ਉਹ ਜੇ.ਐੱਨ.ਯੂ. ਅਤੇ ਲੋਕ ਬੁੱਧੀਜੀਵੀਆਂ ਉੱਪਰ, ਫਿਰ ਉਹ ਕਸ਼ਮੀਰ ਉੱਪਰ, ਫਿਰ ਉਹ ਸ਼ਾਹੀਨ ਬਾਗ਼ ਅਤੇ ਸੀਏਏ ਵਿਰੋਧੀ ਕਾਰਕੁੰਨਾਂ ਉੱਪਰ ਝਪਟੇ। ਉਹ ਦਿਨ ਦੂਰ ਨਹੀਂ ਜਦ ਆਖ਼ਿਰਕਾਰ ਉਹ ਬਾਕੀਆਂ ਉੱਪਰ ਵੀ ਝਪਟਣਗੇ ਅਤੇ ਉਦੋਂ ਇਹਨਾਂ ਆਖ਼ਰੀ ਹਿੱਸਿਆਂ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲਾ ਕੋਈ ਨਹੀਂ ਬਚੇਗਾ।' ਕਿਸਾਨ ਆਗੂਓ, ਤੁਸੀਂ ਆਪਣੇ ਮੰਚ ਉੱਪਰ ਇਸ ਵਕਤ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਉਠਾਉਣਾ ਉਚਿਤ ਨਹੀਂ ਸਮਝਦੇ ਤਾਂ ਨਾ ਉਠਾਓ। ਲੇਕਿਨ ਤੁਸੀਂ ਇਹ ਤਾਂ ਡੱਟ ਕੇ ਕਹੋ ਕਿ ਇਹ ਮੰਗ ਕਰਨਾ ਨਾਗਰਿਕਾਂ ਦਾ ਸੰਵਿਧਾਨਕ ਹੱਕ ਹੈ, ਇਹ ਕੋਈ ਗੁਨਾਹ ਨਹੀਂ ਹੈ ਅਤੇ ਸਰਕਾਰ ਘੁਸਪੈਠ ਦਾ ਹੋ-ਹੱਲਾ ਮਚਾ ਕੇ ਅਸਲ ਮੁੱਦੇ ਤੋਂ ਧਿਆਨ ਹਟਾਉਣਾ ਬੰਦ ਕਰੇ।

ਜੇ ਵਿਚਾਰ ਪ੍ਰਗਟਾਵੇ ਦੇ ਹੱਕ ਸਮੇਤ ਮਨੁੱਖੀ ਅਤੇ ਜਮਹੂਰੀ ਹੱਕਾਂ ਦੀ ਰਾਖੀ ਦਾ ਸਵਾਲ ਕਿਸਾਨ ਜਥੇਬੰਦੀਆਂ ਦੀ ਸੋਚ ਦਾ ਹਿੱਸਾ ਨਹੀਂ ਬਣਦਾ ਤਾਂ ਉਹ ਆਪਣੀ ਸੌੜੀ ਤਬਕਾਤੀ ਲੜਾਈ ਤੋਂ ਉੱਪਰ ਨਹੀਂ ਉੱਠ ਸਕਣਗੀਆਂ। ਉਹ ਸਮਾਜੀ ਨਿਆਂ ਨੂੰ ਮੁਖ਼ਾਤਿਬ ਸੱਚੀ ਤਾਕਤ ਨਹੀਂ ਬਣ ਸਕਣਗੀਆਂ। ਮੌਜੂਦਾ ਲੋਕ ਉਭਾਰ ਨੂੰ ਇਹਨਾਂ ਹੱਕਾਂ ਦੀ ਰਾਖੀ ਦੀ ਚੇਤਨਾ ਤੱਕ ਉੱਚਾ ਚੁੱਕਣਾ ਵੀ ਮਹੱਤਵਪੂਰਨ ਕਾਰਜ ਹੋਣਾ ਚਾਹੀਦਾ ਹੈ।

# ਕਿਸਾਨ ਸਾਂਝਾ ਮੋਰਚੇ ਦਾ ਸੰਕਲਪ ਅਤੇ ਰੇੜਕਾ ਪਾਊ ਕੌਣ ?

ਐਸ ਐਸ ਆਜਾਦ




ਪੰਜਾਬ ਦੀਆਂ ਕਿਸਾਨ ਯੂਨੀਅਨਾਂ ਤੇ ਜਥੇਬੰਦੀਆਂ ਕਰੀਬ ੩੫ ਸਾਲਾਂ ਤੋਂ ਵੱਖੋ ਵੱਖਰੇ ਤੌਰ ਉੱਤੇ ਕਿਸਾਨੀ ਹਿੱਤਾਂ ਨੂੰ ਲੈਕੇ ਅੰਦੋਲਨ ਕਰਦੀਆਂ ਆ ਰਹੀਆਂ ਹਨ। ਕਈ ਵਾਰ ਸਾਂਝੇ ਮੁੱਦਿਆਂ ਨੂੰ ਲੈਕੇ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਸਾਂਝੇ ਘੋਲ ਲੜਕੇ ਜਿਤਾਂ ਪ੍ਰਾਪਤ ਕੀਤੀਆਂ। ਘੋਲਾਂ ਅੰਦਰ ਕਿਸਾਨ ਆਗੂ ਤੇ ਵਰਕਰ ਸ਼ਹੀਦ ਵੀ ਹੋਏ ਤੇ ਝੂਠੇ ਸੰਗੀਨ ਮੁਕਦਮਿਆਂ ਵਿੱਚ ਫਸਾਏ ਗਏ। ਮਿਸਾਲ ਵਜੋਂ ਫਸਲਾਂ ਦੇ ਭਾਅ ਤੈਅ ਕਰਨ, ਬਿਜਲੀ ਥਰਮਲ ਪਲਾਂਟਾਂ ਤੇ ਰਾਜ ਮਾਰਗਾਂ ਲਈ ਸਸਤੇ ਭਾਅ ਜਮੀਨ ਹਾਸਲ ਕਰਨ ਵਿਰੁੱਧ ਘੋਲ, ਸਰਕਾਰੀ ਦਮਨ ਵਿਰੁੱਧ ਤੇ ਖਾਸ ਕਰਕੇ ਕਿਸਾਨਾਂ ਵਲੋਂ ਕੀਤੀਆਂ ਖੁਦਕੁਸੀ ਤੇ ਬੈਂਕ ਕਰਜ਼ਿਆਂ ਦੀ ਮੁਆਫੀ ਲਈ ਸੰਘਰਸ ਕੀਤੇ ਗਏ। ਉਸ ਸਮੇਂ ਕਿਸੇ ਵੀ ਹੁਕਮਰਾਨ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਆਦਿ ਨੇ ਹਮਾਇਤ ਨਹੀਂ ਕੀਤੀ ਕਿਉਂਕਿ ਘੋਲ ਉਨ੍ਹਾਂ ਦੀਆਂ ਸਰਕਾਰਾਂ ਵਿਰੁੱਧ ਲੜੇ ਜਾਂਦੇ ਰਹੇ ਹਨ। ਸੋ ਉਸ ਸਮੇਂ ਤੋਂ ਹੀ ਸਾਂਝਾ ਘੋਲ ਲੜਨ ਦੀ ਰਣਨੀਤੀ ਤਹਿ ਕੀਤੀ ਜਾਂਦੀ ਰਹੀ ਹੈ।

1. ਪਹਿਲਾਂ ਨੁਕਤਾ ਕਿਸਾਨ ਭਖਦੇ ਮਸਲੇ ਲਈ ਸਹਿਮਤ ਹੋਣਾ ਜਰੂਰੀ ਹੈ।
2. ਤਾਲਮੇਲ ਕਰਨ ਲਈ ਕਿਸਾਨ ਜਥੇਬੰਦੀ ਦਾ ਆਪਣਾ ਕਿਸਾਨੀ ਪ੍ਰੋਗਰਾਮ, ਝੰਡਾ ਤੇ ਸਰਗੀਮੀਆਂ ਕਰਨ ਦਾ ਤਜਰਬਾ ਹੋਵੇ।
3. ਜੋ ਮੰਗਾਂ ਉਪਰ ਸਹਿਮਤੀ ਹੋਵੇ ਸਰਬ ਸੰਮਤੀ ਨਾਲ ਸੰਘਰਸ ਕਰਨ ਦੀ ਰੂਪ-ਰੇਖਾ ਤਹਿ ਕਰਨ ਦੇ ਨਾਲ ਸਾਂਝਾ ਫੰਡ ਇਕੱਠਾ ਕਰਨਾ।
4. ਜੋ ਕਿਸਾਨ ਜਥੇਬੰਦੀਆਂ ਸੰਘਰਸ ਕਰਨ ਲਈ ਤਾਲਮੇਲ ਕਮੇਟੀ ਬਣਾਈ ਗਈ ਉਸ ਦਾ ਡਿਸਪਲੈਨ ਤੇ ਅਗਵਾਈ ਦਿਰੜਤਾ ਨਾਲ ਸਵੀਕਾਰ ਕਰਨੀ ।
5. ਤਾਲਮੇਲ ਕਮੇਟੀ ਦੇ ਅੰਦਰ ਹੀ ਮੱਤਭੇਦ ਤੇ ਦਾਅਪੇਚ ਤੇ ਸੋਧ ਦੇ ਵਿਖਰੇਵੇਂ ਤਹਿ ਕਰਨੇ ਬਾਹਰ ਮਤਭੇਦ ਉਭਾਰਨ ਤੋਂ ਗੁਰੇਜ ਕਰਨਾ।
6. ਸਟੇਜਾਂ ਉਪਰ ਕਿਸਾਨ ਆਗੂ ਘੋਲ ਦੇ ਤਹਿਸੁਦਾ ਮੁਦਿਆਂ ਨੂੰ ਲੈਕੇ ਭਾਸਣ ਕਰਨ ਨਾਂ ਕਿ ਆਪ ਮੁਹਾਰੇ ਭਾਸਣਬਾਜੀ ਕਰਨ।
7. ਸੰਘਰਸ ਵਿੱਚ ਫੁੱਟ ਪਾਉਣ ਤੇ ਹੁਲੜਬਾਜੀ ਕਰਨ ਵਾਲੀ ਧਿਰ ਤੇ ਅੰਸਰਾਂ ਨੂੰ ਬਾਹਰ ਕਢਿਆ ਜਾਵੇ ।
8. ਸਰਕਾਰੀ ਧਿਰ ਨਾਲ ਗਲਬਾਤ, ਵਿਚਾਰ ਚਰਚਾ ਤੇ ਸਮਝਾਉਤਾ ਸਰਬਸੰਮਤੀ ਨਾਲ ਚੁਣੇ ਨੁਮਾਇੰਦਿਆਂ ਰਾਹੀਂ ਤਾਲਮੇਲ ਕਮੇਟੀ ਦੀ ਰਜਾਮੰਦੀ ਨਾਲ ਹੋਵੇ ਤੇ ਸਾਮਲ ਸੰਗਠਨ ਪ੍ਰਵਾਨ ਕਰਨ।
9. ਕਿਸਾਨ ਸੰਗਠਨ ਕਿਸੇ ਰਾਜਸੀ ਪਾਰਟੀ, ਧਰਮ ਜਾਤੀ ਤੇ ਫਿਰਕੇ ਦੀ ਵਿਚਾਰਧਾਰਾ, ਰਾਜਨੀਤੀ ਤੇ ਝੰਡੇ ਪਰਾਪੋਗੰਡੇ ਦੀ ਵਰਤੋਂ ਨਾਂ ਕਰਨ । ਜੇਕਰ ਕੋਈ ਬਾਹਰੋਂ ਹਮਾਇਤ ਕਰਦਾ ਹੈ ਤਾਂ ਕਿਸਾਨ ਮੁਦਿਆਂ ਨੂੰ ਲੈਕੇ ਕਰੇ।

ਇਨ੍ਹਾਂ ਨੀਤੀ ਨਿਰਨਿਆਂ ਨੂੰ ਆਮ ਤੌਰ ਉਤੇ ਮੌਜੂਦਾ ਚਲ ਰਹੇ ਕਿਸਾਨ ਸੰਘਰਸ ਦੇ ਸੰਯੁਕਤ ਕਿਸਾਨ ਮੋਰਚਾ ਦਿੱਲੀ (ਭਾਰਤ) ਦੀ ਲੀਡਰਸ਼ਿਪ ਨੇ ਅਪਣਾਇਆ ਹੈ। ਮੋਦੀ ਕੇਂਦਰੀ ਸਰਕਾਰ ਵਿਰੁੱਧ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨ ਰੱਦ ਕਰਾਉਣ ਤੇ ਦੋ ਬਿੱਲ ਵਾਪਸ ਲੈਣ ਲਈ ਸੰਘਰਸ ਵਿੱਢਿਆ ਤੇ ਇਨ੍ਹਾਂ ਮੁੱਦਿਆਂ ਨੂੰ ਲੈਕੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨਾਲ ਪੰਜਵੇਂ ਗੇੜ ਦੀ ਵਾਰਤਾ ਤੋਂ ਬਾਅਦ ਸਰਕਾਰ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਹੱਥਕੰਡੇ ਵਰਤਦੀ ਗਲਬਾਤ ਕਰਨ ਤੋਂ ਟਾਲਾ ਵੱਟ ਗਈ ਹੈ ।

**ਕਿਸਾਨ ਅੰਦੋਲਨ 'ਚ ਰੇੜਕਾ ਪਾਉਣ ਵਾਲੇ ਕੌਣ ?**

ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਕੇਂਦਰ ਸਰਕਾਰ ਨੇ ਰੇੜਕਾ ਪਾਉਣਾ ਸੁਰੂ ਕਰਨ ਤੇ ਅੰਦਰ ਖਰਲ ਪਾਉਣ ਦੇ ਯਤਨ ਕੀਤੇ ਗਏ। ਪੰਜਾਬ ਅੰਦਰ ਤੀਹ ਕਿਸਾਨ ਜਥੇਬੰਦੀਆਂ ਸਾਂਝੇ ਮੁਦਿਆਂ ਨੂੰ ਲੈਕੇ ਸੰਘਰਸ ਕਰਨ ਲਗੀਆਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਵਖਰਾ ਘੋਲ ਲੜਦੇ ਤਾਲਮੇਲ ਕਮੇਟੀ ਦੀ ਹਮਾਇਤ ਕੀਤੀ। ਉਸ ਵੱਲੋਂ 60 ਥਾਂਵਾਂ ਤੇ ਤੀਹ ਕਿਸਾਨ ਜਥੇਬੰਦੀਆਂ ਨੇ 58 ਥਾਂਵਾਂ ਉਪਰ ਮੋਰਚੇ ਲਾਕੇ ਪੰਜਾਬ ਤੇ ਕੇਂਦਰ ਸਰਕਾਰ ਦੇ ਟੇਟੂਏ ਹਿਲਾ ਦਿੱਤੇ। ਪੰਜਾਬ ਦੀ ਕੈਪਟਨ ਸਰਕਾਰ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਲਗ ਪਈ ਤੇ ਕਾਂਗਰਸ ਨੇ ਵੱਖਰੇ ਤੌਰ 'ਤੇ ਕਿਸਾਨ ਘੋਲ ਕਰਨਾ ਚਾਹਿਆ ਪਰ ਕਾਮਯਾਬ ਨਾਂ ਹੋਈ । ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪਹਿਲਾਂ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ ਅਖੀਰ ਕਿਸਾਨ ਸੰਘਰਸ ਅਗੇ ਵਕਤੀ ਝੁਕਕੇ ਹਮਾਇਤ ਕਰਨ ਲਗਾ ਲੇਕਿਨ ਕਿਸਾਨ ਆਗੂਆਂ ਨੇ ਝੰਡੇ ਲੈਕੇ ਆਉਣ ਤੇ ਸਟੇਜ ਉਪਰ ਸਿਆਸੀ ਪਾਰਟੀ ਲੀਡਰਾਂ ਉਤੇ ਰੋਕ ਲਗਾ ਦਿੱਤੀ ਸੰਯੁਕਤ ਕਿਸਾਨ ਮੋਰਚਾ ਨੇ ਵੀ ਇਹੋ ਪੈਂਤੜਾ ਲਿਆ। ਪਰ ਅਕਾਲੀ ਦਲ ਬਾਦਲ ਤੇ ਹੋਰ ਅਕਾਲੀ ਦਲਾਂ ਨੇ ਵਰਕਰ ਦਿਲੀ ਮੋਰਚੇ ਚ ਸਾਮਲ ਕਰਕੇ ਆਪਹੁਦਰਾਪਣ ਕਰਨਾ ਸੁਰੂ ਕੀਤਾ । ਉਨ੍ਹਾਂ ਦਾ ਸਾਥ ਖਾਲਿਸਤਾਨੀ ਤੇ ਹੋ ਗਰਮਖਿਆਲੀ ਖਾਲਸਾ ਪੰਥ ਪ੍ਰਸਤ ਦੇਣ ਲੱਗੇ। ਅਜੇਹਾ ਕੁਝ ਕਰਨ ਦੀ ਯੋਜਨਾ ਪੰਜਾਬ ਵਿੱਚ ਬਣਾਈ ਗਈ। ਮੁੰਬਈ ਤੋਂ ਦੀਪ ਸਿੱਧੂ ਐਕਟਰ ਜੋ ਭਾਜਪਾ ਦੇ ਐਮ ਪੀ ਸੰਨੀ ਦਿਓਲ ਨੂੰ ਜਿਤਾਉਣ ਲਈ ਅਕਾਲੀ ਦਲ ਬਾਦਲ ਹੋਰਾਂ ਨਾਲ ਮਿਲਕੇ ਮੋਹਰੀ ਹੋਣ ਦਾ ਰੋਲ ਨਿਭਾ ਰਿਹਾ ਸੀ ਅਚਾਨਕ ਕਿਸਾਨ ਸੰਘਰਸ ਦੀ ਹਮਾਇਤ ਕਰਨ ਲਈ ਆਣ ਟਪਕਿਆ। ਉਸ ਦਾ ਨੋਜਵਾਨਾਂ ਨੇ ਬੜਾ ਸਵਾਗਤ ਕੀਤਾ। ਦੀਪ ਸਿੱਧੂ ਨੇ ਆਪਣੀ ਭੱਲ ਬਨਾਉਣ ਲਈ ਕਿਸਾਨ ਸੰਘਰਸ ਕਮੇਟੀ 'ਤੇ ਕਮਿਊਨਿਸਟਾਂ ਵਿਰੋਧੀ ਫਿਰਕੂ ਤੇ ਦੋਫਾੜ ਪਾਉਣ ਲਈ ਦੁਸਣਬਾਜੀ ਸੁਰੂ ਕਰਕੇ ਸੰਭੂ ਮੋਰਚਾ ਗੱਡ ਲਿਆ। ਜਿਸ ਦਾ ਨਾਂ ਕੋਈ ਕਿਸਾਨ ਪੱਖੀ ਪ੍ਰੋਗਰਾਮ ਨਾਂ ਝੰਡਾ ਸੀ । ਕਹੇ ਮੈਂ ਵੀ ਸਿੱਖ ਕੌਮ ਤੇ ਜੱਟ ਦਾ ਪੁੱਤ ਹਾਂ। ਉਸ ਦੀਆਂ ਦੁਫੇੜ ਪਾਉਣ ਹਰਕਤਾਂ ਕਰਕੇ ਉਸ ਨਾਲ ਕਿਸਾਨ ਤਾਲਮੇਲ ਕਮੇਟੀਆਂ ਨੇ ਦੂਰੀ ਬਣਾ ਲਈ। ਸ਼ੰਭੂ ਮੋਰਚੇ ਵਿੱਚ ਅਕਾਲੀ ਦਲ ਮਾਨ, ਬਾਦਲ ਤੇ ਖਾਲਿਸਤਾਨੀ ਲਾਮਬੰਦ ਹੋਣੇ ਸ਼ੁਰੂ ਹੋ ਗਏ। ਖਾਲਿਸਤਾਨ ਦੇ ਪੱਖ 'ਚ ਭਾਸ਼ਣਬਾਜੀ ਤੇ ਬੜਕਾਂ ਮਾਰਨ ਲੱਗੇ। ਸੰਤ ਢੱਡਰੀਆਂ ਵਾਲੇ ਨੇ ਹਮਾਇਤ ਕਰਨੀ ਬੰਦ ਕਰਤੀ। ਲੱਖਾਂ ਸਿੱਧਾਂਣਾ ਤੇ ਅਜਮੇਰ ਸਿੰਘ ਸਭੀਏ ਵੀ ਪਾਸਾ ਵੱਟ ਗਏ। ਪੰਜਾਬ ਸਰਕਾਰ ਹਰਕਤ ਵਿਚ ਆਈ ਵੇਖਕੇ ਸੰਭੂ ਮੋਰਚੇ ਦੀ ਰੋਣਕ ਘਟ ਗਈ। ਦੀਪ ਸਿੱਧੂ ਸੋਸ਼ਲ ਮੀਡੀਆ ਤੇ ਬਿਆਨਬਾਜ਼ੀ ਕਰਨ ਤੱਕ ਸੀਮਿਤ ਹੋ ਗਿਆ।

ਕਿਸਾਨ ਸੰਘਰਸ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਦਿਲੀ ਜਾਣ ਲਈ ਟਰੈਕਟਰ ਟਰਾਲੀਆਂ ਤੇ ਰਾਸਣ ਪਾਣੀ ਲੈਕੇ ਪੱਕੇ ਮੋਰਚੇ ਲਾਉਣ ਦਾ ਐਲਾਨ ਕਰ ਦਿੱਤਾ ਕਿਸਾਨ ਕਾਫਲੇ ਰੋਕਣ ਲਈ ਹਰਿਆਣਾ ਖੱਟਰ ਸਰਕਾਰ ਨੇ ਸੰਭੂ ਖਨੌਰੀ ਦਬਵਾਲੀ ਤੋਂ ਲੈਕੇ ਦਿੱਲੀ ਰਾਜ ਮਾਰਗਾਂ ਉੱਤੇ ਵੱਡੀਆਂ ਰੋਕਾਂ ਲਾਕੇ ਪੁਲਿਸ ਤੇ ਪੈਰਾਂ ਮਿਲਟਰੀ ਗਾਰਦਾਂ ਬਿਠਾ ਦਿੱਤੀਆਂ। ਇਨ੍ਹਾਂ ਬੈਰੀਅਰਾਂ ਨੂੰ ਤੋੜਨ ਲਈ ਹਰਿਆਣਾ ਦੀਆਂ ਕਿਸਾਨ ਯੂਨੀਅਨਾਂ ਤੇ ਨੌਜਵਾਨ ਹਮਾਇਤ ਉਪਰ ਆਏ। ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚਟੂਨੀ ਨੇ ਪਹਿਲ ਕਦਮੀ ਕਰਕੇ ਸੰਭੂ ਬਾਰਡਰ ਤੇ ਇਕੱਠੀਆਂ ਹੋਈਆਂ ਪੰਜਾਬ ਕਿਸਾਨ ਯੂਨੀਅਨਾਂ ਨਾਲ ਮਿਲਕੇ ਨੌਜਵਾਨਾਂ ਦੀ ਤਾਕਤ ਨਾਲ ਸੰਭੂ ਬੈਰੀਅਰ ਖੇਦੜਕੇ ਕਿਸਾਨ ਦਲਾਂ ਬਲਾਂ ਨਾਲ ਅਗੇ ਵਧਣਾ ਸੁਰੂ ਕੀਤਾ ਦੀਪ ਸਿੱਧੂ ਹੋਰਾਂ ਨੇ ਕੋਈ ਬੈਰੀਅਰ ਨਹੀਂ ਤੋੜੇ।

ਗੁਰਨਾਮ ਸਿੰਘ ਚਟੂਨੀ ਹੋਰਾਂ ਦੇ ਤੂਫਾਨੀ ਕਾਫਲੇ ਬੈਰੀਅਰ ਤੜਦੇ ਤੇ ਪੁਲਿਸ ਬਲਾਂ ਨੂੰ ਪਿਛਾਂਹ ਧਕਦੇ ਹੋਏ ਪਿੱਪਲੀ ਬੈਰੀਅਰ ਤੋੜੇ ਪਾਣੀ ਦੀਆਂ ਬੁਛਾੜਾਂ ਬੰਦ ਕਰਨ ਲਈ ਹਰਿਆਣਾ ਦੇ ਨੌਜਵਾਨ ਨਵਦੀਪ ਸਿੰਘ ਨੇ ਹਿੰਮਤ ਕੀਤੀ ਜਲ ਤੋਪ ਬੰਦ ਕਰਕੇ ਟਰਾਲੀ ਵਿਚ ਛਲਾਂਗ ਮਾਰਦੇ ਵੀਡੀਓ ਵਾਇਰਲ ਹੋਣ ਉਤੇ ਨੌਜਵਾਨਾਂ ਵਿਚ ਜੋਸ ਭਰ ਗਿਆ ਤੇ 25 ਨਵੰਬਰ ਨੂੰ ਗੁਰਨਾਮ ਸਿੰਘ ਪੰਜਾਬ ਦੇ ਕਿਸਾਨ ਕਾਫਲਿਆਂ ਸਮੇਤ ਸਿੰਘੂ ਬਾਡਰ ਉਤੇ ਪਹੁੰਚ ਕੇ ਦਿੱਲੀ ਪੁਲਿਸ ਦੇ ਬੈਰੀਅਰ ਤੋੜੇ ਪਾਣੀ ਦੀਆਂ ਬੁਛਾੜਾਂ ਤੇ ਅੱਥਰੂ ਗੈਸ ਦੇ ਗੋਲਿਆਂ ਤੇ ਲਾਠੀਚਾਰਜ ਦਾ ਸਾਹਮਣਾ ਕਰਕੇ ਮੋਰਚਾ ਫਤਿਹ ਕੀਤਾ। (ਯਾਦ ਰਹੇ ਗੁਰਨਾਮ ਸਿੰਘ ਚਟੂਨੀ, ਨੌਜਵਾਨ ਨਵਦੀਪ ਸਿੰਘ ਤੇ ਉਸ ਦੇ ਪਿਤਾ ਜੈ ਸਿੰਘ ਉਪਰ ਝੂਠੇ ਕਤਲ ਤੇ ਹੋਰ ਸੰਗੀਨ ਕੇਸ ਦਰਜ ਕੀਤੇ ਫੇਰ ਅਜਿਹੇ ਕੇਸ ਪੰਥ ਪ੍ਰਸਤ ਤੇ ਦੀਪ ਸਿੱਧੂ ਹੋਰਾਂ ਉਤੇ ਦਰਜ ਕਿਉਂ ਨਹੀਂ ਕੀਤੇ ਜੋ ਪੁਲਿਸ ਨਾਕੇ ਤੋੜਨ ਦੇ ਦਾਅਵੇ ਕਰਦੇ ਫਿਰਦੇ ਹਨ!) 26 ਨਵੰਬਰ ਨੂੰ ਸਾਰੇ ਬੈਰੀਅਰ ਤੋੜਕੇ ਟਿਕਰੀ ਬਾਰਡਰ ਉਤੇ ਝੰਡੇ ਲਹਿਰਾਉਣ ਲਗੇ। ਉਸ ਸਮੇਂ ਸੁੱਖਪ੍ਰੀਤ ਸਿੰਘ ਉਦੋਕੇ ਨੇ ਆਵਦੇ ਬੰਦਿਆਂ ਨੂੰ ਲੈਕੇ ਟਰਾਲੀ ਉਤੇ ਛਾਲ ਮਾਰਦੇ ਨੌਜਵਾਨ ਨਾਲ ਫੋਟੋ ਖਿੱਚਵਾ ਲਏ। ਜਾਣ ਨਾਂ ਪਹਿਚਾਣ! ਮੈਂ ਤੇਰਾ ਮਹਿਮਾਨ! ਸੁਖਪ੍ਰੀਤ ਸਿੰਘ ਉਦੋਕੇ ਹੋਰਾਂ ਦੀ ਕੋਈ ਕਿਸਾਨ ਜਥੇਬੰਦੀ ਨਹੀ ਸਿਰਫ ਕੇਸਰੀ ਝੰਡਾ ਲੈਕੇ ਘੁੰਮਣ ਲਗ ਪਏ! ਕਿਧਰੇ ਗੁਰਨਾਮ ਸਿੰਘ ਚੂਟਨੀ ਤੇ ਕਿਧਰੇ ਦਿੱਲੀ ਵਾਰ ਐਸੋਸੀਏਸਨ ਦੇ ਵਕੀਲਾਂ ਨਾਲ ਫੋਟੋ ਖਿੱਚਵਾ ਕੇ ਨੇਤਾਗਿਰੀ ਕਰਨ ਲੱਗੇ। ਉਦੋਕੇ ਨੂੰ ਹਮਾਇਤ ਕਰਨ ਵਜੋਂ ਸੰਯੁਕਤ ਕਿਸਾਨ ਮੋਰਚਾ ਦੀ ਸਟੇਜ ਤੋਂ ਬੋਲਣ ਦਾ ਸਮਾਂ ਮਿਲਿਆ ਉਲਟਾ ਸਿੱਖ ਇਤਿਹਾਸ ਚੋਂ ਮਿਸਾਲ ਜੇਹੀ ਦੇਕੇ ਮੋਰਚੇ ਦੀ ਲੀਡਰਸ਼ਿਪ ਉਪਰ ਦਬਾਅ ਪਾਉਣ ਦਾ ਰੋਅਬ ਮਾਰਨ ਲਗਾ।

ਇਥੇ ਨਹੀ ਰੁਕਿਆ ਨਿਹੰਗ ਸਿੰਘ ਜਥੇ ਨੂੰ ਮੁਕਬਲਾ ਕਰਨ ਲਈ ਐਲਾਨ ਕਰਨ ਲਗਾ ਜਿਵੇਂ ਖਾਲਸਾ ਪੰਥ ਨੇ ਜਥੇਦਾਰ ਥਾਪਿਆ ਹੋਵੇ। ਇਹ ਕਿਸਾਨ ਸੰਘਰਸ ਨੂੰ ਸਾਬੋਤਾਜ ਕਰਨ ਦੀ ਕਾਰਗੁਜਾਰੀ ਸੀ ਫੇਰ 'ਟਰਾਲੀ ਟਾਈਮਜ' ਅਖਬਾਰ 'ਚ ਸੰਪਾਦਕ ਤੇ ਸੰਪਾਦਕੀ ਲਿਖ ਖਿਲਾਰਾ ਪਾ ਦਿੱਤਾ। ਪੰਜਾਬ ਸਪੈਕਟ੍ਰਮ ਵਿੱਚ ਕਿਸਾਨ ਲੀਡਰਸ਼ਿਪ ਖਾਸ ਕਰਕੇ ਬਲਬੀਰ ਸਿੰਘ ਰਾਜੇਵਾਲ ਵਿਰੁੱਧ ਭੜਕਾਊ ਪ੍ਰਚਾਰ ਕੀਤਾ ਸਮਝਾਉਤੇ ਕਰਨ ਦੇ ਦੋਸ ਥਪਣ ਤਕ ਚਲੇ ਗਏ । ਰਹਿੰਦੀ ਖੂੰਹਦੀ ਕਸਰ ਬੀਬੀ ਜਗੀਰ ਕੌਰ ਨੇ ਪੂਰੀ ਕਰ ਦਿਤੀ । ਦੀਪ ਸਿੱਧੂ ਖਾਲਿਸਤਾਨ ਮੁਦੇ ਨੂੰ ਹਵਾ 'ਚ ਉਛਾਲਦਾ ਗੋਦੀ ਮੀਡੀਏ ਨੂੰ ਖਾਲਿਸਤਾਨੀ ਦਰਸਾਉਣ ਦਾ ਰਾਹ ਖੋਲਣ ਲਗਾ! ਲੀਡਰਸ਼ਿਪ ਵਿਰੁੱਧ ਬੋਲਣ ਕਰਕੇ ਸਟੇਜ ਉੱਤੇ ਬੋਲਣ ਤੋਂ ਰੋਕਿਆ। ਆਖਰੀ ਮੋਦੀ ਸਰਕਾਰ ਨਾਲ ਸਮਝੌਤਾ ਕਰਨ ਦੀ ਵਕਾਲਤ ਕਰਨ ਲਗਾ ਤੇ ਮੂੰਹ ਦੀ ਖਾਣੀ ਪਈ! ਅਜੇਹੇ ਵਿਅਕਤੀ ਕਿਸਾਨ ਸੰਘਰਸ ਨੂੰ ਧਾਰਮਿਕ ਰੰਗਤ ਦੇਣ ਲਈ ਸਿੱਖ ਧਰਮ ਦੀ ਵਕਾਲਤ ਕਰਦੇ ਖੁਦਮੁਖਤਿਆਰੀ ਤੇ ਖਾਲਿਸਤਾਨ ਕਦੇ ਸਿੱਖ ਕੌਮ ਨੂੰ ਵੱਧ ਅਧਿਕਾਰਾਂ ਦੀ ਮੰਗ ਕਰਕੇ ਖਰਲ ਪਾਉਣ ਲਗੇ ਹਨ।

ਦੂਜੇ ਬੰਨੇ ਸੰਯੁਕਤ ਕਿਸਾਨ ਮੋਰਚਾ ਦੀ ਲੀਡਰਸ਼ਿਪ ਦੇਸ ਪੱਧਰ ਉਤੇ ਲਖਾਂ ਕਿਸਾਨਾਂ ਨੂੰ ਇਕਜੁੱਟ ਕਰਨ ਵਿੱਚ ਕਾਮਯਾਬ ਹੋਈ ਹੈ। ਸਭਨਾਂ ਧਰਮਾਂ ਹਿੰਦੂ ਮੁਸਲਿਮ ਸਿੱਖ ਈਸਾਈ ਤੇ ਫਿਰਕਿਆਂ ਨੂੰ ਇਕਠਾ ਕਰਨ ਤੇ ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿੱਚ ਪਾਏ ਪੁਆੜੇ ਖਤਮ ਕਰਨ ਵਿੱਚ ਕਾਮਯਾਬ ਹੋਈ ਹੈ। ਸਾਂਝੇ ਲੰਗਰ ਤੇ ਸਾਂਝੇ ਰਹਿਣ ਸਹਿਣ ਨੇ ਕਿਸਾਨ ਸੰਘਰਸ ਨੂੰ ਤੇਜ ਕਰਕੇ ਮੋਦੀ ਸਾਹ ਸਰਕਾਰ ਦੇ ਨਾਂਸੀਂ ਧੂੰਆਂ ਦੇ ਰਖਿਆ ਹੈ। ਸੋ ਕਿਸਾਨ ਏਕਤਾ ਦੇ ਨਿਰਣੇ ਨੀਤੀਆਂ ਨੂੰ ਸਮਝਦੇ ਹੋਏ ਸੰਘਰਸ ਨੂੰ ਅਗੇ ਵਧਾਇਆ ਜਾਵੇ। ਕਿਸਾਨ ਲੀਡਰਸ਼ਿਪ ਦੀ ਅਗਵਾਈ ਤੇ ਡਿਸਪਲਾਇਨ ਉਤੇ ਪਹਿਰਾ ਦਿੱਤਾ ਜਾਵੇ। ਭੰਨਤੋੜਵਾਦੀਆਂ ਤੇ ਫੁੱਟ ਪਾਊਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਕਿਸਾਨ ਮਜਦੂਰ ਏਕਤਾ ਜਿੰਦਾਬਾਦ।
ਮੋਦੀ ਸਰਕਾਰ ਮੁਰਦਾਬਾਦ!!!
ਅਡਾਨੀ ਅੰਬਾਨੀ ਕਾਰਪੋਰੇਟ ਮੁਰਦਾਬਾਦ!!!

ਸੰਜੇ ਪਰਾਤੇ
ਅਨੁਵਾਦ: ਬੂਟਾ ਸਿੰਘ

# ਖੇਤੀ ਮੰਤਰੀ ਦੀ ਖੁੱਲ੍ਹੀ ਚਿੱਠੀ ਦੇ ਦਾਅਵਿਆਂ ਦਾ ਕੱਚ-ਸੱਚ

[ਆਰ.ਐੱਸ.ਐੱਸ-ਭਾਜਪਾ ਸਰਕਾਰ ਝੂਠ-ਦਰ-ਝੂਠ ਬੋਲ ਕੇ ਕਿਸਾਨ ਸੰਘਰਸ਼ ਨੂੰ ਗੁੰਮਰਾਹ ਕਰਨ ਅਤੇ ਲੀਹੋ ਲਾਹੁਣ ਲਈ ਹਰ ਹਰਬਾ ਵਰਤ ਰਹੀ ਹੈ। ਇਸ ਝੂਠ ਦਾ ਇਕ ਧੂਤੂ ਕੇਂਦਰੀ ਖੇਤੀ ਮੰਤਰੀ ਹੈ ਜੋ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਦੌਰਾਨ ਬਹੁਤ ਹੀ ਮੀਸਣਾ ਬਣ ਕੇ ਮਸਲੇ ਦੇ ਹੱਲ ਲਈ ਸੰਜੀਦਾ ਹੋਣ ਦਾ ਢੌਂਗ ਰਚਦਾ ਹੈ ਅਤੇ ਮੀਟਿੰਗ ਤੋਂ ਬਾਹਰ ਆ ਕੇ ਮੁੜ ਪਹਿਲਾਂ ਵਾਲੇ ਝੂਠ-ਮੋਡ ਵਿਚ ਆ ਕੇ ਖੇਤੀ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੰਦਾ ਹੈ। ਇਸੇ ਤਰ੍ਹਾਂ ਨਰਿੰਦਰ ਮੋਦੀ ਜਦ ਵੀ ਮੂੰਹ ਖੋਲ੍ਹਦਾ ਹੈ, ਕਿਸਾਨਾਂ ਨੂੰ ਕਾਨੂੰਨਾਂ ਦੇ ਲਾਭ ਗਿਣਾਉਣੇ ਸ਼ੁਰੂ ਕਰ ਦਿੰਦਾ ਹੈ। ਸਵਾਲ ਇਹ ਹੈ ਕਿ ਜੇ ਮੋਦੀ ਨੂੰ ਕਾਨੂੰਨਾਂ ਦੇ ਲਾਭਾਂ ਦਾ ਐਨਾ ਹੀ ਅੰਨ੍ਹਾ ਯਕੀਨ ਹੈ ਤਾਂ ਉਸ ਨੇ ਪਿਛਲੇ ਤਿੰਨ ਮਹੀਨਿਆਂ ਤੋਂ ਲਗਾਤਾਰ ਸੜਕਾਂ ਉੱਪਰ ਲੱਖਾਂ ਦੀ ਤਦਾਦ 'ਚ ਬੈਠੇ ਕਿਸਾਨਾਂ ਦੇ ਨੁਮਾਇੰਦਿਆਂ ਦੇ ਸਵਾਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਕਿਉਂ ਨਹੀਂ ਕੀਤੀ। ਉਹ ਇੱਧਰ-ਉੱਧਰ ਘੁੰਮ ਕੇ ਹੋਰ ਰਿੱਸਿਆਂ ਨੂੰ ਮਿਲਦਾ ਫਿਰਦਾ ਹੈ ਅਤੇ ਹਰ ਵਾਰ ਨਰਿੰਦਰ ਤੋਮਰ ਵਰਗੇ ਮੰਤਰੀਆਂ ਨੂੰ ਕਿਸਾਨਾਂ ਨੂੰ ਵਰਚਾਉਣ ਲਈ ਕਿਉਂ ਭੇਜਦਾ ਹੈ? ਹੁਣੇ ਜਹੇ ਖੇਤੀ ਮੰਤਰੀ ਨੇ ਇਕ ਖੁੱਲ੍ਹੀ ਚਿੱਠੀ ਲਿਖ ਕੇ ਕਿਸਾਨਾਂ ਨੂੰ 'ਦੇਸ਼ਧ੍ਰੋਹੀ ਤਾਕਤਾਂ' ਤੋਂ ਸੁਚੇਤ ਕਰਦਿਆਂ ਇਕ ਵਾਰ ਫਿਰ ਖੇਤੀ ਕਾਨੂੰਨਾਂ ਦੀਆਂ ਘੋੜੀਆਂ ਗਾ ਦਿੱਤੀਆਂ। ਜਦਕਿ ਕਿਸਾਨਾਂ ਨੁਮਾਇੰਦਿਆਂ ਨਾਲ ਮੀਟਿੰਗ ਵਿਚ ਉਹ ਸਾਫ਼ ਮੰਨ ਚੁੱਕਾ ਹੈ ਕਿ ਕਾਨੂੰਨ ਗ਼ਲਤ ਬਣਾਏ ਗਏ ਹਨ। ਕਿਸਾਨ ਆਗੂਆਂ ਨੇ ਵੀ ਕਾਨੂੰਨਾਂ ਦੀ ਡੂੰਘੀ ਚੀਰ-ਫਾੜ ਕੀਤੀ ਹੋਈ ਹੈ ਅਤੇ ਉਹ ਵੀ ਇਹਨਾਂ ਦਾ ਕੱਚ-ਸੱਚ ਚੰਗੀ ਤਰ੍ਹਾਂ ਜਾਣਦੇ ਹਨ। ਇਸ ਲੇਖ ਵਿਚ ਛੱਤੀਸਗੜ੍ਹ ਦੇ ਕਿਸਾਨ ਆਗੂ ਸੰਜੇ ਪਰਾਤੇ ਨੇ ਖੇਤੀ ਮੰਤਰੀ ਵੱਲੋਂ ਬੋਲੇ ਝੂਠ ਦੀ ਕਲੱਈ ਖੋਹਲੀ ਹੈ। ਜਿਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਸੰਪਾਦਕ]

ਹਾਲ ਹੀ ਵਿਚ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਮੁਲਕ ਦੇ ਕਿਸਾਨਾਂ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ ਅਤੇ ਖੇਤੀ ਕਾਨੂੰਨਾਂ ਦੀਆਂ ਖ਼ੂਬੀਆਂ ਗਿਣਾਉਂਦੇ ਹੋਏ ਇਹਨਾਂ ਕਾਨੂੰਨਾਂ ਵਿਰੁੱਧ ਚੱਲ ਰਹੇ ਮੁਲਕ ਵਿਆਪੀ ਅੰਦੋਲਨ ਨੂੰ ਖ਼ਤਮ ਕਰਨ ਦੀ ਗੁਜ਼ਾਰਿਸ਼ ਕੀਤੀ ਹੈ। ਦਰਅਸਲ ਇਸ ਖੁੱਲ੍ਹੀ ਚਿੱਠੀ ਦੇ ਜ਼ਰੀਏ ਉਸ ਨੇ ਅਡਾਨੀ-ਅੰਬਾਨੀ ਦੇ ਵਪਾਰਕ-ਕਾਰੋਬਾਰੀ ਹਿਤਾਂ ਨੂੰ ਕਿਸਾਨਾਂ ਦੇ ਕੌਮੀ ਹਿਤ ਸਾਬਤ ਕਰਨ ਦੀ ਕਵਾਇਦ ਕੀਤੀ ਹੈ। ਇਸ ਦੇ ਲਈ ਉਸ ਨੇ ਆਪਣੇ ਝੂਠ ਨੂੰ ਅੰਦੋਲਨ ਦੀ ਆੜ 'ਚ ਕੁਝ 'ਰਾਜਨੀਤਿਕ ਪਾਰਟੀਆਂ ਅਤੇ ਜਥੇਬੰਦੀਆਂ ਵੱਲੋਂ ਰਚੇ ਗਏ ਕੁਚੱਕਰ' ਤੋਂ ਲੈ ਕੇ 'ਪੂਜਨੀਕ ਬਾਪੂ ਦਾ ਅਪਮਾਨ', 'ਦੰਗਿਆਂ ਦੇ ਦੋਸ਼ੀਆਂ ਦੀ ਰਿਹਾਈ', '62 ਦੀ ਲੜਾਈ', 'ਭਾਰਤ ਦੇ ਉਤਪਾਦਾਂ ਦਾ ਬਾਈਕਾਟ' ਵਗੈਰਾ ਮਸਾਲਿਆਂ ਦਾ ਖ਼ੂਬ ਤੜਕਾ ਲਗਾਇਆ ਹੈ ਜਿਸ ਦਾ ਕਿਸਾਨ ਅੰਦੋਲਨ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ।

ਲੇਕਿਨ ਇਹ ਉਹ ਖ਼ਾਸ ਸੰਘੀ ਮਸਾਲਾ ਹੈ ਜਿਸ ਤੋਂ ਬਿਨਾਂ ਉਸ ਦੀ ਪਛਾਣ ਮੁਕੰਮਲ ਨਹੀਂ ਹੁੰਦੀ ਅਤੇ ਖ਼ਾਕੀ ਪੈਂਟ ਹੇਠਲੀ ਨਿੱਕਰ ਵੀ ਨਜ਼ਰ ਨਹੀਂ ਆਉਂਦੀ। ਕਿਉਂਕਿ ਤੋਮਰ ਨੂੰ ਇਹ ਖ਼ਾਕੀ ਨਿੱਕਰ ਦਿਖਾਉਣ 'ਚ ਕੋਈ ਹਿਚਕ ਨਹੀਂ ਹੈ, ਲਿਹਾਜ਼ਾ ਇਹ ਸਾਫ਼ ਹੈ ਕਿ ਉਹ ਭਾਰਤੀ ਗਣਰਾਜ ਦੇ ਕੇਂਦਰੀ ਮੰਤਰੀ ਦੀ ਜਗ੍ਹਾ ਇਕ ਐਸੀ ਕਾਰਪੋਰੇਟਪ੍ਰਸਤ ਪਾਰਟੀ ਦੇ ਕਾਰਿੰਦੇ ਦੀ ਭੂਮਿਕਾ ਨਿਭਾ ਰਿਹਾ ਹੈ ਜੋ ਆਜ਼ਾਦੀ ਦੇ ਅੰਦੋਲਨ ਵਿਚ ਆਪਣੀ ਅੰਗਰੇਜ਼ਪ੍ਰਸਤ ਭੂਮਿਕਾ ਦੇ ਲਈ ਜਾਣੀ ਜਾਂਦੀ ਹੈ ਅਤੇ ਆਜ਼ਾਦੀ ਤੋਂ ਪਿੱਛੋਂ ਦਾ ਜਿਸ ਦਾ ਇਕੋਇਕ ਇਤਿਹਾਸ ਸਿਰਫ਼ ਆਮ ਜਨਤਾ ਦੀ ਭਾਈਚਾਰਕ ਏਕਤਾ ਨੂੰ ਤੋੜਨ ਹੀ ਰਿਹਾ ਹੈ।

ਪਿਛਲੇ ਇਕ ਮਹੀਨੇ ਤੋਂ ਪੂਰੇ ਮੁਲਕ ਦੇ ਕਿਸਾਨ ਦਿੱਲੀ ਦੀਆਂ ਸਰਹੱਦਾਂ ਉੱਪਰ ਡੇਰੇ ਲਾਈ ਬੈਠੇ ਹਨ, ਇਸ ਲਈ ਕਿ ਦਿੱਲੀ ਵਿਚ ਬੈਠ ਕੇ ਪੂਰੇ ਮੁਲਕ ਦੇ ਕਿਸਾਨਾਂ ਨੂੰ ਹੁਕਮ ਦੇਣ ਵਾਲੀ ਸਰਕਾਰ ਵਿਚ ਏਨੀ ਹਿੰਮਤ ਨਹੀਂ ਹੈ ਕਿ ਦਿੱਲੀ ਬੁਲਾ ਕੇ ਇਹਨਾਂ ਕਿਸਾਨਾਂ ਦੀ ਗੱਲ ਸੁਣ ਲਵੇ। ਇਹਨਾਂ ਕਿਸਾਨਾਂ ਦੀ ਇਕ ਹੀ ਮੰਗ ਹੈ ਕਿ ਉਹਨਾਂ ਨੂੰ ਬਰਬਾਦ ਕਰਨ ਵਾਲੇ ਇਹ ਕਾਨੂੰਨ ਵਾਪਸ ਲਏ ਜਾਣ ਅਤੇ ਇਸ ਤੋਂ ਘੱਟ ਉਹਨਾਂ ਨੂੰ ਕੁਛ ਵੀ ਮਨਜ਼ੂਰ ਨਹੀਂ ਹੈ। ਸੁਪਰੀਮ ਕੋਰਟ ਵੀ ਉਹਨਾਂ ਨੂੰ ਉੱਥੋਂ ਹਟਾਉਣ ਦਾ ਆਦੇਸ਼ ਦੇਣ ਤੋਂ ਇਨਕਾਰ ਕਰ ਚੁੱਕੀ ਹੈ ਅਤੇ ਸਰਕਾਰ ਨੂੰ ਇਕ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਕਿਸਾਨਾਂ ਨੂੰ ਉਕਸਾਉਣ ਦੀ ਹਰਕਤ ਤੋਂ ਬਾਜ਼ ਆਵੇ। ਲੱਖਾਂ ਕਿਸਾਨ ਦਿੱਲੀ ਨੂੰ ਘੇਰਾ ਪਾਈ ਬੈਠੇ ਹਨ ਅਤੇ ਇਸ ਨਾਲ ਬੌਖਲਾਈ ਸਰਕਾਰ ਨੇ ਸੰਸਦ ਦਾ ਸਰਦ ਰੁੱਤ ਦਾ ਸੈਸ਼ਨ ਹੀ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਕ ਪਾਸੇ ਪੂਰਾ ਮੁਲਕ ਇਸ ਇਤਿਹਾਸਕ ਕਿਸਾਨ ਅੰਦੋਲਨ ਉੱਪਰ ਨਜ਼ਰਾਂ ਟਿਕਾਈ ਬੈਠਾ ਹੈ, ਉਸ ਦੀ ਹਮਾਇਤ 'ਚ ਡੱਟਿਆ ਹੋਇਆ ਹੈ, ਉੱਥੇ ਦੂਜੇ ਪਾਸੇ ਸਰਕਾਰ ਦੇ ਝੂਠ ਦੀ ਮਸ਼ੀਨ ਪੂਰੇ ਦਮ-ਖ਼ਮ ਨਾਲ ਕੰਮ 'ਚ ਜੁੱਟੀ ਹੋਈ ਹੈ। ਸਰਕਾਰੀ ਮਿੱਥ ਪ੍ਰਚਾਰਕਾਂ ਨੂੰ ਹੁਣ ਕਿਸਾਨ ਅੰਨਦਾਤਾ ਨਜ਼ਰ ਨਹੀਂ ਆਉਂਦਾ, ਉਹ ਉਸ ਵਿਚ ਖ਼ਾਲਸਤਾਨੀ, ਅੱਤਵਾਦੀ, ਨਕਸਲੀ, ਪਾਕਿਸਤਾਨੀ, ਦੇਸ਼ਧ੍ਰੋਹੀ ਆਦਿ ਦਾ ਝਾਉਲਾ ਦੇਖ ਰਹੇ ਹਨ। ਉਹਨਾਂ ਦੀ ਨਜ਼ਰ ਇਸ ਅੰਦੋਲਨ ਦੀ ਸਹਾਇਤਾ-ਸੰਭਾਲ 'ਚ ਸੇਵਾ ਭਾਵਨਾ ਨਾਲ ਜੁੱਟੇ ਲੋਕਾਂ ਅਤੇ ਇਸ ਦੇ ਬਾਵਜੂਦ ਤਿੰਨ ਦਰਜਨ ਲੋਕਾਂ ਦੀਆਂ ਸ਼ਹਾਦਤਾਂ ਨੂੰ ਨਹੀਂ ਦੇਖਦੀ। ਹਾਂ ਇਸ ਅੰਦੋਲਨ ਦੇ ਪਿੱਛੇ ਹੋਣ ਵਾਲੀ ਕਥਿਤ ਅਦਿੱਖ ਫੰਡਿੰਗ ਨੂੰ ਲੱਭਣ ਲੱਗੀ ਹੋਈ ਹੈ।

ਇਹ ਸਭ ਰਟਣ-ਮੰਤਰ ਤੋਮਰ ਦੀ ਚਿੱਠੀ ਵਿਚ ਸਾਫ਼ ਝਲਕ ਰਿਹਾ ਹੈ। ਆਪਣੀ ਚਿੱਠੀ ਵਿਚ ਉਹ ਜੋ ਦਾਅਵਾ ਕਰਦਾ ਹੈ, ਉਸ ਦੀ ਸਚਾਈ ਸਾਰਿਆਂ ਨੂੰ ਪਤਾ ਹੈ ਅਤੇ ਇਸ ਲਈ ਇਸ ਖੁੱਲ੍ਹੀ ਚਿੱਠੀ ਦੀ ਹਮਾਇਤ 'ਚ ਵੱਟਸਐਪ ਯੂਨੀਵਰਸਿਟੀ ਦੇ ਮਾਹਰਾਂ ਅਤੇ ਕੁਛ ਜਾਅਲੀ ਕਿਸਾਨ ਜਥੇਬੰਦੀਆਂ ਤੋਂ ਸਿਵਾਏ ਹੋਰ ਕੋਈ ਨਜ਼ਰ ਨਹੀਂ ਆ ਰਿਹਾ। ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਦੇ ਪ੍ਰਸੰਗ 'ਚ ਤੋਮਰ ਦੇ ਦਾਅਵੇ ਅਤੇ ਉਹਨਾਂ ਦੀ ਸਚਾਈ ਇਸ ਤਰ੍ਹਾਂ ਹੈ:

**ਦਾਅਵਾ 1:** ਕਿਸਾਨਾਂ ਦੀ ਜ਼ਮੀਨ ਨੂੰ ਕੋਈ ਖ਼ਤਰਾ ਨਹੀਂ ਹੈ। ਠੇਕੇ 'ਚ ਜ਼ਮੀਨ ਗਹਿਣੇ ਨਹੀਂ ਰੱਖੀ ਜਾਵੇਗੀ ਅਤੇ ਜ਼ਮੀਨ ਦੇ ਕਿਸੇ ਵੀ ਤਰ੍ਹਾਂ ਦੇ ਤਬਾਦਲੇ ਦਾ ਇਕਰਾਰ ਵੀ ਨਹੀਂ ਕੀਤਾ ਜਾਵੇਗਾ।

**ਸਚਾਈ:** ਖੇਤੀ ਮੰਤਰੀ ਦਾ ਦਾਅਵਾ ਕਾਨੂੰਨ ਨੂੰ ਦੇਖਦਿਆਂ ਗ਼ਲਤ ਹੈ। ਠੇਕਾ ਖੇਤੀ ਕਾਨੂੰਨ ਦੀ ਧਾਰਾ-9 ਵਿਚ ਸਾਫ਼ ਲਿਖਿਆ ਹੈ ਕਿ ਕਿਸਾਨ ਦੀ ਲਾਗਤ ਦੀ ਜੋ ਅਦਾਇਗੀ ਕੰਪਨੀ ਨੂੰ ਕੀਤੀ ਜਾਣੀ ਹੈ, ਉਸ ਦੀ ਵਿਵਸਥਾ ਕਰਜ਼ਦਾਤਾ ਸੰਸਥਾਵਾਂ ਨਾਲ ਇਕ ਵੱਖਰਾ ਸਮਝੌਤਾ ਕਰਕੇ ਪੂਰੀ ਹੋਵੇਗੀ, ਜੋ ਇਸ ਠੇਕੇ ਦੇ ਇਕਰਾਰਨਾਮੇ ਤੋਂ ਵੱਖਰਾ ਹੋਵੇਗਾ। ਲੇਕਿਨ ਕਰਜ਼ਦਾਤਾ ਸੰਸਥਾਵਾਂ ਜ਼ਮੀਨ ਗਹਿਣੇ ਰੱਖ ਕੇ ਹੀ ਕਰਜ਼ਾ ਦਿੰਦੀਆਂ ਹਨ।

ਠੇਕਾ ਖੇਤੀ ਕਾਨੂੰਨ ਦੀ ਧਾਰਾ 14(2) 'ਚ ਲਿਖਿਆ ਹੈ ਕਿ ਜੇ ਕਿਸਾਨ ਕੰਪਨੀ ਤੋਂ ਉਧਾਰ ਲੈਂਦਾ ਹੈ ਤਾਂ ਉਸ ਉਧਾਰ ਦੀ ਵਸੂਲੀ 'ਕੰਪਨੀ ਦੇ ਕੁਲ ਖ਼ਰਚ ਦੀ ਵਸੂਲੀ ਦੇ ਰੂਪ 'ਚ ਕੀਤੀ ਜਾਵੇਗੀ', ਜੋ ਧਾਰਾ 14 (7) ਦੇ ਤਹਿਤ 'ਮਾਲੀਏ ਦੇ ਬਕਾਏ ਦੇ ਰੂਪ ਵਿਚ' ਕੀਤੀ ਜਾਵੇਗੀ।

**ਦਾਅਵਾ 2:** ਠੇਕੇ 'ਚ ਉਪਜ ਦਾ ਖ਼ਰੀਦ ਮੁੱਲ ਦਰਜ ਹੋਵੇਗਾ, ਭੁਗਤਾਨ ਸਮਾਂ ਸੀਮਾ ਦੇ ਅੰਦਰ ਹੋਵੇਗਾ, ਕਿਸਾਨ ਕਦੇ ਵੀ ਇਕਰਾਰਨਾਮਾ ਖ਼ਤਮ ਕਰ ਸਕਦੇ ਹਨ, ਵਗੈਰਾ।

**ਸਚਾਈ:** ਇਹ ਸਾਰੇ ਦਾਅਵੇ ਕਾਨੂੰਨ ਵਿਚ ਵਰਨਣ ਕੀਤੀਆਂ ਧਾਰਾਵਾਂ ਦੇ ਉਲਟ ਹਨ। ਇਹ ਧਾਰਾਵਾਂ ਸਪਸ਼ਟ ਕਰਦੀਆਂ ਹਨ ਕਿ ਕਿਸਾਨ ਦੀ ਉਪਜ ਦਾ ਭੁਗਤਾਨ ਕਰਨ ਤੋਂ ਪਹਿਲਾਂ ਕੰਪਨੀ ਫ਼ਸਲ ਦੀ ਗੁਣਵੱਤਾ ਦਾ ਕਿਸੇ ਪਾਰਖੂ ਤੋਂ ਮੁਲਾਂਕਣ ਕਰਾਏਗੀ, ਫਿਰ ਉਸ ਦੀ ਸਿਫ਼ਾਰਸ਼ ਅਤੇ ਮੁੱਲ ਤੈਅ ਕਰਨ ਤੋਂ ਬਾਦ ਭੁਗਤਾਨ ਕਰੇਗੀ।

ਭੁਗਤਾਨ ਦੀ ਸਮਾਂ-ਸੀਮਾ ਵਿਚ ਵੀ ਬਹੁਤ ਸਾਰੇ ਬਦਲ ਦਿੱਤੇ ਗਏ ਹਨ, ਜਿਹਨਾਂ ਵਿਚ ਇਹ ਵੀ ਹੈ ਕਿ ਪਰਚੀ ਉੱਪਰ ਖ਼ਰੀਦਣ ਤੋਂ ਬਾਦ ਭੁਗਤਾਨ ਤਿੰਨ ਦਿਨ ਦੇ ਅੰਦਰ ਕੀਤਾ ਜਾਵੇਗਾ। ਹੁਣ ਵੀ ਗੰਨਾ ਬੀਜਣ ਵਾਲੇ ਕਿਸਾਨਾਂ ਨੂੰ ਫ਼ਸਲ ਦਾ ਭੁਗਤਾਨ ਪਰਚੀ ਉੱਪਰ ਹੁੰਦਾ ਹੈ, ਜਿਸ ਦੇ ਕਾਰਨ ਇਹਨਾਂ ਕਿਸਾਨਾਂ ਦੇ ਪਿਛਲੇ ਕਈ ਸਾਲਾਂ ਦੇ ਹਜ਼ਾਰਾਂ ਕਰੋੜ ਰੁਪਏ ਅੱਜ ਵੀ ਬਕਾਇਆ ਖੜ੍ਹੇ ਹਨ। ਕਿਸਾਨਾਂ ਦੀ ਇਸ ਲੁੱਟ ਨੂੰ ਹੁਣ ਕਾਨੂੰਨੀ ਰੂਪ ਦੇ ਦਿੱਤਾ ਗਿਆ ਹੈ।

ਕਾਨੂੰਨ ਵਿਚ ਇਹ ਵਿਵਸਥਾ ਵੀ ਹੈ ਕਿ ਨਿੱਜੀ ਮੰਡੀ ਦਾ ਖ਼ਰੀਦਦਾਰ ਕਿਸਾਨ ਨੂੰ ਉਦੋਂ ਭੁਗਤਾਨ ਕਰੇਗਾ ਜਦ ਉਸ ਨੂੰ ਉਸ ਕੰਪਨੀ ਤੋਂ ਪੇਮੈਂਟ ਮਿਲੇਗੀ, ਜਿਸ ਨੂੰ ਉਹ ਅੱਗੇ ਫ਼ਸਲ ਵੇਚੇਗਾ। ਇਸ ਦਾ ਭਾਵ ਹੈ ਕਿ ਕਿਸਾਨਾਂ ਨੂੰ ਭੁਗਤਾਨ ਦੀ ਸਮਾਂ-ਸੀਮਾ ਦੀ ਕੋਈ ਗਾਰੰਟੀ ਨਹੀਂ ਹੈ।

**ਦਾਅਵਾ 3:** ਲਾਗਤ ਦਾ ਡੇਢ ਗੁਣਾਂ ਘੱਟੋਘੱਟ ਸਮਰਥਨ ਮੁੱਲ ਦਿੱਤਾ ਜਾ ਰਿਹਾ ਹੈ।

**ਸਚਾਈ:** ਸਾਬਕਾ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਨੇ ਆਪਣੇ ਬਜਟ ਭਾਸ਼ਣ ਵਿਚ ਸਪਸ਼ਟ ਰੂਪ 'ਚ ਮੰਨਿਆ ਸੀ ਕਿ ਮੋਦੀ ਸਰਕਾਰ ਏ-2+ਐੱਫ.ਐੱਲ. ਦਾ ਡੇਢ ਗੁਣਾਂ ਸਮਰਥਨ ਮੁੱਲ ਦੇ ਰੂਪ 'ਚ ਕਿਸਾਨਾਂ ਨੂੰ ਦੇ ਰਹੀ ਹੈ। ਸੱਚ ਤਾਂ ਇਹ ਹੈ ਕਿ ਜ਼ਿਆਦਾਤਰ ਫ਼ਸਲਾਂ ਦਾ ਇਹ ਭਾਅ ਵੀ ਨਹੀਂ ਦਿੱਤਾ ਜਾ ਰਿਹਾ। ਜਦਕਿ ਮੁਲਕ ਵਿਆਪੀ ਕਿਸਾਨ ਅੰਦੋਲਨ ਦੀ ਮੰਗ ਫ਼ਸਲ ਦੀ ਸੀ-2 ਲਾਗਤ ਮੁੱਲ ਦਾ ਡੇਢ ਗੁਣਾਂ ਘੱਟੋਘੱਟ ਸਮਰਥਨ ਮੁੱਲ ਦੇ ਰੂਪ 'ਚ ਦੇਣ ਅਤੇ ਕਾਨੂੰਨ ਬਣਾ ਕੇ ਇਸ ਦੀ ਗਾਰੰਟੀ ਦੇਣ ਦੀ ਹੈ।

ਇਹ ਮੋਦੀ ਸਰਕਾਰ ਹੀ ਸੀ ਜਿਸ ਨੇ ਐੱਮਐੱਸਪੀ (ਘੱਟੋਘੱਟ ਸਮਰਥਨ ਮੁੱਲ) ਦੇ ਤਰਕਪੂਰਨ ਨਿਰਧਾਰਨ ਲਈ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੇ ਜਵਾਬ ਵਿਚ ਹਲਫ਼ਨਾਮਾ ਦੇ ਕੇ ਸਾਫ਼ ਕਿਹਾ ਸੀ ਕਿ 'ਚਾਹੇ ਚੋਣ ਮੈਨੀਫੈਸਟੋ ਵਿਚ ਐਸਾ ਵਾਅਦਾ ਕੀਤਾ ਗਿਆ ਸੀ, ਲੇਕਿਨ ਹੁਣ ਅਸੀਂ ਇਸ ਨੂੰ ਲਾਗੂ ਨਹੀਂ ਕਰ ਸਕਦੇ।'

**ਦਾਅਵਾ 4:** ਸਰਕਾਰੀ ਮੰਡੀਆਂ, ਐੱਮ.ਐੱਸ.ਪੀ. ਅਤੇ ਸਰਕਾਰੀ ਖ਼ਰੀਦ ਜਾਰੀ ਰਹੇਗੀ।

**ਸਚਾਈ:** ਕਾਨੂੰਨ ਦੇ ਅਨੁਸਾਰ ਖੇਤੀ-ਕਿਸਾਨੀ ਅਤੇ ਖ਼ੁਰਾਕੀ ਅਨਾਜਾਂ ਦੇ ਵਪਾਰ ਦੇ ਖੇਤਰ ਵਿਚ ਹੁਣ ਸਰਕਾਰ ਕਾਰਪੋਰੇਟਾਂ ਨੂੰ ਪ੍ਰੋਮੋਟ ਕਰੇਗੀ। ਇਸ ਤੋਂ ਸਪਸ਼ਟ ਹੈ ਕਿ ਹੋਰ ਵਿਵਸਥਾਵਾਂ ਨੂੰ ਨਿਰਉਤਸ਼ਾਹਤ ਕੀਤਾ ਜਾਵੇਗਾ ਅਤੇ ਸਹਿਜੇ-ਸਹਿਜੇ ਇਹ ਬੰਦ ਹੋ ਜਾਣਗੀਆਂ। ਨੀਤੀ ਆਯੋਗ ਦੇ ਮਾਹਰ ਵੀ ਲੇਖ ਲਿਖ ਕੇ ਕਹਿ ਰਹੇ ਹਨ ਕਿ ਮੁਲਕ ਵਿਚ ਅਨਾਜ ਬਹੁਤ ਜ਼ਿਆਦਾ ਪੈਦਾ ਹੋ ਰਿਹਾ ਹੈ, ਭੰਡਾਰਨ ਦੀ ਜਗ੍ਹਾ ਨਹੀਂ ਹੈ ਤਾਂ ਸਰਕਾਰ ਸਾਰਿਆਂ ਦੀ ਫ਼ਸਲ ਨੂੰ ਕਿਵੇਂ ਖ਼ਰੀਦ ਸਕਦੀ ਹੈ? ਸਰਕਾਰ ਦੇ ਨਾਲ ਕਿਸਾਨ ਜਥੇਬੰਦੀਆਂ ਦੀ ਗੱਲਬਾਤ ਵਿਚ ਵੀ ਤੋਮਰ ਨੇ ਸਪਸ਼ਟ ਕਿਹਾ ਸੀ ਕਿ ਐੱਮ.ਐੱਸ.ਪੀ. ਅਤੇ ਸਰਕਾਰੀ ਖ਼ਰੀਦ ਨੂੰ ਕੋਈ ਅਧਾਰ ਨਹੀਂ (ਗਾਰੰਟੀ ਦੇ ਰੂਪ 'ਚ) ਦਿੱਤਾ ਜਾ ਸਕਦਾ। ਇਸ ਲਈ ਨਿੱਜੀ ਮੰਡੀਆਂ ਵੀ ਆਉਣਗੀਆਂ, ਐੱਮ.ਐੱਸ.ਪੀ. ਦੀਆਂ ਮੰਡੀਆਂ ਵੀ ਜਾਰੀ ਰਹਿਣਗੀਆਂ - ਇਹ ਦਾਅਵਾ ਉਸੇ ਤਰ੍ਹਾਂ ਦਾ ਹੈ ਜਿਵੇਂ ਇਹ ਦਾਅਵਾ ਕੀਤਾ ਗਿਆ ਸੀ - ਅੰਬਾਨੀ ਦਾ ਜੀਓ ਵੀ ਆਵੇਗਾ ਅਤੇ ਸਰਕਾਰੀ ਬੀ.ਐੱਸ.ਐੱਨ.ਐੱਲ. ਵੀ ਜਾਰੀ ਰਹੇਗਾ। ਹਕੀਕਤ ਇਹ ਹੈ ਕਿ ਬੀ.ਐੱਸ.ਐੱਨ.ਐੱਲ. ਸਹਿਜੇ-ਸਹਿਜੇ ਖ਼ਤਮ ਹੋ ਰਿਹਾ ਹੈ।

ਯਾਦ ਰਹੇ ਕਿ ਸ਼ਾਂਤਾ ਕੁਮਾਰ ਕਮੇਟੀ ਦੇ ਅਨੁਸਾਰ ਸਿਰਫ਼ 6ਫ਼ੀ ਸਦੀ ਕਿਸਾਨਾਂ ਨੂੰ ਹੀ ਐੱਮ.ਐੱਸ.ਪੀ. ਉੱਪਰ ਸਰਕਾਰੀ ਖ਼ਰੀਦ ਦਾ ਲਾਭ ਮਿਲਦਾ ਹੈ, ਬਾਕੀ ਇਸ ਤੋਂ ਵਾਂਝੇ ਰਹਿੰਦੇ ਹਨ। ਜਦਕਿ ਦੇਸ਼ਵਿਆਪੀ ਕਿਸਾਨ ਅੰਦੋਲਨ ਦੀ ਮੰਗ ਹੈ ਕਿ ਮੁਲਕ ਦੇ ਸਾਰੇ ਕਿਸਾਨਾਂ ਨੂੰ ਘੱਟੋਘੱਟ ਸਮਰਥਨ ਮੁੱਲ ਦਾ ਲਾਭ ਲਾਜ਼ਮੀ ਮਿਲਣਾ ਚਾਹੀਦਾ ਹੈ।

**ਦਾਅਵਾ 5:** ਕਿਸਾਨ ਆਪਣੀ ਫ਼ਸਲ ਜਿੱਥੇ ਚਾਹੇ, ਉੱਥੇ ਜਾ ਕੇ ਵੇਚ ਸਕੇਗਾ।

**ਸਚਾਈ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਹਾਲ ਹੀ ਵਿਚ ਪ੍ਰਦੇਸ਼ ਦੇ ਬਾਹਰੋਂ ਫ਼ਸਲ ਵੇਚਣ ਆਏ ਕਿਸਾਨਾਂ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਧਮਕੀ ਦਿੱਤੀ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਤਾਂ ਉਹਨਾਂ ਦੇ ਟਰੱਕ-ਟਰੈਕਟਰ ਜ਼ਬਤ ਕਰਨ ਅਤੇ ਉਹਨਾਂ ਨੂੰ ਜੇਲ੍ਹ ਭੇਜਣ ਦਾ ਐਲਾਨ ਵੀ ਕੀਤਾ ਹੈ। ਇਹ ਦੋਨੋਂ ਕੱਟੜ ਸੰਘੀ ਅਤੇ ਭਾਜਪਾਈ ਮੁੱਖ ਮੰਤਰੀ ਹਨ। ਉਹਨਾਂ ਦੇ ਇਸ ਐਲਾਨ ਦੇ ਖ਼ਿਲਾਫ਼ ਕੇਂਦਰ ਦੀ ਮੋਦੀ ਸਰਕਾਰ ਨੇ ਇਕ ਸ਼ਬਦ ਤੱਕ ਨਹੀਂ ਬੋਲਿਆ ਹੈ।

ਵੈਸੇ ਵੀ ਸਾਡੇ ਮੁਲਕ ਵਿਚ 86ਫ਼ੀ ਸਦੀ ਕਿਸਾਨ ਅਤਿ-ਛੋਟੇ (ਸੀਮਾਂਤ) ਅਤੇ ਛੋਟੇ ਕਿਸਾਨ ਹਨ ਜੋ ਆਪਣਾ ਅਨਾਜ ਮੰਡੀਆਂ ਤੱਕ ਲੈ ਕੇ ਜਾਣ ਦੀ ਹੈਸੀਅਤ ਨਹੀਂ ਰੱਖਦੇ। ਇਹਨਾਂ ਕਿਸਾਨਾਂ ਨੂੰ ਇਹ ਸਰਕਾਰ ਮੁੰਗੇਰੀ ਲਾਲ ਦੇ ਸੁਪਨੇ ਦਿਖਾ ਰਹੀ ਹੈ। ਜਦਕਿ ਇਹਨਾਂ ਨੂੰ ਆਪਣੇ ਪਿੰਡ ਤੋਂ ਜ਼ਿਆਦਾ ਤੋਂ ਜ਼ਿਆਦਾ ਪੰਜ ਕਿਲੋਮੀਟਰ ਦੇ ਅੰਦਰ ਸਰਕਾਰੀ ਮੰਡੀ ਚਾਹੀਦੀ ਹੈ, ਜਿੱਥੇ ਉਹਨਾਂ ਨੂੰ ਆਪਣੀ ਫ਼ਸਲ ਦਾ ਤੈਅਸ਼ੁਦਾ ਘੱਟੋਘੱਟ ਸਮਰਥਨ ਮੁੱਲ ਮਿਲ ਸਕੇ।

**ਦਾਅਵਾ 6:** ਖੇਤੀ ਬੁਨਿਆਦੀ-ਢਾਂਚਾ ਫੰਡ ਉੱਪਰ ਸਰਕਾਰ ਨੇ ਇਕ ਲੱਖ ਕਰੋੜ ਰੁਪਏ ਜਾਰੀ ਕੀਤੇ ਹਨ।

**ਸਚਾਈ:** ਇਸ ਫੰਡ ਦੀ ਵਰਤੋਂ ਕਿਸਾਨਾਂ ਦੇ ਲਈ ਨਹੀਂ ਬਲਕਿ ਖੇਤੀ ਵਿਚ ਬੜੇ ਕਾਰਪੋਰੇਟ ਘਰਾਣਿਆਂ ਅਤੇ ਬਦੇਸ਼ੀ ਕੰਪਨੀਆਂ ਦੀ ਦਖ਼ਲਅੰਦਾਜ਼ੀ ਨੂੰ ਵਧਾਉਣ ਦੇ ਲਈ ਕੀਤੀ ਜਾ ਰਹੀ ਹੈ। ਜੇ ਇਸ ਫੰਡ ਦਾ ਇਸਤੇਮਾਲ ਸਿੱਧੇ ਤੌਰ 'ਤੇ ਜਾਂ ਸਹਿਕਾਰੀ ਸਭਾਵਾਂ ਦੇ ਜ਼ਰੀਏ ਕਿਸਾਨਾਂ ਨੂੰ ਸਿੰਜਾਈ, ਟਰੈਕਟਰ ਅਤੇ ਹੋਰ ਖੇਤੀ ਮਸ਼ੀਨਰੀ, ਲਾਗਤ ਦੀ ਹੋਰ ਸਮੱਗਰੀ, ਭੰਡਾਰਣ, ਫ਼ਸਲਾਂ ਦੀ ਪ੍ਰਾਸੈਸਿੰਗ ਦੇ ਸਾਜ਼ੋ-ਸਮਾਨ, ਕੋਲਡ ਸਟੋਰਾਂ ਅਤੇ ਵਿਕਰੀ ਵਗੈਰਾ ਦੀ ਵਿਵਸਥਾ ਕਰਨ ਲਈ ਕੀਤੀ ਜਾਂਦੀ ਤਾਂ ਇਸ ਨਾਲ ਕਿਸਾਨਾਂ ਦਾ ਭਲਾ ਹੁੰਦਾ।

**ਦਾਅਵਾ 7:** ਇਹ ਕਾਨੂੰਨ ਪੂਰੀ ਤਰ੍ਹਾਂ ਕਿਸਾਨਾਂ ਦੇ ਹਿਤ ਵਿਚ ਹਨ ਅਤੇ ਉਹਨਾਂ ਦੀ ਜ਼ਿੰਦਗੀ ਵਿਚ ਬਦਲਾਓ ਲਿਆਉਣਗੇ। ਇਸ ਵਿਚ ਕੁਛ ਸੋਧਾਂ ਕੀਤੀਆਂ ਜਾ ਸਕਦੀਆਂ ਹਨ।

**ਸਚਾਈ:** ਹਕੀਕਤ ਇਹ ਹੈ ਕਿ ਇਹ ਕਾਨੂੰਨ ਬੜੇ ਕਾਰਪੋਰੇਟਾਂ ਅਤੇ ਅਡਾਨੀ-ਅੰਬਾਨੀ ਦੇ ਹਿਤ ਵਿਚ ਹਨ ਅਤੇ ਅਡਾਨੀ-ਅੰਬਾਨੀ ਦੇ ਹਿਤ ਕਦੇ ਵੀ ਕਿਸਾਨਾਂ ਦੇ ਹਿਤ ਨਹੀਂ ਬਣ ਸਕਦੇ। ਹਾਂ, ਇਹਨਾਂ ਨਾਲ ਕਿਸਾਨਾਂ ਦੀ ਜ਼ਿੰਦਗੀ ਵਿਚ ਇਕ ਬਦਲਾਓ ਜ਼ਰੂਰ ਆਵੇਗਾ। ਉਹ ਇਹ ਕਿ ਉਹ ਜ਼ਮੀਨਾਂ ਤੋਂ ਵਿਰਵੇ ਅਤੇ ਜ਼ਮੀਨਾਂ ਤੋਂ ਬੇਦਖ਼ਲ ਹੋ ਕੇ ਬੇਜ਼ਮੀਨੇ ਬਣ ਜਾਣਗੇ ਅਤੇ ਬੜੀਆਂ ਕੰਪਨੀਆਂ ਦਾ ਕਬਜ਼ਾ ਪੂਰੀ ਪੈਂਡੂ ਜ਼ਿੰਦਗੀ ਉੱਪਰ ਨਜ਼ਰ ਆਵੇਗਾ। ਇਹਨਾਂ ਕਾਨੂੰਨਾਂ ਵਿਚ ਕਿਸੇ ਵੀ ਤਰ੍ਹਾਂ ਦੀ ਸੋਧ ਇਹਨਾਂ ਦੀ ਕਾਰਪੋਰੇਟਪ੍ਰਸਤ ਖ਼ਸਲਤ ਨੂੰ ਬਦਲ ਨਹੀਂ ਸਕਦੀ, ਇਸ ਲਈ ਇਹਨਾਂ ਕਾਨੂੰਨਾਂ ਨੂੰ ਵਾਪਸ ਲਿਆ ਹੀ ਜਾਣਾ ਚਾਹੀਦਾ ਹੈ।

ਇਹਨਾਂ ਤਿੰਨ ਖੇਤੀ ਕਾਨੂੰਨਾਂ ਅਤੇ ਬਿਜਲੀ ਬਿੱਲ-2020 ਨੂੰ ਵਾਪਸ ਲਿਆ ਜਾਣਾ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਇਹ ਖੇਤੀ ਮੰਡੀਆਂ, ਖੇਤੀ ਕਰਨ ਦੀ ਪ੍ਰਕਿਰਿਆ, ਲਾਗਤ ਦੇ ਸਮਾਨ ਦੀ ਸਪਲਾਈ, ਫ਼ਸਲਾਂ ਦੇ ਭੰਡਾਰਣ, ਕੋਲਡ ਸਟੋਰਾਂ, ਢੋਆਢੁਆਈ, ਪ੍ਰਾਸੈਸਿੰਗ, ਖਾਣੇ ਦੀ ਵਿਕਰੀ ਵਿਚ ਬੜੇ ਕਾਰਪੋਰੇਟ ਅਤੇ ਬਦੇਸ਼ੀ ਕੰਪਨੀਆਂ ਨੂੰ ਕਾਨੂੰਨੀ ਅਧਿਕਾਰ ਦੇ ਤੌਰ 'ਤੇ ਸਥਾਪਤ ਕਰ ਦੇਣਗੇ। ਨਾਲ ਹੀ ਜ਼ਰੂਰੀ ਵਸਤਾਂ ਕਾਨੂੰਨ ਵਿਚ ਕੀਤੀ ਗਈ ਸੋਧ ਖੁੱਲ੍ਹੇਆਮ ਜਮ੍ਹਾਂਖ਼ੋਰੀ ਅਤੇ ਕਾਲਾਬਾਜ਼ਾਰੀ ਨੂੰ ਸ਼ਹਿ ਅਤੇ ਹੱਲਾਸ਼ੇਰੀ ਦੇਵੇਗੀ। ਇਹ ਖਾਣ ਵਾਲੀਆਂ ਵਸਤਾਂ ਦੇ ਭਾਅ ਹਰ ਸਾਲ ਘੱਟੋਘੱਟ ਡੇਢ ਗੁਣਾਂ ਵਧਾਉਣ ਦੀ ਇਜਾਜ਼ਤ ਦੇ ਦੇਵੇਗੀ ਅਤੇ ਸਰਕਾਰੀ ਰਾਸ਼ਣ ਪ੍ਰਣਾਲੀ ਦਾ ਭੋਗ ਪਾ ਦੇਵੇਗੀ।

ਇਹਨਾਂ ਕਾਨੂੰਨਾਂ ਵਿਚ ਇਹ ਵੀ ਲਿਖਿਆ ਹੈ ਕਿ ਸਰਕਾਰ ਇਹਨਾਂ ਕੰਪਨੀਆਂ ਨੂੰ ਪ੍ਰੋਮੋਟ ਕਰੇਗੀ। ਇਸ ਨਾਲ ਖੇਤੀ ਬਰਬਾਦ ਹੋ ਜਾਵੇਗੀ ਅਤੇ ਕਿਸਾਨ ਖੇਤਾਂ ਤੋਂ ਬੇਦਖ਼ਲ ਹੋ ਜਾਣਗੇ। ਇਸ ਨਾਲ ਉਹਨਾਂ ਦੀ ਖੇਤੀ-ਕਿਸਾਨੀ ਨਾਲ ਜੁੜੇ ਸਾਰੇ ਲੋਕਾਂ ਦੀ ਰੋਜ਼ੀ-ਰੋਟੀ ਵੀ ਖੋਹੀ ਜਾਵੇਗੀ, ਜੋ ਪਹਿਲਾਂ ਹੀ ਭਾਰੀ ਕਰਜ਼ ਜਾਲ ਵਿਚ ਫਸੇ ਹੋਏ ਹਨ ਅਤੇ ਆਰਥਿਕਤਾ ਵਿਚ ਘੋਰ ਮੰਦਵਾੜੇ ਦੇ ਕਾਰਨ ਬੇਰੁਜ਼ਗਾਰੀ ਦੇ ਸ਼ਿਕਾਰ ਹਨ।

ਖੇਤੀ ਮੰਤਰੀ ਦੇ ਇਸ ਬਿਆਨ ਨਾਲ ਕਿ 'ਜੇ ਕਾਨੂੰਨ ਵਾਪਸ ਲੈ ਲਏ ਗਏ, ਤਾਂ ਸਰਕਾਰ ਤੋਂ ਕਾਰਪੋਰੇਟਾਂ ਦਾ ਭਰੋਸਾ ਉੱਠ ਜਾਵੇਗਾ' ਤੋਂ ਸਪਸ਼ਟ ਹੈ ਕਿ ਭਾਰਤ ਦੇ ਲੋਕਤੰਤਰ ਨੂੰ ਚੰਦ ਕਾਰਪੋਰੇਟ ਦੇ ਹਿਤਾਂ ਦੇ ਮਤਹਿਤ ਕਰਨ ਦੀ ਸਾਜ਼ਿਸ਼ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਮੁਲਕ ਦੀ ਇਸ ਤੋਂ ਬੜੀ ਬਦਕਿਸਮਤੀ ਕੀ ਹੋ ਸਕਦੀ ਹੈ। ਇਸ ਨੁਕਤੇ ਉੱਪਰ ਮੋਦੀ ਸਰਕਾਰ ਨੂੰ ਸੁਪਰੀਮ ਕੋਰਟ ਦੀ ਇਹ ਰਾਇ ਮੰਨ ਹੀ ਲੈਣੀ ਚਾਹੀਦੀ ਹੈ ਕਿ ਇਹਨਾਂ ਤਿੰਨਾਂ ਹੀ ਖੇਤੀ ਕਾਨੂੰਨਾਂ ਦੀ ਵਾਜਬੀਅਤ ਦੀ ਜਾਂਚ ਕੀਤੇ ਜਾਣ ਤੱਕ ਇਹਨਾਂ ਦੇ ਅਮਲ ਉੱਪਰ ਰੋਕ ਲਗਾ ਦਿੱਤੀ ਜਾਵੇ। ਲੇਕਿਨ ਜੇ ਮੋਦੀ ਸਰਕਾਰ ਏਨਾ ਵੀ ਨਹੀਂ ਕਰਦੀ ਤਾਂ ਇਸ ਮੁਲਕ ਦਾ ਅਵਾਮ ਸਰਕਾਰ ਉੱਪਰ ਭਰੋਸਾ ਕਿਉਂ ਕਰੇਗਾ। ਉਹ ਇਹ ਵੀ ਯਾਦ ਰੱਖਣ ਕਿ ਮਿਹਨਤਕਸ਼ਾਂ ਦੀ ਜਿਸ ਏਕਤਾ ਨੇ ਅੰਗਰੇਜ਼ ਬਸਤੀਵਾਦੀਆਂ ਨੂੰ ਵਾਪਸ ਚਲੇ ਜਾਣ ਲਈ ਮਜਬੂਰ ਕੀਤਾ ਸੀ, ਅੱਜ ਉਹੀ ਏਕਤਾ ਕਾਰਪੋਰੇਟਪ੍ਰਸਤ ਫਿਰਕੂ ਤਾਕਤਾਂ ਦੇ ਧੜਵੈਲ ਪੈਰਾਂ ਉੱਪਰ ਵੀ ਕਿੱਲ ਠੋਕ ਰਹੀ ਹੈ।




ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ, ਕੈਨੇਡਾ

# ਭਾਰਤੀ ਕਿਸਾਨ ਅੰਦੋਲਨ: ਅਹਿਮ ਪੱਖ ਅਤੇ ਚਣੌਤੀਆਂ



ਭਾਰਤ ਦੀ ਕੇਂਦਰ ਵਿਚਲੀ ਬੀ ਜੇ ਪੀ ਸਰਕਾਰ ਵੱਲੋਂ ਭਾਰਤ ਦੇ ਕਿਸਾਨਾਂ ਦੇ ਧਿੰਗੋਜ਼ੋਰੀ ਗਲ਼ ਪਾਇਆ ਅੰਦੋਲਨ ਹੁਣ ਵਿਸ਼ਾਲ ਜਨ-ਅੰਦੋਲਨ ਦਾ ਰੂਪ ਧਾਰ ਚੁੱਕਾ ਹੈ। ਸਰਕਾਰ ਵੱਲੋਂ ਕਿਸਾਨ-ਮਾਰੂ ਤਿੰਨ ਖੇਤੀ ਕਾਨੂੰਨ ਪਾਸ ਕਰਨ 'ਤੇ ਪੂਰੇ ਦੇਸ਼ ਦੇ ਕਿਸਾਨ ਸੜਕਾਂ 'ਤੇ ਉੱਤਰ ਆਏ ਹਨ। ਹੱਥਲੇ ਲੇਖ ਵਿਚ ਅਸੀਂ ਕਿਸਾਨ ਅੰਦੋਲਨ ਦੇ ਅਹਿਮ ਪੱਖ, ਅੰਦੋਲਨ ਵਿਚ ਸਰਗਰਮ ਧਿਰਾਂ, ਅਤੇ ਦਰਪੇਸ਼ ਚਣੌਤੀਆਂ ਬਾਰੇ ਚਰਚਾ ਕਰਾਂਗੇ।

**ਕਿਸਾਨ ਅੰਦੋਲਨ ਦੇ ਅਹਿਮ ਪੱਖ**

**ਕਿਸਾਨ ਅੰਦੋਲਨ ਦੇ ਦੋ ਅਹਿਮ ਪੱਖ ਵਿਚਾਰਨਯੋਗ ਹਨ**: ਆਰਥਿਕ ਅਤੇ ਰਾਜਨੀਤਕ। ਇਹਨਾਂ ਦੋਹਾਂ ਪੱਖਾਂ ਬਾਰੇ ਅੰਦੋਲਨ ਵਿਚ ਸਰਗਰਮ ਧਿਰਾਂ ਦੀ ਸਮਝ ਤੇ ਪਹੁੰਚ ਵੱਖਰੀ ਹੈ। ਪਹਿਲਾਂ ਆਰਥਿਕ ਪੱਖ ਵਿਚਾਰ ਸਕਦੇ ਹਾਂ। ਪੰਜ ਜੂਨ 2020 ਨੂੰ ਬੀ ਜੇ ਪੀ ਸਰਕਾਰ ਵੱਲੋਂ ਜਾਰੀ ਕੀਤੇ ਤਿੰਨ ਖੇਤੀ ਆਰਡੀਨੈਂਸਾਂ ਦੇ ਵਿਰੋਧ ਵਿਚ ਵਿੱਢੇ ਗਏ ਇਸ ਕਿਸਾਨ ਅੰਦੋਲਨ ਦੌਰਾਨ ਮੁੱਖ ਜ਼ੋਰ ਆਰਥਿਕ ਪੱਖ 'ਤੇ ਹੀ ਦਿੱਤਾ ਜਾ ਰਿਹਾ ਹੈ। ਇਹੀ ਕਿਸਾਨਾਂ ਦੀ ਫੌਰੀ ਮੁੱਖ ਮੰਗ ਹੈ, ਇਹੀ ਲੋੜ ਹੈ। ਇਹ ਅੰਦੋਲਨ ਸੈਂਟਰ ਸਰਕਾਰ ਵੱਲੋਂ ਸਮੁੱਚੇ ਭਾਰਤ ਦੇ ਖੇਤੀਬਾੜੀ ਸੈਕਟਰ ਵਿੱਚ ਕਾਰਪੋਰੇਟ ਮਾਡਲ ਥੋਪਣ ਦੀ ਹਿੰਢ ਦੇ ਖ਼ਿਲਾਫ਼ ਹੈ। ਕਿਉਂਕਿ ਇਸ ਤਰ੍ਹਾਂ ਕਰਨ ਨਾਲ਼ ਸਰਕਾਰ ਕਾਰਪੋਰੇਟਾਂ ਲਈ ਕਿਸਾਨਾਂ ਦੀ ਲੁੱਟ ਦੇ ਦਰ-ਦਰਵਾਜ਼ੇ ਛਪੱਟ ਖੋਲ੍ਹਣਾ ਚਾਹੁੰਦੀ ਹੈ। ਖੇਤੀ ਸੈਕਟਰ ਨਾਲ ਸਬੰਧਿਤ ਮਾਹਰ ਇਸ ਮਾਡਲ ਨੂੰ ਪੱਛਮ ਨੂੰ ਦੇਣ ਸਮਝਦੇ ਹਨ ਜਿਸਨੂੰ ਲਾਗੂ ਕਰਕੇ ਸਰਕਾਰ ਸਮੁੱਚੇ ਭਾਰਤ ਦੇ ਕਿਸਾਨਾਂ ਦੇ ਜਬਰੀ ਨਾਸੀਂ ਧੂੰਆਂ ਦੇਣਾ ਚਾਹੁੰਦੀ ਹੈ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਇਸ ਤਰ੍ਹਾਂ ਦੇ ਮਾਡਲ ਨਾਲ ਜਿੱਥੇ ਪੂੰਜੀਵਾਦ ਹੋਰ ਤਾਕਤਵਰ ਬਣਿਆ ਹੈ, ਉਥੇ ਕਿਸਾਨੀ ਦਾ ਸ਼ੋਸ਼ਣ ਹੀ ਹੋਇਆ ਹੈ। ਇਸ ਮਾਡਲ ਨੇ ਕਿਸਾਨ ਨੂੰ ਬਿਲਕੁਲ ਹਾਸ਼ੀਏ 'ਤੇ ਲਿਆ ਖੜ੍ਹਾ ਕੀਤਾ ਹੈ।

ਸਰਕਾਰੀ ਨਜ਼ਰੀਏ ਤੋਂ ਆਰਥਿਕ ਮਸਲੇ ਦਾ ਮਤਲਬ ਹੈ ਕਿ ਉਹ ਕਿਸਾਨਾਂ ਨੂੰ ਬਲੀ ਦੇ ਬੂਥੇ ਦੇ ਕੇ ਕੁੱਝ ਕੁ ਕਾਰਪੋਰੇਟ ਘਰਾਣਿਆਂ ਨੂੰ ਮਾਲਾਮਾਲ ਕਰਨਾ ਚਾਹੰਦੇ ਹਨ। ਹੁਣ ਜਦੋਂ ਕਿਸਾਨ ਅੰਦੋਲਨ ਆਰ-ਪਾਰ ਦੀ ਸਥਿਤੀ ਵਿੱਚ ਪਹੁੰਚ ਗਿਆ ਹੈ ਇਥੇ ਦੋ ਪਹਿਲੂ (scenarios) ਵਿਚਾਰਨਯੋਗ ਹਨ: ਪਹਿਲਾ ਇਹ ਕਿ ਆਰਐਸਐਸ ਦੀ ਬੀ ਜੇ ਪੀ ਸਰਕਾਰ ਨੂੰ ਜੇ ਲੱਗੇ ਕਿ ਉਸ ਦਾ ਰਾਜਨੀਤਕ ਵੱਕਾਰ ਦਾਅ 'ਤੇ ਲੱਗ ਗਿਆ ਹੈ ਅਤੇ ਪਾਰਟੀ ਅੰਦਰ ਵੱਡੇ ਅੰਦਰੂਨੀ ਟੁੱਟ-ਭੱਜ ਤੇ ਧਰੁੱਵੀਕਰਨ ਦੇ ਸੰਕਟ ਪੈਦਾ ਹੋ ਗਏ ਹਨ ਤਾਂ ਉਹ ਆਪਣੇ ਆਪ ਨੂੰ ਬਚਾਉਣ ਖ਼ਾਤਰ ਕਾਰਪੋਰੇਟ ਦੇ ਹਿੱਤਾਂ ਨੂੰ ਵਕਤੀ ਤੌਰ 'ਤੇ ਦਾਅ 'ਤੇ ਲਾ ਸਕਦੀ ਹੈ, ਭਾਵੇਂ ਕਿ ਇਸਦੀ ਸੰਭਾਵਨਾਂ ਨਾਂਹ ਦੇ ਬਰਾਬਰ ਹੈ। ਦੂਜਾ ਪਹਿਲੂ ਇਹ ਹੈ ਕਿ ਜਿਸ ਤਰੀਕੇ ਨਾਲ਼ ਸਰਕਾਰ ਕਿਸਾਨਾਂ ਨਾਲ਼ ਗੱਲ ਕਰਨ ਲਈ ਮੀਟਿੰਗਾਂ ਤੇ ਮੀਟਿੰਗਾਂ ਦੇ ਸੱਦੇ ਦੇ ਰਹੀ ਹੈ, ਉਹ ਇਸ ਤਰ੍ਹਾਂ ਟਾਲ਼-ਮਟੋਲ਼ ਕਰਕੇ ਕੁੱਝ ਵਕਤ ਹੋਰ ਲੈਣਾ ਚਾਹੰਦੀ ਹੈ, ਸੰਭਵ ਹੈ ਕਿ ਸਰਕਾਰ ਵਿਚ ਮੌਜੂਦਾ ਲੀਡਰਸ਼ਿਪ ਦੀ ਕਾਰਗੁਜ਼ਾਰੀ ਨੂੰ ਲੈ ਕੇ ਅੰਦਰੂਨੀ ਵਿਦਰੋਹ ਪਨਪ ਰਿਹਾ ਹੋਵੇ। ਇਸ ਤਹਿਤ ਕਾਰਪੋਰੇਟ ਦੇ ਹਿਤਾਂ ਨੂੰ ਬਚਾਉਣ ਵਾਸਤੇ ਬੀ ਜੇ ਪੀ ਸਰਕਾਰ ਵਕਤੀ ਤੌਰ 'ਤੇ ਕਿਸੇ ਮੌਜੂਦਾ ਦਿੱਗਜ ਲੀਡਰ ਨੂੰ ਬਾਹਰ ਦਾ ਰਸਤਾ ਦਿਖਾ ਕੇ ਕਿਸਾਨਾਂ ਨੂੰ ਅੰਦੋਲਨ ਦੀ ਜਿੱਤ ਦਾ ਭਰਮ ਪਾਉਣ ਦਾ ਛੜਯੰਤਰ ਰਚ ਸਕਦੀ ਹੈ ਤਾਂ ਕਿ ਇਕ ਵਾਰ ਕਿਸਾਨਾਂ ਨੂੰ ਵਕਤੀ ਤੌਰ 'ਤੇ ਗਲੋਂ ਲਾਹਿਆ ਜਾ ਸਕੇ। ਹੌਲ਼ੀ ਹੌਲ਼ੀ ਕਿਸਾਨ ਜਦੋਂ ਘਰੋ-ਘਰੀ ਤੁਰ ਜਾਣਗੇ ਤਾਂ ਅੰਦੋਲਨ ਆਪੇ ਵਿੱਝੜ ਜਾਵੇਗਾ। ਕਿਸਾਨ ਦੁਬਾਰਾ ਇਸ ਤਰ੍ਹਾਂ ਦੇ ਵਿਆਪਕ ਅੰਦੋਲਨ ਦੀ ਸਥਿਤੀ ਵਿੱਚ ਨਹੀਂ ਰਹਿਣਗੇ ਤੇ ਇਸ ਤਰ੍ਹਾਂ ਸਰਕਾਰ ਤਿੰਨੇ ਕਾਨੂੰਨਾਂ ਨੂੰ ਬਰਕਰਾਰ ਰੱਖ ਸਕਦੀ ਹੈ।

ਜੇ ਸਰਕਾਰੀ ਬਲ ਤੇ ਛਲ ਦੇ ਸਾਹਮਣੇ ਕਿਸਾਨਾਂ ਨੂੰ ਮੈਦਾਨ ਛੱਡਣਾ ਪੈਂਦਾ ਹੈ ਤਾਂ ਸਾਰੇ ਭਾਰਤ ਵਿਚ ਕਿਸਾਨੀ ਦੇ ਭਵਿੱਖ ਦੇ ਸਮੀਕਰਣ ਬਦਲ ਜਾਣਗੇ। ਇਸ ਦੇ ਸਿੱਟੇ ਬਹੁਤ ਭਿਆਨਕ ਤੇ ਤਬਾਹਕੁਨ ਹੋਣਗੇ। ਮੋਦੀ ਅਤੇ ਕਾਰਪੋਰੇਟ ਪੂੰਜੀਪਤੀਆਂ ਦੇ ਹੌਸਲੇ ਹੋਰ ਬੁਲੰਦ ਹੋਣਗੇ। ਮੋਦੀ ਸਰਕਾਰ ਨੂੰ ਭਰਮ ਹੈ ਕਿ ਉਸ ਨੂੰ ਕੋਈ ਵੀ ਝੁਕਾ ਜਾਂ ਹਰਾ ਨਹੀਂ ਸਕਦਾ। ਉਹਦੀ ਹਉਮੈ, ਉਹਦੇ ਹੰਕਾਰ 'ਚ ਹੋਰ ਵਾਧਾ ਹੋਵੇਗਾ ਤੇ ਉਹ ਹੋਰ ਦਰਿੰਦਗੀ ਨਾਲ਼ ਦੇਸ਼ ਦੀ ਕਿਸਾਨੀ ਨੂੰ ਦਰੜੇਗਾ। ਭਾਵੇਂ ਕਿ ਹੁਣ ਤੱਕ ਦੇ ਕਿਸਾਨ ਯੂਨੀਅਨਾਂ ਦੇ ਅੰਦੋਲਨ ਦੇ ਅਮਲ ਤੋਂ ਇਹ ਸਪਸ਼ਟ ਹੈ ਕਿ ਉਹ ਘਰੋਂ ਪ੍ਰਣ ਕਰਕੇ ਅਰਦਾਸੇ ਸੋਧ ਕੇ ਮੈਦਾਨ ਵਿੱਚ ਨਿੱਤਰੇ ਹਨ। ਇਹ ਫ਼ੈਸਲਾਕੁੰਨ ਤੇ ਆਰ-ਪਾਰ ਦੀ ਲੜਾਈ ਹੈ ਤੇ ਕਿਸਾਨ ਇਹ ਤਿੰਨੇ ਖੇਤੀ ਕਾਨੂੰਨ ਵਾਪਸ ਕਰਵਾਏ ਬਿਨਾ ਘਰ ਨਹੀਂ ਪਰਤਣਗੇ। ਵਿਚ-ਵਿਚਾਲ਼ੇ ਕੋਈ ਸਮਝੌਤੇ ਦੀ ਗੁੰਜਾਇਸ਼ ਨਹੀਂ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਦੌੜ ਆਉਂਦੀਆਂ ਸੂਬਾਈ ਚੋਣਾਂ ਤੱਕ ਹੀ ਸੀਮਤ ਹੈ।

**ਇਸ ਅੰਦੋਲਨ ਦਾ ਦੂਸਰਾ ਉਨ੍ਹਾਂ ਹੀ ਵਿਚਾਰਨਯੋਗ ਅਹਿਮ ਪੱਖ ਹੈ**: ਰਾਜਨੀਤਕ। ਫ਼ੌਰੀ ਤੌਰ 'ਤੇ ਭਾਵੇਂ ਇਹ ਉਨ੍ਹਾਂ ਅਜੇ ਰੂਹ ਨੂੰ ਝੰਜੋੜਦਾ ਨਹੀਂ, ਤੇ ਸ਼ਾਇਦ ਇਹਨੂੰ ਅਜੇ ਇਨੀ ਗੰਭੀਰਤਾ ਨਾਲ਼ ਨਹੀਂ ਲਿਆ ਜਾ ਰਿਹਾ। ਇਹ ਹੈ ਕਿਸਾਨ ਦੀ ਖ਼ੁਦ-ਦਾਰੀ, ਉਸਦਾ ਵਿਰਸਾ, ਉਸਦੇ ਸੰਸਕਾਰ, ਉਸਦੀ ਸਵੈ-ਹੋਂਦ ਦਾ ਸਵਾਲ। ਇਕ ਸਿਲਸਿਲੇਵਾਰ ਢੰਗ ਨਾਲ਼ ਫਾਸ਼ਿਜ਼ਮ, ਜੋ ਹਿਟਲਰ ਦੀ ਨਾਜ਼ੀ ਪਾਰਟੀ ਦੀ ਜੌੜੀ ਭੈਣ RSS ਤੇ ਉਸਦੀ ਬੀ ਜੇ ਪੀ ਸਰਕਾਰ ਸਮੁੱਚੇ ਭਾਰਤ 'ਤੇ ਮੜ੍ਹਨਾ ਚਾਹੁੰਦੀ ਹੈ, ਉਹ ਹੈ ਭਾਰਤੀ ਸਮਾਜ ਵਿਚਲੀ ਵਿਸ਼ਾਲਤਾ, ਵੰਨ-ਸਵੰਨਤਾ ਨੂੰ ਖ਼ਤਮ ਕਰਕੇ ਸਮੁੱਚੇ ਭਾਰਤ ਨੂੰ ਇਕੋ ਕੌਮ ਦੇ ਸੱਚੇ ਵਿੱਚ ਢਾਲਣਾ, ਭਾਵ RSS ਦੇ ਭਗਵੇਂ ਰੰਗ ਦੇ ਕੜਾਹੇ ਵਿੱਚ ਡੁਬੋਣਾ। RSS ਦੇ ਇਸ ਏਜੰਡੇ ਨੂੰ ਮੋਦੀ ਦੇ ਰਾਜਕਾਲ ਵਿੱਚ ਸਾਰਾ ਜ਼ੋਰ ਦੇਸ਼ ਨੂੰ ਇਕ ਦੇਸ਼, ਇਕ ਇਲੈਕਸ਼ਨ, ਇਕ ਬੋਲੀ, ਇਕ ਆਧਾਰ ਕਾਰਡ, ਇਕ ਮੰਡੀ, ਇਕ ਰੰਗ, ਇਕ ਧਰਮ, ਇਕ ਖਾਣਾ, ਇਕ ਵੇਸ ਵਿੱਚ ਤਬਦੀਲ ਕਰਨ 'ਤੇ ਲੱਗਾ ਹੋਇਆ ਹੈ। ਭਾਵ ਦੇਸ਼ ਦੇ ਬਸ਼ਿੰਦਿਆਂ ਦੀ ਬਹੁ-ਕੌਮੀ ਵਿਰਸੇ ਦੀ ਵੰਨ-ਸਵੰਨਤਾ ਤੇ ਵਿਸ਼ਾਲਤਾ 'ਤੇ ਸੁਹਾਗਾ ਫੇਰ ਪੱਧਰਾ ਕਰਕੇ uniformity ਜਾਂ ਇਕਸਾਰਤਾ ਲਿਆਉਣੀ। ਇਸ ਕਰਕੇ ਇਹ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਉੱਤੇ ਜਬਰੀ ਮੜ੍ਹਨਾ ਉਸੇ ਹੀ ਮਿਸ਼ਨ ਦੀ ਪੂਰਤੀ ਲਈ ਪੁੱਟਿਆ ਇਕ ਦੈਂਤ ਕਦਮ ਸਮਝਣਾ ਚਾਹੀਦਾ ਹੈ ਕਿ ਕਿਵੇਂ ਉਹ ਸਾਡੀ ਧਰਤ ਨੂੰ ਖੋਹ ਕੇ ਸਾਡੀ ਅਣਖ ਤੇ ਸਵੈਮਾਣ ਦੀ ਸ਼ਾਹਰਗ 'ਤੇ ਗੋਡਾ ਰੱਖਣਾ ਚਾਹੁੰਦਾ ਹੈ। ਜੇ ਹਵਾ ਇਹੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਖੇਤਾਂ ਵਿੱਚ ਸਾਡੇ ਪੁਰਖ਼ਿਆਂ ਦੀਆਂ ਮੜ੍ਹੀਆਂ, ਸਮਾਧਾਂ ਤੇ ਯਾਦਗਾਰਾਂ ਨੂੰ ਢਾਹ ਕੇ ਅੰਬਾਨੀਆਂ, ਅਡਾਨੀਆਂ ਦੇ ਬੁੱਲ-ਡੋਜ਼ਰ, ਗਰੇਡਰ ਤੇ ਟਰੈਕਟਰ ਕੰਬਾਈਨਾਂ ਬਿੱਫਰੇ ਸ਼ਰੀਕ ਵਾਂਗ ਪੰਜਾਬ ਦੀ ਧਰਤੀ 'ਤੇ ਦਗੜ ਦਗੜ ਕਰਿਆ ਕਰਨਗੇ। ਤੇ ਗੱਲ ਇਥੇ ਨਹੀਂ ਰੁਕਣੀ। ਜਿਵੇਂ 2002 ਵਿਚ ਗੁਜਰਾਤ ਵਿੱਚ ਮੋਦੀ ਦੀ ਸੂਬਾ ਸਰਕਾਰ ਵੇਲ਼ੇ ਗੋਦਰਾ ਸ਼ਹਿਰ ਦੇ ਮੁਸਲਮਾਨ ਭਾਈਚਾਰੇ ਦੇ ਕਤਲ ਕਾਂਡ, ਵਿਦੋਦਰਾ Best Bakery ਕਤਲ ਕਾਂਡ, ਅਹਿਮਦਾਬਾਦ ਵਿਚ ਮੁਸਲਮਾਨ ਭਾਈਚਾਰੇ ਉੱਪਰ ਅੱਤਿਆਚਾਰ, 2019 ਵਿਚ ਬੀ ਜੇ ਪੀ ਵੱਲੋਂ ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਕੇ, ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ (CAA) ਵਿੱਚ ਸੋਧ ਕਰਕੇ ਜਬਰੀ ਲਾਗੂ ਕਰਨ ਅਤੇ ਅਯੁੱਧਿਆ ਵਿੱਚ ਬਾਬਰੀ ਮਸਜਿਦ ਨੂੰ ਢਾਹ ਕੇ ਰਾਮ-ਮੰਦਰ ਦੀ ਉਸਾਰੀ ਵਰਗੀਆਂ ਫ਼ਾਸ਼ੀ ਕਰਤੂਤਾਂ ਨਾਲ਼ ਉਸਦੇ ਹੌਸਲੇ ਹੋਰ ਬੁਲੰਦ ਹੋਏ ਹਨ, ਉਸਦਾ ਹੰਕਾਰ ਹੋਰ ਵਧਿਆ ਹੈ। RSS ਦੇ ਥਾਪੜੇ ਅਤੇ ਹਕੂਮਤੀ ਤਾਕਤ ਦੇ ਘੁਮੰਡ ਕਰਕੇ ਉਹ ਪੰਜਾਬ ਵਿੱਚ ਕਦੇ ਵੀ ਉਸ ਤਰ੍ਹਾਂ ਦਾ ਕਾਂਡ ਰਚਾ ਸਕਦਾ ਹੈ। ਜਿਸ ਤਰੀਕੇ ਨਾਲ਼ RSS ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿੱਚ ਘੁਸਪੈਠ (penetrate) ਕਰਵਾ ਕੇ ਉਹ ਉਥੋਂ ਦੀ ਮੈਨੇਜਮੈਂਟ ਤੋਂ ਮਨਮਰਜ਼ੀ ਦੇ ਫ਼ੈਸਲੇ ਕਰਵਾਉਂਦੀ ਹੈ। ਇਧਰ ਪੰਜਾਬ ਵਿੱਚ ਇਸਦੇ ਅਕਾਲੀ ਪਾਰਟੀ ਨਾਲ਼ ਐਲਾਨੀਆਂ ਗੱਠਜੋੜ ਤੇ ਸਾਂਝ-ਭਿਆਲੀ ਜੱਗ-ਜ਼ਾਹਰ ਹੈ, ਖ਼ਦਸ਼ਾ ਹੈ ਕਿ ਇਸ ਹਿਸਾਬ ਨਾਲ਼ ਪੰਜਾਬ ਵਿਚ ਸਰਬ-ਉੱਚ ਧਾਰਮਿਕ ਅਦਾਰਿਆਂ ਦੇ ਅਹੁਦੇਦਾਰ ਵੀ ਹੁਣ। RSS ਦੇ ਲਿਫ਼ਾਫ਼ਿਆਂ 'ਚੋਂ ਨਿਕਲ਼ਿਆ ਕਰਨਗੇ। ਕਿਸਾਨ ਯੂਨੀਅਨ ਧਿਰਾਂ ਇਸ ਬਾਰੇ ਪੂਰੀ ਤਰ੍ਹਾਂ ਜਾਗਰੂਕ ਹਨ ਤੇ ਪੰਜਾਬ ਬਚਾਉਣ ਲਈ ਪੂਰੀ ਸਿਦਕ-ਦਿਲੀ ਨਾਲ਼ ਜੂਝ ਰਹੀਆਂ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਅਜਿਹਾ ਕੋਈ ਏਜੰਡਾ ਨਹੀਂ।

**ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਸਰਗਰਮ ਧਿਰਾਂ**

(1) **ਕਿਸਾਨ ਯੂਨੀਅਨਾਂ**: ਸਭ ਤੋਂ ਪਹਿਲਾਂ ਕਿਸਾਨ ਯੂਨੀਅਨਾਂ ਬਾਰੇ ਵਿਚਾਰ ਹੋ ਸਕਦੀ ਹੈ। ਮੋਦੀ ਦੀ ਬੀ ਜੇ ਪੀ ਸਰਕਾਰ ਇਹ ਖੇਤੀ ਕਾਨੂੰਨਾਂ ਦੀ ਭਾਰਤ ਦੇ ਕਿਸਾਨਾਂ ਨੂੰ ਜੁਬਾੜੇ ਪਾੜ ਕੇ ਨਾਲ਼ ਦੇਣਾ ਚਾਹੁੰਦੀ ਹੈ। ਕਿਸਾਨਾਂ ਉਪਰ ਇਸ ਨੂੰ ਜਬਰਦਸਤੀ ਮੜ੍ਹਨ ਵਾਸਤੇ ਸਾਰੀ ਸਟੇਟ ਮਸ਼ੀਨਰੀ (ਪਾਰਲੀਮੈਂਟ, ਜੁਡੀਸ਼ਰੀ, ਪੁਲੀਸ ਤੇ ਫ਼ੌਜ) ਉਸ ਦੀ ਖ਼ਿਦਮਤ ਵਿੱਚ ਹਾਜ਼ਰ ਹਨ। ਦੂਜੇ ਪਾਸੇ ਕਿਸਾਨ ਪੂਰਨ ਸ਼ਾਂਤਮਈ ਅਤੇ ਨਹਾਇਤ ਹੀ ਅਨੁਸ਼ਾਸਨ-ਬੱਧ ਤਰੀਕੇ ਨਾਲ਼ ਕਿਸਾਨ ਅੰਦੋਲਨ ਨੂੰ ਮੌਕਾਪ੍ਰਸਤ ਰਾਜਨੀਤਕ ਪਾਰਟੀਆਂ, ਧਾਰਮਿਕ ਅਤੇ ਫਿਰਕੂ ਰੁਝਾਨਾਂ ਤੋਂ ਨਿਰਲੇਪ ਰੱਖ ਕੇ, ਇਕ-ਜੁੱਟ ਹੋ ਕੇ ਇਸ ਨੂੰ ਆਪਣੇ ਬਾਹੂ-ਬਲ ਦੇ ਆਸਰੇ ਇਹਨਾਂ ਕਾਨੂੰਨਾਂ ਨੂੰ ਜਿਥੋਂ ਨਿੱਕਲੇ ਹਨ ਉਥੇ ਵਾੜਨਾ ਚਾਹੁੰਦੇ ਹਨ। ਇਹ ਆਰ-ਪਾਰ ਦੀ ਲੜਾਈ ਹੈ, ਤੇ ਇਸ ਕਰਕੇ ਫ਼ੈਸਲਾਕੁਨ ਹੈ। ਉਹ ਆਪਣੇ ਸਟੈਂਡ ਤੋਂ ਇਕ ਇੰਚ ਪਿੱਛੇ ਨਹੀਂ ਹਟਣਗੇ। ਇਹਨਾਂ 32 ਕਿਸਾਨ-ਮਜ਼ਦੂਰ ਇਕਾਈਆਂ ਦੀ ਇੱਕੋ ਤੇ ਕੇਵਲ ਇਕ ਮੰਗ ਹੈ - ਇਹਨਾਂ ਸਾਰੇ ਖੇਤੀ ਕਾਨੂੰਨਾਂ ਨੂੰ ਮੁਕੰਮਲ ਰੂਪ ਵਿੱਚ ਵਾਪਸ ਕਰਵਾਉਣਾ ਤਾਂ ਜੋ ਕਿਸਾਨਾਂ ਦਾ ਪਹਿਲੇ ਵਾਂਗ ਆਪਣੀ ਜ਼ਮੀਨ ਨੂੰ ਵਾਹੁਣ, ਬੀਜਣ ਤੇ ਮਾਲਕੀ ਦਾ ਹੱਕ ਬਰਕਰਾਰ ਰਹੇ।

ਇਹ ਅੰਦੋਲਨ ਅੰਦਰਲੇ ਜਜ਼ਬੇ ਬਿਨਾ ਨਹੀਂ ਲੜੇ ਜਾਂਦੇ। ਇਸ ਦੇ ਪਿਛੋਕੜ ਵਿੱਚ ਹੈ ਪੰਜਾਬ ਦੇ ਲੋਕਾਂ ਦਾ, ਖ਼ਾਸ ਕਰਕੇ ਸਿੱਖਾਂ ਦਾ ਉਹ ਗੌਰਵਮਈ ਇਤਿਹਾਸਕ ਵਿਰਸਾ, ਜੋ ਉਹਨਾਂ ਨੂੰ ਆਪਣੇ ਮੁਰਸ਼ਦਾਂ, ਗੁਰੂਆਂ-ਪੀਰਾਂ, ਸ਼ਹੀਦਾਂ-ਮੁਰੀਦਾਂ ਤੋਂ ਮਿਲ਼ਿਆ ਹੈ। ਬਾਬਾ ਕਬੀਰ, ਬਾਬਾ ਫ਼ਰੀਦ, ਬਾਬਾ ਰਵੀਦਾਸ, ਬਾਬਾ ਨਾਮਦੇਵ ਤੇ ਬਾਕੀ ਸਾਰੇ ਭਗਤਾਂ, ਫ਼ਕੀਰਾਂ, ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿਘ ਦੇ ਚਲਾਏ ਪੰਥ, ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈਕੇ ਮਹਾਰਾਜਾ ਰਣਜੀਤ ਸਿੰਘ; ਸਿੱਖ ਘੱਲੂਘਾਰੇ, ਕੂਕਾ ਲਹਿਰ, ਗ਼ਦਰ ਲਹਿਰ ਅਤੇ ਕਰਤਾਰ ਸਿੰਘ ਸਰਾਭਾ, ਬੱਬਰ ਅਕਾਲੀ ਲਹਿਰ; ਭਗਤ ਸਿੰਘ ਤੇ ਸਾਥੀਆਂ ਦੀਆਂ ਸ਼ਹਾਦਤਾਂ, ਊਧਮ ਸਿੰਘ, ਮਦਨ ਲਾਲ ਢੀਂਗਰਾ, ਪਿਛਲੀ ਸਦੀ ਅਤੇ ਅਜੋਕੇ ਸਮੇਂ ਵਿੱਚ ਪੰਜਾਬੀ ਸੂਬੇ, ਦਰਿਆਈ ਪਾਣੀਆਂ ਦੀ ਵੰਡ, ਚੁਰਾਸੀ ਦੇ ਸਿੱਖ ਕਤਲੇਆਮ ਦਾ ਦਰਦ ਅਤੇ ਪਰਚੰਡ ਰੋਹ ਉਹਨਾਂ ਦੇ ਤਾਸੀਰ (ਡੀ ਐਨ ਏ) ਵਿੱਚ ਹੈ। ਪ੍ਰੋ.ਫ਼ੈਸਰ ਪੂਰਨ ਸਿੰਘ ਦੇ ਕਹਿਣ ਅਨੁਸਾਰ 'ਪੰਜਾਬੀ ਮੌਤ ਨੂੰ ਮਖੌਲਾਂ ਕਰਦੇ ਹਨ, ਪਰ ਕਿਸੇ ਦੀ ਟੈਂਅ ਨਹੀਂ ਮੰਨਦੇ।' ਉਹ ਆਪਣੀ ਹੋਣੀ ਦੇ ਖ਼ੁਦ ਮਾਲਕ ਹਨ ਇਹ ਖ਼ੁਦਮੁਖ਼ਤਿਆਰੀਆਂ, ਸਰਦਾਰੀਆਂ, ਪਾਤਸ਼ਾਹੀਆਂ ਦੀ ਉਹਨਾਂ ਨੂੰ ਧੁਰੋਂ ਬਖ਼ਸ਼ਿਸ਼ ਹੋਈ ਹੈ। ਇਹ ਆਪਣੀ ਮਰਜ਼ੀ ਨਾਲ਼ ਭਾਵੇਂ ਸਾਰਾ ਖੇਤ ਹਵਾਲੇ ਕਰ ਦੇਣਗੇ, ਪਰ ਜਦ ਆਈ 'ਤੇ ਆ ਜਾਣ ਤਾਂ ਕਿਸੇ ਨੂੰ ਵੱਟ 'ਤੋਂ ਮੂਲ਼ੀ ਨਹੀਂ ਪੁੱਟਣ ਦਿੰਦੇ। ਜਿਹਨਾਂ ਨੇ ਸਾਰੇ ਪੰਜਾਬ 'ਤੇ ਰਾਜ ਕੀਤਾ ਹੋਵੇ, ਉਹ ਮਰਨੀ ਮਰ ਜਾਣਗੇ, ਪਰ ਆਪਣੀ ਭੋਇੰ ਦਾ ਇਕ ਇੰਚ ਵੀ ਨਹੀਂ ਦੇਣਗੇ। ਇਹੀ ਸਪਿਰਟ ਹੈ ਜਿਹਦੇ ਸਦਕਾ ਇਹ ਸਾਰੀਆਂ ਕਿਸਾਨ ਜੱਥੇਬੰਦੀਆਂ ਚੜ੍ਹਦੀ ਕਲਾ ਵਿੱਚ ਹਨ, ਤੇ ਉਹਨਾਂ ਦੇ ਹੌਸਲੇ ਬੁਲੰਦ ਹਨ, 'ਹਾਰ' ਸ਼ਬਦ ਤਾਂ ਉਹਨਾ ਦੇ ਸ਼ਬਦ-ਕੋਸ਼ ਵਿਚ ਹੀ ਨਹੀਂ।

(2) **ਪੰਜਾਬ ਵਿਚਲੀਆਂ ਸਿਆਸੀ ਪਾਰਟੀਆਂ**: ਪੰਜਾਬ ਦੀਆਂ ਵਿਧਾਨਕ ਸਿਆਸੀ ਪਾਰਟੀਆਂ ਦਾ ਇਸ ਪ੍ਰਤੀ ਨਜ਼ਰੀਆ ਤੇ ਪਹੁੰਚ ਬੜੀ ਸਤੱਈ, ਤੇ ਡੰਗ-ਟਪਾਊ ਹੈ। ਸਭ ਤੋਂ ਪਹਿਲਾਂ ਸਤਹ ਵਿਚਲੀ ਕਾਂਗਰਸ ਪਾਰਟੀ ਦੀ ਜੇ ਗੱਲ ਕਰੀਏ ਤਾਂ ਕੈਪਟਨ ਸਾਹਿਬ 'ਆਲ਼ੇ ਕੌਡੀ ਛਿੱਕੇ ਕੌਡੀ' ਵਾਲ਼ੀ ਨੀਤੀ ਵਰਤ ਰਹੇ ਹਨ। ਉਹ ਕਦੇ ਵਿਸ਼ੇਸ਼ ਇਜਲਾਸ ਸੱਦਣ ਦੀ ਛੁਰਲੀ ਛੱਡਦੇ ਹਨ, ਕਦੇ ਕਿਸਾਨਾਂ ਦੀ ਸੈਂਟਰ ਦੇ ਮਨਿਸਟਰਾਂ ਨਾਲ਼ 'ਸਿੱਧੀ ਗੱਲ' ਕਰਵਾਉਣ ਦੀ ਸਾਲਸੀ ਦੀਆਂ ਫੜ੍ਹਾਂ ਮਾਰਦੇ ਹਨ। ਯਾਦ ਰੱਖਣ ਵਾਲ਼ੀ ਗੱਲ ਇਹ ਹੈ: ਇਹ ਕਿਸਾਨ ਮਾਰੂ ਖੇਤੀ ਕਾਨੂੰਨ ਕਾਂਗਰਸ ਦੀ ਹੀ 'ਮਿਹਰਬਾਨੀ' ਹੈ। ਪ੍ਰਾਈਵੇਟ ਕਾਰਪੋਰੇਟ ਸੈਕਟਰ ਹੱਥੋਂ ਭਾਰਤ ਦੀ ਲੁੱਟ ਦਾ ਚੌਖਟਾ 1991 ਵਿੱਚ ਨਰਸਿਮ੍ਹਾ ਰਾਉ ਦੀ ਕਾਂਗਰਸ ਸਰਕਾਰ ਨੇ ਹੀ ਤਿਆਰ ਕੀਤਾ, ਜਿਸਦਾ ਵਿੱਤ ਮੰਤਰੀ ਮਨਮੋਹਨ ਸਿੰਘ ਸੀ। 2019 ਵਿੱਚ ਜਦੋਂ ਬੀ ਜੇ ਪੀ ਸਰਕਾਰ ਨੇ ਆਪਣਾ ਫ਼ਰਜ਼ੀ ਜਾਬਤਾ ਪੂਰਾ ਕਰਨ ਲਈ ਇਹਨਾਂ ਖੇਤੀ ਬਿੱਲਾਂ ਦੀ ਨਜ਼ਰਸਾਨੀ ਲਈ ਵੱਖ ਵੱਖ ਸੂਬਿਆਂ ਦੇ ਮੁੱਖ-ਮੰਤਰੀਆਂ ਦੀ ਕਮੇਟੀ ਬਣਾਈ ਸੀ, ਉਸ ਵਿੱਚ ਪੰਜਾਬ ਦਾ ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਮਲ ਸੀ। ਉਸ ਨੇ ਇਸ ਦੇ ਵਿਰੋਧ ਵਿੱਚ ਉਦੋਂ ਕੋਈ ਆਵਾਜ਼ ਨਹੀਂ ਉਠਾਈ, ਸਗੋਂ ਚੁੱਪਚਾਪ 'ਸਭ ਅੱਛਾ' ਕਹਿ ਕੇ ਇਸ ਨੂੰ ਹਰੀ ਝੰਡੀ ਦੇ ਦਿੱਤੀ।

ਅਕਾਲੀ ਪਾਰਟੀ ਤਾਂ ਸ਼ਰੇਆਮ, ਵਾਹਯਾਤ ਢੰਗ ਨਾਲ਼ਬੀ ਜੇ ਪੀ ਵਰਗੀ ਅੱਤ-ਪਿਛਾਖੜ, ਫਿਰਕਾਪ੍ਰਸਤ ਪਾਰਟੀ ਦੀ ਸੱਜੀ ਬਾਂਹ ਕਹਾਉਂਦੀ ਰਹੀ ਹੈ। ਅਜੇ ਕੱਲ੍ਹ ਦੀ ਗੱਲ ਹੈ ਜਦੋਂ ਉਹ ਅਕਾਲੀ ਪਾਰਟੀ ਤੇ ਬੀ ਜੇ ਪੀ ਦਾ ਲਹੂ-ਮਾਸ ਦਾ ਰਿਸ਼ਤਾ ਕਹਿੰਦੇ ਨਹੀਂ ਥੱਕਦੇ ਸਨ। ਜਦ ਤੋਂ ਬਾਦਲਾਂ ਦਾ ਬੀ ਜੇ ਪੀ ਨਾਲ਼ ਗੱਠ-ਜੋੜ ਹੋਇਆ ਹੈ, ਉਹਨਾਂ ਹਰ ਪਲ, ਹਰ ਮਸਲੇ 'ਤੇ ਬੀ ਜੇ ਪੀ ਦੀ ਜੀ-ਹਜ਼ੂਰੀ ਹੀ ਕੀਤੀ ਹੈ। ਕੇਂਦਰ ਦੀ ਸਰਕਾਰ ਵੱਲੋਂ ਜਦ ਇਹ ਖੇਤੀ ਬਿੱਲ ਲਿਆਂਦੇ ਗਏ ਤਾਂ ਬੀ ਜੇ ਪੀ ਦੀ ਯੂਨੀਅਨ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਹਨਾਂ ਤਿੰਨੇ ਖੇਤੀ ਕਾਨੂੰਨਾਂ ਦੇ ਹੱਕ ਵਿੱਚ ਵੋਟ ਭੁਗਤਾ ਕੇ ਖੇਤੀ ਕਾਨੂੰਨਾਂ ਨੂੰ ਭਾਰਤ ਉਤੇ ਠੋਸੇ ਜਾਣ ਦਾ ਰਾਹ ਪੱਧਰਾ ਕੀਤਾ। ਇਹਨਾਂ ਖੇਤੀ ਕਾਨੂੰਨਾਂ ਨੂੰ 'ਕਿਸਾਨਾਂ ਦੇ ਹੀ ਫ਼ਾਇਦੇ ਲਈ ਬਣਾਏ ਕਾਨੂੰਨ' ਕਹਿ ਕੇ ਉਹ ਮੋਦੀ ਸਰਕਾਰ ਦੀਆਂ ਸਿਫ਼ਤਾਂ ਦੇ ਪੜ੍ਹੁੱਲ ਬੰਨਦੀ ਤੇ ਕਹਿੰਦੀ ਰਹੀ ਹੈ ਕਿ ਵਿਰੋਧੀ ਪਾਰਟੀਆਂ ਕਿਸਾਨਾਂ ਨੂੰ ਭਟਕਾ ਰਹੀਆਂ ਹਨ। ਹੁਣ ਉਹੀ ਹਰਸਿਮਰਤ ਕੌਰ ਬਾਦਲਾਂ ਦੀ ਮੌਕਾਪ੍ਰਸਤ ਰਣਨੀਤੀ ਤਹਿਤ ਬੀ ਜੇ ਪੀ ਨੂੰ ਅਸਤੀਫ਼ਾ ਦੇ ਕੇ, ਗੱਦਿਆਂ ਵਾਲ਼ੇ ਟਰੈਕਟਰਾਂ 'ਤੇ ਚੜ੍ਹ ਕੇ ਕਿਸਾਨਾਂ ਦੀ ਹਮਾਇਤ ਵਿਚ ਜੋ ਬਿਆਨ ਦਾਗ਼ ਰਹੀ ਹੈ, ਉਹ 'ਮਗਰਮੱਛੀ' ਦੇ ਹੰਝੂ ਵਹਾਉਣ ਤੋਂ ਸਿਵਾ ਕੁੱਝ ਨਹੀਂ। ਬੀ ਜੇ ਪੀ ਨਾਲ਼ ਬਾਦਲਾਂ ਦੀ ਢਿੱਡੋਂ ਰਣਨੀਤਕ ਸਾਂਝ ਹੈ, ਦਾਅ-ਪੇਚ ਦੇ ਤੌਰ 'ਤੇ ਹੀ ਮਾੜਾ-ਮੋਟਾ ਰੇੜਕਾ ਹੈ। ਉਹਨਾਂ ਨੂੰ ਹੁਣ 2022 ਵਾਲ਼ੀਆਂ ਸੂਬਾਈ ਚੋਣਾਂ ਨਾਲ਼ ਮਤਲਬ ਹੈ।

ਆਮ ਆਦਮੀ ਪਾਰਟੀ ਦਾ ਅਕਸ ਕਾਂਗਰਸ ਅਤੇ ਅਕਾਲੀ ਪਾਰਟੀਆਂ ਤੋਂ ਕੁਝ ਸਾਫ਼ ਪਰਤੀਤ ਹੁੰਦਾ ਹੈ, ਖ਼ਾਸ ਕਰਕੇ ਹੁਣ ਜਦੋਂ ਦਿੱਲੀ ਵਿਚਲੀ ਕੇਜਰੀਵਾਲ਼ ਸਰਕਾਰ ਵੱਲੋਂ ਬੀ ਜੇ ਪੀ ਸਰਕਾਰ ਦੀ ਅ.ਦੋਲਨਕਾਰੀ ਕਿਸਾਨਾਂ ਨੂੰ ਡੱਕਣ ਲਈ ਦਿੱਲੀ ਦੇ 9 ਸਟੇਡੀਅਮ ਗਰਾਊਂਡਾਂ ਨੂੰ ਤਤਕਾਲਿਕ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਨਾਪਾਕ ਤਜ਼ਵੀਜ਼ ਨੂੰ ਠੁਕਰਾ ਦਿੱਤਾ ਹੈ। ਕੇਜਰੀਵਾਲ ਬੀ ਜੇ ਪੀ ਸਰਕਾਰ ਦੇ ਤਿੰਨੇ ਖੇਤੀ ਕਾਨੂੰਨ ਵਾਪਸ ਕਾਵਾਉਣ ਅਤੇ MSP ਸਾਰੇ ਭਾਰਤ ਵਿੱਚ ਲਾਗੂ ਕਰਵਾਉਣ ਦੀ ਮੰਗ ਕਰਕੇ ਕਿਸਾਨਾਂ ਦੀ ਹਮਾਇਤ 'ਤੇ ਉਤਰਿਆ ਹੈ। ਆਉਂਦੀਆਂ 2022 ਵਾਲ਼ੀਆਂ ਸੂਬਾਈ ਚੋਣਾਂ ਵਿੱਚ ਇਹ ਉਹਨਾਂ ਦੀ ਲੋੜ ਵੀ ਬਣੀ ਹੋਈ ਹੈ। ਆਖ਼ਰ ਕੇਜਰੀਵਾਲ ਹੰਢਿਆ ਹੋਇਆ ਘਾਗ ਸਿਆਸਤਦਾਨ ਹੈ। ਉਹ ਢਿੱਡੋਂ ਕੀ ਹੈ, ਕਿਸਾਨਾਂ ਨੂੰ ਉਸਦੀ ਹਰ ਸਟੇਟਮੈਂਟ, ਹਰ ਚਾਲ, ਹਰ ਲੁਕਵੇਂ ਏਜੰਡੇ ਨੂੰ ਸਮਝਣ ਦੀ ਲੋੜ ਹੈ। ਭਗਵੰਤ ਮਾਨ ਪੰਜਾਬ 2022 ਸੂਬਾਈ ਚੋਣਾਂ ਵਾਸਤੇ ਅਗਾਊਂ ਹੀ ਕਮਰ-ਕੱਸੇ ਕੱਸ ਰਿਹਾ ਹੈ। ਉਹ ਸਿਆਸੀ ਵਿਅੰਗਾਂ ਅਤੇ ਲੱਛੇਦਾਰ ਸ਼ਬਦਾਵਲੀ ਰਾਹੀਂ ਲੋਕਾਂ ਨੂੰ ਕੀਲਣ ਦੀ ਤਲਿਸਮੀ ਜੁਗਤ ਨੂੰ ਬਾਖ਼ੂਬੀ ਵਰਤ ਰਿਹਾ ਹੈ। ਪਰ ਕਿਸਾਨ ਅੰਦੋਲਨ ਨੇ ਲੋਕਾਂ ਨੂੰ ਬਹੁਤ ਸਿਆਣੇ ਕਰ ਦਿੱਤਾ ਹੈ, ਹੁਣ ਉਹਨਾਂ ਨੂੰ ਕੇਵਲ ਗੱਲਾਂ ਦੇ ਕੜਾਹ ਨਾਲ਼ ਨਹੀਂ ਭਰਮਾਇਆ ਜਾ ਸਕਦਾ।

**ਚਣੌਤੀਆਂ**

ਧਰਤੀ ਮਾਂ ਹੈ ਤੇ ਕਿਸਾਨ ਧਰਤੀ ਦਾ ਜੇਠਾ ਪੁੱਤ ਹੈ। ਕਿਸਾਨ ਧਰਤੀ ਦਾ ਰਥ ਹੈ। ਕਿਸਾਨ ਅੰਨਦਾਤਾ ਹੈ। ਕਿਸਾਨ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਜੇ ਕਿਸਾਨ ਹੈ ਤਾਂ ਜਹਾਨ ਹੈ! ਹੁਣ ਜਦ ਭਾਰਤ ਦੇ ਕਿਸਾਨਾਂ ਲਈ 'ਦਲੀਲ, ਅਪੀਲ ਅਤੇ ਵਕੀਲ' ਦੇ ਸਾਰੇ ਦਰਵਾਜ਼ੇ ਮੋਦੀ ਸਰਕਾਰ ਨੇ ਬੰਦ ਕਰ ਦਿਤੇ ਹਨ ਤਾਂ ਆਪਣੀ ਹੋਂਦ ਨੂੰ ਬਚਾਉਣ ਲਈ ਭਾਰਤੀ ਕਿਸਾਨਾਂ ਕੋਲ਼ ਹੋਰ ਰਸਤਾ ਹੀ ਕੀ ਰਹਿ ਗਿਆ ਹੈ ? ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਹ' ਵਿੱਚ ਮਾਰਗ ਦਰਸਾਇਆ ਹੈ: "ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ..ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ.." (ਭਾਵ ਜਦੋਂ ਕਿਸੇ ਕੰਮ ਲਈ ਸਾਰੇ ਉਪਾ ਖ਼ਤਮ ਹੋ ਜਾਣ, ਤਦ ਤਲਵਾਰ ਨੂੰ ਹੱਥ ਵਿੱਚ ਧਾਰਨ ਕਰਨਾ ਜਾਇਜ਼ ਹੈ) ਇਹ ਬਹੁਤ ਗੰਭੀਰ ਸਵਾਲ ਹਨ, ਕਿਸਾਨ ਯੂਨੀਅਨਾਂ ਵੱਲੋਂ ਇਹਨਾਂ ਬਾਰੇ ਸੰਜੀਦਗੀ ਨਾਲ਼ ਸੋਚਣਾ, ਅਗਲੀ ਰਣਨੀਤੀ ਨੂੰ ਲਾਗੂ ਕਰਨਾ ਅਤੇ ਸਿੱਟਿਆਂ ਨੂੰ ਵਿਚਾਰਨਾ ਹੁਣ ਦੇ ਸਮੇਂ ਦੀ ਵੱਡੀ ਚੁਣੌਤੀ ਹੈ। ਭਵਿੱਖ ਵਿਚ ਇਸ ਅੰਦੋਲਨ ਨੇ ਲੋਕਾਂ ਨੂੰ ਮੌਜੂਦਾ ਗਲ਼ ਸੜ ਚੁੱਕੀ ਸਿਆਸਤ ਦੀ ਜਿੱਲ੍ਹਣ ਵਿਚੋਂ ਕੱਢ ਇਸ ਖਿੱਤੇ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨੀ ਹੈ। ਪੂਰਨ ਸ਼ਾਂਤਮਈ ਅਤੇ ਅਨੁਸ਼ਾਸਨ-ਬੱਧ ਇਸ ਇਤਿਹਾਸਕ ਸੰਘਰਸ਼ ਪਾਸੋਂ ਸਾਨੂੰ ਸਾਰਿਆਂ ਨੂੰ ਵੱਡੀਆਂ ਆਸਾਂ ਹਨ। ਫ਼ੈਸਲੇ ਦੀ ਇਸ ਘੜੀ ਦੌਰਾਨ ਸਾਰੀਆਂ ਜਾਗਰੂਕ ਲੋਕ-ਹਿਤੂ ਸੁਹਿਰਦ ਧਿਰਾਂ ਨੂੰ ਸਿਰ ਜੋੜਨ ਦੀ ਲੋੜ ਹੈ।

# ਇਨਕਲਾਬ ਦੀ ਪ੍ਰਭਿਾਸ਼ਾ ਬਦਲ ਕੇ ਰੱਖ ਦਿੱਤੀ ਹੈ ਕਿਸਾਨੀ ਅੰਦੋਲਨ ਨੇ



ਦਰਬਾਰਾ ਸਿੰਘ ਕਾਹਲੋਂ
ਕੈਂਬਲਫੋਰਡ, ਕੈਨੇਡਾ
+1 2898292929



ਸੰਨ 2014 ਵਿਚ ਕੇਂਦਰ ਅੰਦਰ ਭਾਜਪਾ ਦੀ ਅਗਵਾਈ ਵਾਲੀ ਸ਼੍ਰੀ ਨਰੇਂਦਰ ਮੋਦੀ ਦੀ ਐਨ.ਡੀ.ਏ. ਸਰਕਾਰ ਵੱਲੋਂ ਸੱਤਾ ਸੰਭਾਲਣ ਬਾਅਦ ਆਰ.ਐਸ.ਐਸ ਦੇ ਹਿੰਦੂਤਵੀ ਅਤੇ ਸਰਮਾਏਦਾਰ ਕਰੋਨੀ ਕਾਰਪੋਰੇਟ ਏਜੰਡੇ ਤਹਿਤ ਤੇਜ਼ ਗਤੀ ਯੋਜਨਾਬੱਧ ਫੈਸਲੇ ਲਏ ਗਏ। ਇੰਨਾਂ ਨੇ ਭਾਰਤੀ ਲੋਕਤੰਤਰ ਦੇ ਰਾਜਨੀਤਕ, ਸਮਾਜਿਕ, ਧਾਰਮਿਕ, ਸਭਿਆਚਾਰਕ, ਭੂਗੋਲਿਕ ਅਤੇ ਪ੍ਰਸਾਸ਼ਨਿਕ ਚਾਲੂ ਤੌਰ ਤਰੀਕਿਆਂ ਵਿਚ ਵੱਡੀਆਂ ਤਬਦੀਲੀਆਂ ਠੋਸੀਆਂ। ਇੰਨ੍ਹਾਂ ਸਦਕਾ ਪੂਰੇ ਰਾਸ਼ਟਰ ਦੇ ਹਰ ਵਰਗ ਦੇ ਨਾਗਰਿਕਾਂ ਵਿਚ ਡਰ ਅਤੇ ਸਹਿਮ ਪੈਦਾ ਹੋ ਗਿਆ। ਇੰਜ ਭਾਸਣ ਲਗਾ ਜਿਵੇਂ ਦੇਸ਼ ਲੋਕਤੰਤਰ ਤੋਂ ਏਕਾਧਿਕਾਰਵਾਦੀ ਤਾਨਾਸ਼ਾਹੀ ਅਤੇ ਫੈਡਰਲਿਜ਼ਮ ਤੋਂ ਸੱਤਾ ਦੇ ਕੇਂਦਰੀਕਰਨ ਵੱਧ ਰਿਹਾ ਹੋਵੇ।

ਜ਼ਬਰੀ ਨੋਟਬੰਦੀ, ਕੇਂਦਰੀਕਰਨਵਾਦੀ ਜੀ.ਐਸ.ਟੀ, ਨਾਗਰਿਕਤਾ ਕਾਨੂੰਨ, ਜੰਮੂ-ਕਸ਼ਮੀਰ ਵਿਚ ਧਾਰਾ 370 ਅਤੇ 35-ਏ ਖਾਤਮਾ, ਦੇਸ਼ ਦੀ ਨਿਆਂਪਾਲਕਾ ਤੇ ਦਬਾਅ, ਰਾਜਾਂ ਦੇ ਅਧਿਕਾਰਾਂ ਅਤੇ ਰਾਜ ਸੂਚੀ ਤੇ ਹਮਲਾ, ਪਬਲਿਕ ਸੈਕਟਰਾਂ ਦੇ ਨਿੱਜੀਕਰਨ ਆਦਿ ਕਰਕੇ ਪੂਰੇ ਦੇਸ਼ ਵਿਚ ਬੇਚੈਨੀ ਦਾ ਮਾਹੌਲ ਪਸਰ ਰਿਹਾ ਸੀ। ਇਲੈਕਟ੍ਰਾਂਨਿਕ ਅਤੇ ਪ੍ਰਿੰਟ ਮੀਡੀਆ ਤੇ ਸ਼੍ਰੀ ਮੋਦੀ ਸਰਕਾਰ ਦੇ ਵੱਧਦੇ ਏਕਾਧਿਕਾਰ ਕਰਕੇ ਨਾਗਰਿਕਾਂ ਦੇ ਵਿਚਾਰ ਪ੍ਰਗਟ ਕਰਨ ਦੇ ਮੁੱਢਲੇ ਸੰਵਿਧਾਨਿਕ ਅਧਿਕਾਰ ਤੇ ਡਰਾਉਣਾ ਪ੍ਰਭਾਵ ਵੇਖਣ ਨੂੰ ਮਿਲਿਆ। ਸੰਨ 2019 ਦੀਆਂ ਲੋਕਸਭਾ ਚੋਣਾਂ ਵਿਚ ਭਾਜਪਾ ਨੂੰ ਵੱਡੀ ਜਿੱਤ ਹਾਸਿਲ ਹੋਣ ਬਾਅਦ ਦੇਸ਼ ਤੇ ਹਿੰਦੂਤਵੀ ਅਤੇ ਇਸ ਦੇ ਸਰਮਾਏਦਾਰ ਕਰੋਨੀ ਕਾਰਪੋਰੇਟਰਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ। ਉਨਾਂ ਐਨ.ਡੀ.ਏ. ਭਾਈਵਾਲਾਂ ਦੀ ਧੌਣ ਤੇ ਵੀ ਏਕਾਧਿਕਾਰ ਵਾਦੀ ਗੋਡਾ ਰਖਣਾ ਸ਼ੁਰੂ ਕਰ ਦਿਤਾ। ਜਿਸ ਕਰਕੇ ਉਂਨਾਂ ਇੱਕ-ਇੱਕ ਕਰਕੇ ਸਾਥ ਛੱਡਣਾ ਸ਼ੁਰੂ ਕਰ ਦਿਤਾ।

ਦਰਅਸਲ ਸਰਮਾਏਦਾਰ ਕਰੋਨੀ ਕਾਰਪੋਰੇਟਰਾਂ ਦੀ ਸ਼ੁਰੂ ਤੋਂ ਹੀ ਅੱਖ ਭਾਰਤ ਦੇ ਵਿਸ਼ਾਲ ਖੇਤੀ ਸੈਕਟਰ ਅਤੇ ਇਸ ਨਾਲ ਸਬੰਧਿਤ 12000 ਅਰਬ ਦੇ ਖੁਦਰਾ ਬਜ਼ਾਰ ਤੇ ਸੀ। ਸ਼੍ਰੀ ਮੋਦੀ ਸਰਕਾਰ ਨੇ ਇਸੇ ਯੋਜਨਾ ਤਹਿਤ ਆਪਣੇ ਪਹਿਲੇ ਕਾਰਜਕਾਲ ਸਮੇਂ ਡਾ: ਮਨਮੋਹਨ ਸਿੰਘ ਦੀ ਯੂ.ਪੀ.ਏ ਸਰਕਾਰ ਵਲੋਂ ਬਣਾਏ ਭੂਮੀ ਅਧਿਗ੍ਰਹਿਣ ਕਾਨੂੰਨ ਨਾਲ ਛੇੜ-ਛਾੜ ਕਰਨੀ ਚਾਹੀ ਪਰ ਕਿਸਾਨੀ-ਕਬਾਇਲੀ ਵਰਗ ਦੇ ਭਾਰੀ ਵਿਰੋਧ ਕਰਕੇ ਉਸ ਨੇ ਪੈਰ ਪਿੱਛੇ ਖਿੱਚ ਲਏ।

ਪਰ 6 ਸਾਲ ਵਿਚ ਸ਼੍ਰੀ ਮੋਦੀ ਸਰਕਾਰ ਦੇ ਹਿੰਦੂਤਵੀ ਅਤੇ ਸਰਮਾਏਦਾਰ ਕਰੋਨੀ ਕਾਰਪੋਰੇਟਰਾਂ ਪੱਖੀ ਏਜੰਡੇ ਵਿਚ ਲਏ ਗਏ ਫੈਸਲਿਆਂ ਅਤੇ ਕਾਨੂੰਨਾਂ ਵਿਰੁੱਧ (ਸਿਵਾਏ ਨਾਗਰਿਕਤਾ ਕਾਨੂੰਨਾਂ ਦੇ) ਜਦੋਂ ਕੋਈ ਪ੍ਰਚੰਡ ਜਨਤਕ ਲਹਿਰ ਨਾ ਉੱਠੀ, ਉਲਟ ਡਰ ਅਤੇ ਸਹਿਮ ਦਾ ਮਾਹੌਲ ਪਸਰਦਾ ਗਿਆ ਤਾਂ ਉਸ ਨੇ ਕਿਸਾਨੀ ਦੀ ਮੌਤ ਦੇ ਵਾਰੰਟਾਂ ਵਾਲੇ ਤਿੰਨ ਕਾਲੇ ਕਾਨੂੰਨ ਜਾਬਰਾਨਾ ਢੰਗ ਨਾਲ ਬਣਾ ਦਿਤੇ। ਇਸ ਸਬੰਧੀ ਕਿਸੇ ਕਿਸਾਨ ਜੱਥੇਬੰਦੀ ਨਾਲ ਵਿਚਾਰ-ਵਟਾਂਦਰਾ ਕਰਨ ਦੀ ਜ਼ਹਿਮਤ ਨਾ ਕੀਤੀ।

ਅਸੀਂ ਇੱਥੇ ਸਪਸ਼ਟ ਕਰ ਦਿੰਦੇ ਹਾਂ ਕਿ ਇਹ ਤਿੰਨੇ ਕਾਲੇ ਕਾਨੂੰਨ ਐਮ.ਐਮ.ਪੀ. ਵਾਲੇ ਪੰਜਾਬ, ਹਰਿਆਣਾ, ਪੂਰਬੀ ਉੱਤਰ ਪ੍ਰਦੇਸ਼ ਅਤੇ ਕੁੱਝ ਰਾਜਿਸਥਾਨ ਦੇ ਕਿਸਾਨਾਂ ਨਾਲ ਹੀ ਨਹੀਂ ਬਲਕਿ ਸਾਰੇ ਦੇਸ਼ ਦੀ ਕਿਸਾਨੀ ਸਮੇਤ 80 ਪ੍ਰਤੀਸ਼ਤ ਦੇਸ਼ ਵਾਸੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਵਾਲੇ ਹਨ ਜੋ 12000 ਅਰਬ ਵਾਲੇ ਵਿਸ਼ਵ ਦੇ ਸਭ ਤੋਂ ਵੱਡੇ ਖ਼ੁਦਰਾ ਬਜ਼ਾਰ ਨਾਲ ਸਬੰਧਿਤ ਹਨ।

ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਪਿੱਛਲੇ 50 ਸਾਲਾਂ ਤੋਂ ਕਿਸਾਨ ਅਤੇ ਕਿਸਾਨੀ ਮਾਰੂ ਨੀਤੀਆਂ ਕਰਕੇ ਅਤਿ ਦੀ ਆਰਥਿਕ ਮੰਦਹਾਲੀ ਨਾਲ ਪਿੰਜੇ ਖੁਦਕੁਸ਼ੀਆਂ ਦੇ ਸ਼ਿਕਾਰ ਪੰਜਾਬ ਦੇ ਕਿਸਾਨਾਂ ਕੋਲ ਇੰਨਾਂ ਮਾਰੂ ਕਾਨੂੰਨਾਂ ਵਿਰੁੱਧ ਲਾਮਬੰਦ ਹੋਣ ਬਗੈਰ ਹੋਰ ਕੋਈ ਚਾਰਾ ਨਹੀਂ ਸੀ। 31 ਕਿਸਾਨ ਜੱਥੇਬੰਦੀਆਂ ਦੀ ਅਗਵਾਈ ਵਿਚ ਸਤੰਬਰ, 2020 ਤੋਂ ਉਂਨਾਂ ਟੋਲ ਪਲਾਜ਼ੇ, ਨਿੱਜੀ ਥਰਮਲ ਪਲਾਂਟ. ਸਰਮਾਏਦਾਰਾਂ ਦੇ ਵਪਾਰਕ ਅਦਾਰੇ, ਰੇਲ ਰੋਕੋ, ਪੰਜਾਬ ਅਤੇ ਭਾਰਤ ਬੰਦ ਜਿਹੇ ਅੰਦੋਲਨ ਸ਼ੁਰੂ ਕਰ ਦਿਤੇ।

ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਅੰਦੋਲਨ ਅੱਗੇ ਗੋਡੇ ਟੇਕਦੇ ਸ਼੍ਰੀ ਮੋਦੀ ਮੰਤਰੀ ਮੰਡਲ ਅਤੇ ਐਨ.ਡੀ.ਏ. ਗਠਜੋੜ ਵਿਚੋਂ ਬਾਹਰ ਆਉਣਾ, ਭਾਜਪਾ ਨਾਲੋਂ ਨਾਤਾ ਤੋੜਨਾ, ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਤਿੰਨੇ ਕੇਂਦਰੀ ਕਾਨੂੰਨ ਰੱਦ ਕਰਨਾ ਅਤੇ ਨਵੇਂ ਬਿੱਲ ਪਾਸ ਕਰਨਾ, ਭਾਜਪਾ ਬਗੈਰ ਬਾਕੀ ਸਾਰੇ ਰਾਜਨੀਤਕ ਦਲਾਂ ਵੱਲੋਂ ਬਿਨਾਂ ਸ਼ਰਤ ਉਂਨਾਂ ਦੇ ਅੰਦੋਲਨ ਦੀ ਹਮਾਇਤ ਕਰਨਾ ਨੇ ਇਸ ਨੂੰ ਇੱਕ ਨਵ-ਅਹਿੰਸਕ ਕਿਸਾਨ ਇਨਕਲਾਬ ਵੱਜੋਂ ਉਭਾਰਿਆਂ। ਕਰੀਬ ਦੋ-ਸਵਾ ਦੋ ਮਹੀਨੇ ਤੋਂ ਚੱਲੇ ਇਸ ਅੰਦੋਲਨ ਸਮੇਂ ਇੱਕ ਵੀ ਹਿੰਸਕ ਜਾਂ ਤੋੜ-ਫੋੜ ਦੀ ਘਟਨਾ ਨਹੀਂ ਹੋਈ।

ਜਦੋਂ ਕੇਂਦਰ ਸਰਕਾਰ ਦੇ ਤਾਨਾਸ਼ਾਹੀ ਅਤੇ ਗੈਰ-ਲੋਕਤੰਤਰੀ ਵਤੀਰੇ ਕਰਕੇ ਗਲਬਾਤ ਫ਼ੇਲ ਹੋ ਗਈ ਤਾਂ 26-27 ਨਵੰਬਰ ਨੂੰ ਪੰਜਾਬ ਦੀ ਕਿਸਾਨੀ ਨੇ ਪੂਰੇ ਦੇਸ਼ ਦੀਆਂ ਕਿਸਾਨ ਜੱਥੇਬੰਦੀਆਂ ਨਾਲ ਤਾਲ-ਮੇਲ ਕਰਦੇ 'ਦਿੱਲੀ ਚਲੋ' ਦਾ ਸਦਾ ਦਿਤਾ। ਕੇਂਦਰ ਸਰਕਾਰ ਦੀ ਸ਼ਹਿ ਤੇ ਜਿਵੇਂ ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਨੇ ਭਾਰੀ ਕੰਕ੍ਰੀਟ, ਕੰਡਿਆਲੀ ਤਾਰ, ਡੂੰਘੀਆਂ ਖਾਈਆਂ ਵਾਲੇ ਬੈਰੀਕੇਡਾਂ, ਭਾਰੀ ਪੁਲਸ ਨੂੰ ਰਬੜ ਦੀਆਂ ਗੋਲੀਆਂ, ਅੱਥਰੂ ਗੈਸ, ਵਾਟਰ ਕੈਨਨ ਨਾਲ ਲੈਸ ਕਰਕੇ ਪੰਜਾਬ-ਹਰਿਆਣਾ ਸਰਹੱਦ ਇਲਾਵਾ ਹੋਰ ਦਰਜਨਾਂ ਥਾਵਾਂ ਤੇ ਦਿੱਲੀ ਜਾਣੋ ਰੋਕਣ ਦੇ ਪ੍ਰਬੰਧ ਕੀਤੇ, ਇਹ ਪੰਜਾਬੀ ਕਿਸਾਨਾਂ ਨੂੰ ਦੁਸ਼ਮਣ ਦੇਸ਼ ਨਾਗਰਿਕ ਦਰਸਾ ਰਹੇ ਸਨ। ਪੰਜਾਬੀ ਕਿਸਾਨਾਂ ਨੇ ਹਰਿਆਣਾ ਦੇ ਕਿਸਾਨਾਂ ਦੀ ਮਦਦ ਨਾਲ ਪਾਣੀ ਦੀਆਂ ਤੋਪਾਂ, ਅੱਥਰੂ ਗੋਲਿਆਂ, ਲਾਠੀ ਦੀ ਪ੍ਰਵਾਹ ਨਾ ਕਰਦੇ ਸਾਰੇ ਬੈਰੀਕੇਡ ਤੋੜ ਕੇ 60-70 ਹਜ਼ਾਰ ਟ੍ਰੈਕਟਰ-ਟਰਾਲੀਆਂ ਸਮੇਤ ਦੋ ਲੱਖ ਗਿਣਤੀ ਦੇ ਜਾ ਦਿੱਲੀ ਘੇਰੀ। ਆਏ ਦਿਨ ਹਰਿਆਣਾ, ਯੂ.ਪੀ, ਉੱਤਰਾਖੰਡ, ਹਿਮਾਚਲ, ਬਿਹਾਰ, ਰਾਜਿਸਥਾਨ, ਮੱਧ ਪ੍ਰਦੇਸ਼, ਕਰਨਾਟਕ, ਕੇਰਲ, ਬੰਗਾਲ ਤੋਂ ਕਿਸਾਨ ਦਿੱਲੀ ਦੀ ਘੇਰਾਬੰਦੀ ਤੰਗ ਕਰਦੇ ਜਾ ਰਹੇ ਹਨ। ਲਾਮਿਸਾਲ ਗਿਣਤੀ ਵੱਧ ਰਹੀ ਹੈ। ਕੇਂਦਰ ਨਾਲ ਗਲਬਾਤ ਵੀ ਜਾਰੀ ਹੈ।

ਕਿਸਾਨਾਂ ਦਾ ਇਹ ਅਹਿੰਸਕ, ਜ਼ਾਬਤਾ ਭਰਭੂਰ, ਅਤਿ ਵਿਸ਼ਾਲ ਅਤੇ ਸਫ਼ਲ ਤਾਲਮੇਲ ਵਾਲਾ ਅੰਦੋਲਨ ਇੱਕ ਨਵ-ਅਹਿੰਸਕ ਇਨਕਲਾਬ ਵਜੋਂ ਉਭਰਿਆ ਹੈ। ਪੂਰੇ ਵਿਸ਼ਵ ਦੇ ਕਿਸਾਨਾਂ ਅਤੇ ਪ੍ਰਵਾਸੀ ਪੰਜਾਬੀਆਂ ਦੀ ਭਾਰਤੀਆਂ ਸਮੇਤ ਇਸ ਨੂੰ ਹਮਾਇਤ ਮਿਲ ਰਹੀ ਹੈ। ਉਹ ਵਿਦੇਸ਼ਾਂ ਵਿਚ ਇੰਨਾਂ ਦੇ ਹੱਕ ਵਿਚ ਰੋਸ ਮਾਰਚਾਂ ਕੱਢ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਵਿਰੋਧੀ ਧਿਰ ਆਗੂ ਕੰਜ਼ਵੇਟਿਵ ਏਰਨ ਓਟੂਲ ਅਤੇ ਐਨ.ਡੀ.ਪੀ. ਸ: ਜਗਮੀਤ ਸਿੰਘ ਸਮੇਤ ਪਾਰਲੀਮੈਂਟ ਅਤੇ ਪ੍ਰੋਵਿੰਸ਼ੀਅਲ ਪਾਰਲੀਮੈਂਟ ਮੈਂਬਰਾ, ਬ੍ਰਿਟੇਨ, ਅਮਰੀਕਾ, ਅਸਟ੍ਰੇਲੀਆ, ਯੂਰਪੀਨ ਦੇਸ਼ਾਂ ਦੇ ਆਗੂਆਂ ਨੇ ਭਾਰਤ ਸਰਕਾਰ ਅਤੇ ਹਰਿਆਣਾ ਸਰਕਾਰ ਵੱਲੋਂ ਅਣਮਨੁੱਖੀ ਤਸ਼ਦਦ ਦੀ ਨਿੰਦਾ ਕੀਤੀ ਹੈ। ਕਿਸਾਨਾਂ ਦੇ ਸ਼ਾਂਤਮਈ ਇਨਕਲਾਬ ਅਤੇ ਮੰਗਾਂ ਦੀ ਹਮਾਇਤ ਕੀਤੀ ਹੈ।

ਕਿਸਾਨੀ ਨੇ ਇਸ ਸ਼ਾਂਤਮਈ, ਅਹਿੰਸਕ, ਜ਼ਾਬ ਤੇ ਭਰੇ ਇਨਕਲਾਬੀ ਅੰਦੋਲਨ ਨੇ ਇਨਕਲਾਬ ਨੂੰ ਨਵੇਂ ਸਿਰਿਉਂ ਪ੍ਰਭਾਸ਼ਿਤ ਕੀਤਾ ਹੈ। ਸਾਰਾ ਵਿਸ਼ਵ ਜਾਣਦਾ ਹੈ ਕਿ ਅੱਜ ਤੱਕ ਦੇ ਸਭ ਇਨਕਲਾਬ ਹਿੰਸਕ ਅਤੇ ਖੂਨੀ ਹੋ ਗੁਜ਼ਰੇ ਹਨ ਇਹ ਭਾਵੇਂ ਅਮਰੀਕੀ, ਫਰਾਂਸੀਸੀ, ਰੂਸ, ਚੀਨ ਅਤੇ ਕਿਊਬਾ ਅੰਦਰ ਕਮਿਊਨਿਸਟ ਇਨਕਲਾਬ ਹੋਣ। ਲੇਕਿਨ ਸਿੱਖ ਸਿਧਾਂਤਾਂ ਤੋਂ ਸੇਧਤ ਇਹ ਭਾਰਤ ਅੰਦਰ ਕਿਸਾਨੀ ਇਨਕਲਾਬ ਬਿਲਕੁਲ ਸ਼ਾਂਤਮਈ, ਅਹਿੰਸਕ ਅਤੇ ਜ਼ਾਬਤਾ ਭਰਭੂਰ ਹੈ। ਵਿਸ਼ਵ ਹੈਰਾਨ ਹੈ ਕਿ ਜੋ ਪੁਲਸ ਕਰਮਚਾਰੀ ਜਾਂ ਅਰਧ ਫੌਜੀ ਦਲ ਕਿਸਾਨਾਂ ਤੇ ਤਸ਼ਦਦ ਕਰਦੇ ਹਨ, ਪੰਜਾਬੀ ਕਿਸਾਨਾਂ ਵਲੋਂ ਉਂਨਾਂ ਨੂੰ ਪੰਗਤ ਵਿਚ ਬੈਠਾ ਕੇ ਲੰਗਰ ਛਕਾਇਆ ਜਾਂਦਾ ਹੈ।

ਇਹ ਇਨਕਲਾਬੀ ਅੰਦੋਲਨ ਨਿਰੋਲ ਗੈਰ-ਰਾਜਨੀਤਕ, ਗੈਰ-ਧਾਰਮਿਕ, ਗੈਰ-ਜਾਤੀਵਾਦੀ ਅਤੇ ਗੈਰ-ਇਲਾਕਾਵਾਦੀ ਹੈ। ਪੂਰਨ ਜ਼ਾਬਤੇ, ਸਟੇਜ ਸੰਚਾਲਨ ਅਤੇ ਬਾਹਰੀ ਸ਼ਰਾਰਤੀ ਅਨਸਰ ਤੇ ਨਜ਼ਰ ਰਖਣ ਲਈ ਵੱਖ-ਵੱਖ ਸੈਕਟਰਾਂ ਵਿਚ ਇਲਾਕਾ ਵੰਡ ਕਰਕੇ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

ਜਦੋਂ ਪਿੱਛਲੇ ਕ੍ਰਿਸੀਨਲ ਰਿਕਾਰਡ ਵਾਲੇ, ਖਾੜਕੂ, ਰਾਜਨੀਤਕ ਆਗੂਆਂ ਨੂੰ ਸਟੇਜ ਅਤੇ ਇਕੱਠ ਵਿਚ ਥਾਂ ਨਹੀਂ ਦਿਤੀ ਤਾਂ ਉਹ ਬੇਵਕੂਫਾਨਾ ਢੰਗ ਨਾਲ ਅੰਦੋਲਨ ਤਾਰਪੀਡੋ ਕਰਨ ਤੇ ਉੱਤਰ ਆਏ। ਕੇਤੀਆ ਕਾਂਡ ਅਤੇ ਰਾਜਕੀ ਜ਼ਿਆਦਤੀਆਂ ਕਰਕੇ ਬਦਨਾਮ ਪਰਿਵਾਰ ਨਾਲ ਸਬੰਧਿਤ ਮੈਂਬਰ ਪਾਰਲੀਮੈਂਟ ਰਵਨੀਤ ਬਿਟੂ ਨੇ ਅੰਦੋਲਨਕਾਰੀਆਂ ਨੂੰ ਸ਼੍ਰੀ ਮੋਦੀ ਸਰਕਾਰ ਵਾਂਗ ਧਮਕਾਉਣੋਂ ਕਸਰ ਨਹੀਂ ਛੱਡੀ।

ਕੁੱਝ ਆਪੇ ਬਣੇ ਸਲਾਹਕਾਰ ਕਿਸਾਨ ਆਗੂਆਂ ਨੂੰ ਨਾਮ ਨਿਹਾਦ ਆਗੂ ਅਤੇ ਗਿਆਨ ਰਹਿਤ ਕਹਿ ਕੇ ਆਪਣੀ ਅਕਲ ਦਾ ਜਨਾਜ਼ਾ ਕਢਦੇ ਵੇਖੇ। ਜਿਵੇਂ ਸਿਰ ਤੱਲੀ ਤੇ ਧਰ ਕੇ, ਲੱਖਾਂ ਕਿਸਾਨਾਂ ਦੀ ਅਗਵਾਈ ਕਰਕੇ ਪੂਰੇ ਜ਼ਾਬਤੇ, ਅਹਿੰਸਕ ਢੰਗ ਨਾਲ, ਕੇਂਦਰੀ ਮੰਤਰੀਆਂ ਦੇ ਗਲਬਾਤ ਵਿਚ ਦੰਦ ਖੱਟੇ ਕਰਦੇ ਉਹ ਇਨਕਲਾਬ ਸਿਰਜ ਰਹੇ ਹਨ, ਕੀ ਉਨ੍ਹਾਂ ਦਾ ਅੱਜ ਕੋਈ ਸਾਨੀ ਹੈ?

ਕੇਂਦਰ ਅਤੇ ਸਰਮਾਏਦਾਰ ਕਰੋਨੀ ਕਾਰਪੋਰੇਟਰਾਂ ਖਰੀਦਿਆ ਕੌਮੀ ਤੇ ਇਲਾਕਾਈ ਇਲੈਟ੍ਰਾਨਿਕ ਅਤੇ ਪ੍ਰਿੰਟ ਮੀਡੀਆ, ਅਫਸਰਸ਼ਾਹਾਂ ਅਤੇ ਪਿੱਠੂ ਲੇਖਕਾਂ, ਕਲਾਕਾਰਾਂ, ਐਕਟਰਾਂ ਦਾ ਧੂਆਂਧਾਰ ਗੋਬਲਜ਼ ਪ੍ਰਾਪੇਗੰਡਾ, ਗੁੰਡਾਗਰਦ ਅਤੇ ਸ਼ਰਾਰਤੀ ਅਨਸਰ ਇਸ ਇਨਕਲਾਬੀ ਅੰਦੋਲਨ ਦਾ ਜੇਕਰ ਅੱਜ ਤੱਕ ਕੁੱਝ ਨਹੀਂ ਵਿਗਾੜ ਸਕਿਆ, ਸਰਕਾਰ ਅਤੇ ਉਸਦੀਆਂ ਖੁਫੀਆ ਏਜੰਸੀਆਂ ਇਸ ਵਿਚ ਦੁਫੇੜ ਨਹੀਂ ਪਵਾ ਸਕੀਆਂ ਤਾਂ ਅਸੀਂ ਪੂਰੇ ਦੇਸ਼ ਵਾਸੀਆਂ ਸਮੇਤ ਇਸ ਇਨਕਲਾਬੀ ਅੰਦੋਲਨ ਅਤੇ ਇਸ ਦੇ ਕਿਸਾਨ ਆਗੂਆਂ ਨੂੰ ਸਲਾਮ ਕਰਦੇ ਹਾਂ। ਨਿਸਚਿਤ ਤੌਰ 'ਤੇ ਇਹ ਜਿੱਤ ਹਾਸਲ ਕਰੇਗਾ।

# ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕਿਉਂ ?

ਇਹ ਉਹ ਹਿੱਸੇ ਹਨ ਜਿਹੜੇ ਮੋਦੀ ਸਰਕਾਰ ਦੇ ਜਾਬਰ ਅਤੇ ਫਿਰਕੂ ਹਮਲੇ ਖਿਲਾਫ ਮੁਲਕ ਦੇ ਲੋਕਾਂ ਨਾਲ ਡੱਟਕੇ ਖੜ੍ਹੇ ਹਨ, ਕਈਆਂ ਨੇ ਸ਼ਹਾਦਤਾਂ ਦਿੱਤੀਆਂ, ਕਈ ਜੇਲ੍ਹਾਂ 'ਚ ਜਿੰਦਗੀਆਂ ਗਾਲ਼ ਰਹੇ ਹਨ। ਪਰ ਇਹਨਾਂ ਨੇ ਲੋਕਾਂ ਨੂੰ ਸੱਚ ਦੱਸਣ ਦੇ ਆਪਣੇ ਫਰਜ ਤੋਂ ਕਦੇ ਮੁੱਖ ਨਹੀਂ ਮੋੜਿਆ। ਇਹਨਾਂ ਨੇ ਆਪਣੀਆਂ ਕਲਮਾਂ, ਕਲਾ ਤੇ ਸ਼ਾਂਤਮਈ ਸਰਗਰਮੀਆਂ ਰਾਹੀਂ ਭਾਜਪਾ ਹਕੂਮਤ ਦੇ ਫਿਰਕੂ ਪ੍ਰਚਾਰ ਦਾ ਪਰਦਾਚਾਕ ਕੀਤਾ ਹੈ। ਉਹਦੇ ਕਾਰਪੋਰੇਟ ਪੱਖੀ ਏਜੰਡੇ ਦਾ ਪਰਦਾਫਾਸ਼ ਕੀਤਾ ਹੈ। ਕੰਪਨੀਆਂ ਦੇ ਕਾਰੋਬਾਰਾਂ ਦੇ ਪਸਾਰੇ ਖਾਤਰ ਉਜਾੜੇ ਜਾ ਰਹੇ ਆਦਿਵਾਸੀਆਂ ਦੇ ਹੱਕਾਂ ਲਈ ਆਵਾਜ ਉਠਾਈ ਹੈ। ਸਰਦੇ ਪੁੱਜਦੇ ਪਰਵਾਰ 'ਚੋਂ ਸਟੇਨ ਸਵਾਮੀ ਵਰਗੇ ਕਾਰਕੁੰਨਾਂ ਨੇ ਝਾਰਖੰਡ ਦੇ ਜੰਗਲਾਂ 'ਚ ਜਾ ਕੇ ਜ਼ਿੰਦਗੀਆਂ ਗੁਜ਼ਾਰੀਆਂ ਹਨ। ਸੁਧਾ ਭਾਰਦਵਾਜ ਵਰਗੀਆਂ ਜਹੀਨ ਔਰਤਾਂ ਨੇ ਆਪਣੀ ਸਾਰੀ ਲਿਆਕਤ ਅਤੇ ਗਿਆਨ ਨੂੰ ਗਰੀਬ ਕਿਰਤੀਆਂ ਦੀ ਬੇਹਤਰੀ ਲਈ ਝੋਕਿਆ ਹੈ। ਹਰ ਤਰ੍ਹਾਂ ਦੇ ਸੁੱਖ-ਅਰਾਮ ਤਿਆਗ ਕੇ, ਕਿਰਤੀ ਲੋਕਾਂ ਦੀ ਸੇਵਾ ਨੂੰ ਮਿਸ਼ਨ ਬਣਾਇਆ ਹੈ। ਉਹਨਾਂ ਦਾ ਇਹੀ ਕਸੂਰ ਹੈ ਕਿ ਉਹ ਹਕੂਮਤਾਂ ਦੀਆਂ ਲੋਕ-ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ ਡਟਕੇ ਖੜੇ ਹਨ। ਇਹਨਾਂ ਨੇ ਕੁਚਲੇ ਜਾ ਰਹੇ ਕਸ਼ਮੀਰੀ ਲੋਕਾਂ, ਦਲਿਤਾਂ, ਔਰਤਾਂ ਅਤੇ ਹਰ ਤਰ੍ਹਾਂ ਦੇ ਦਬਾਏ-ਲਤਾੜੇ ਲੋਕਾਂ ਨੂੰ ਜਗਾਉਣ, ਚੇਤੰਨ ਕਰਨ ਤੇ ਜਥੇਬੰਦ ਕਰਨ 'ਚ ਅਹਿਮ ਰੋਲ ਨਿਭਾਇਆ ਹੈ। ਵੇਦਾਂਤਾ ਵਰਗੀਆਂ ਕੰਪਨੀਆਂ ਵੀ ਇਹਨਾਂ ਨੂੰ ਆਪਣੇ ਡਾਲਰਾਂ ਨਾਲ ਭਰਮਾ ਨਹੀਂ ਸਕੀਆਂ। ਇਸੇ ਕਰਕੇ ਉਹਨਾਂ ਨੂੰ ਝੂਠੇ ਪ੍ਰਚਾਰ ਦਾ ਨਿਸ਼ਾਨਾ ਬਣਾਇਆ ਗਿਆ ਹੈ। ਕਦੇ ਉਹਨਾਂ ਨੂੰ "ਸ਼ਹਿਰੀ ਨਕਸਲੀ" ਕਰਾਰ ਦਿੱਤਾ ਗਿਆ ਹੈ ਤੇ ਕਦੇ ਦੇਸ਼-ਧ੍ਰੋਹੀ ਜਾਂ ਟੁਕੜੇ-ਟੁਕੜੇ ਗੈਂਗ ਦਾ ਨਾਮ ਦਿੱਤਾ ਗਿਆ ਹੈ। ਇਹਨਾਂ 'ਚ ਉਹ ਬੇਕਸੂਰ ਮੁੰਡੇ-ਕੁੜੀਆਂ ਵੀ ਸ਼ਾਮਲ ਹਨ ਜਿਹਨਾਂ ਦੇ ਪਰਿਵਾਰਾਂ ਨੂੰ ਪਹਿਲਾਂ ਦਿੱਲੀ ਵਿੱਚ ਫਿਰਕੂ ਹਿੰਸਾ ਦਾ ਨਿਸ਼ਾਨਾ ਬਣਾਇਆ ਗਿਆ ਤੇ ਮਗਰੋਂ ਉਹਨਾਂ ਨੂੰ ਹੀ ਇਸ ਹਿੰਸਾ ਦਾ ਜ਼ੁੰਮੇਵਾਰ ਕਰਾਰ ਦੇ ਕੇ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ। ਕੀ ਅਜਿਹੇ ਮੌਕੇ ਸਾਡਾ ਫਰਜ ਨਹੀਂ ਬਣਦਾ ਕਿ ਅਸੀਂ ਇਹਨਾਂ ਸੱਚ ਦੇ ਰਾਹੀਆਂ ਲਈ ਆਵਾਜ ਬੁਲੰਦ ਕਰੀਏ। ਅਸੀਂ ਇਹ ਆਵਾਜ਼ ਪਹਿਲੀ ਵਾਰ ਨਹੀਂ ਉਠਾਈ। ਕਰੋਨਾ ਸੰਕਟ ਦੇ ਸਾਰੇ ਸਮੇਂ 'ਚ ਜਦੋਂ ਐਮਰਜੈਂਸੀ ਵਰਗੀ ਹਾਲਤ ਮੜ੍ਹੀ ਗਈ ਸੀ, ਅਸੀਂ ਉਦੋਂ ਤੋਂ ਹੀ ਇਹ ਆਵਾਜ ਉਠਾਉਂਦੇ ਆ ਰਹੇ ਹਾਂ। ਇਹਨਾਂ ਦੀ ਰਿਹਾਈ ਦੀ ਮੰਗ ਮੌਜੂਦਾ ਸੰਘਰਸ਼ ਦੇ ਐਨ ਸ਼ੁਰੂ ਤੋਂ ਹੀ ਨਾਲ ਰੱਖੀ ਗਈ ਹੈ। ਪੰਜਾਬ ਦੇ ਸਭਨਾਂ ਨਾਕਿਆਂ/ਧਰਨਿਆਂ 'ਤੇ ਇਹਨਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਕੇਂਦਰੀ ਹਕੂਮਤ ਵੱਲੋਂ ਸਾਡੇ ਵੱਲੋਂ ਦਿੱਤੇ ਮੰਗ ਪੱਤਰ ਵਿੱਚ ਵੀ ਇਹ ਮੰਗ ਦਰਜ ਹੈ। ਇਹ ਮੰਗ ਨਾ ਸਿਰਫ ਸਾਡੇ ਵੱਲੋਂ ਸਰਕਾਰ ਨੂੰ ਪੇਸ਼ ਮੰਗ-ਪੱਤਰ ਵਿੱਚ ਸ਼ਾਮਲ ਹੈ ਸਗੋਂ 30 ਜਥੇਬੰਦੀਆਂ ਦੇ ਪਲੇਟਫਾਰਮ ਵੱਲੋਂ ਵੀ ਇਹਨਾਂ ਨੂੰ ਰਿਹਾਅ ਕਰਨ ਦੀ ਮੰਗ ਆਪਣੇ ਮੰਗ ਪੱਤਰ ਵਿੱਚ ਉਠਾਈ ਗਈ ਹੈ। ਪੰਜਾਬ ਦੀ ਸਮੁੱਚੀ ਜਮਹੂਰੀ ਲਹਿਰ ਇਨ੍ਹਾਂ ਦੀ ਰਿਹਾਈ ਲਈ ਆਵਾਜ਼ ਉਠਾਉਂਦੀ ਆ ਰਹੀ ਹੈ। ਮੋਦੀ ਸਰਕਾਰ ਦੇ ਜ਼ਹਿਰੀਲੇ ਫਿਰਕੂ ਪ੍ਰਚਾਰ ਮੂਹਰੇ ਇਸੇ ਜੁਰਅਤ ਭਰਪੂਰ ਨਾਅਰੇ ਲਈ ਪੰਜਾਬ ਮੁਲਕ ਭਰ ਅੰਦਰ ਜਾਣਿਆ ਜਾ ਰਿਹਾ ਹੈ ਤੇ ਸਭਨਾਂ ਜਮਹੂਰੀ ਲੋਕਾਂ ਲਈ ਹੌਂਸਲੇ ਦਾ ਜਰੀਆ ਬਣ ਰਿਹਾ ਹੈ। ਇਹਨਾਂ ਹਿੱਸਿਆਂ 'ਤੇ ਜਬਰ ਕਰਨਾ ਤੇ ਜੇਲੀਂ ਡੱਕਣਾ ਇਹੋ ਜਿਹੀ ਗੱਲ ਹੀ ਹੈ ਜਿਵੇਂ ਸਾਡੇ ਪੰਜਾਬ ਦੇ ਉੱਘੇ ਲੋਕ-ਪੱਖੀ ਪੱਤਰਕਾਰਾਂ ਚਰਨਜੀਤ ਭੁੱਲਰ ਜਾਂ ਦਵਿੰਦਰਪਾਲ ਵਰਗਿਆਂ ਨੂੰ ਚੋਣਵਾਂ ਨਿਸ਼ਾਨਾ ਬਣਾਇਆ ਜਾਵੇ, ਜਾਂ ਜਿਵੇਂ ਜਮਹੂਰੀ ਹੱਕਾਂ ਦੇ ਲਈ ਸੰਘਰਸ਼ਸ਼ੀਲ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੂੰ ਜੇਲ੍ਹ ਡੱਕਿਆ ਜਾਵੇ ਜਾਂ ਲੋਕਾਂ ਦੇ ਹੱਕਾਂ ਲਈ ਅਦਾਲਤਾਂ 'ਚ ਡਟਣ ਵਾਲੇ ਨਾਮੀ ਵਕੀਲਾਂ, ਸਾਡੇ ਹਰਮਨ ਪਿਆਰੇ ਸਾਹਿਤਕਾਰਾਂ ਦੀ ਜਬਾਨਬੰਦੀ ਕੀਤੀ ਜਾਵੇ। ਜਾਂ ਪਿੰਡ-ਪਿੰਡ ਜਾ ਕੇ ਆਪਣੇ ਨਾਟਕਾਂ, ਗੀਤਾਂ ਰਾਹੀਂ ਲੋਕਾਂ ਨੂੰ ਜਗਾਉਣ ਵਾਲੇ ਸਾਡੇ ਕਲਾਕਾਰਾਂ ਨੂੰ ਜੇਲ੍ਹੀਂ ਸੁੱਟ ਦਿੱਤਾ ਜਾਵੇ। ਜਿਵੇਂ ਕਿਸੇ ਵੇਲੇ ਉੱਘੇ ਮਰਹੂਮ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਨੂੰ ਆਪਣੇ ਨਾਟਕਾਂ ਜ਼ਰੀਏ ਐਮਰਜੈਂਸੀ ਦਾ ਵਿਰੋਧ ਪ੍ਰਗਟਾਉਣ ਕਾਰਨ ਜੇਲ੍ਹ ਡੱਕਿਆ ਗਿਆ ਸੀ। ਇਹ ਪੰਜਾਬ ਦੇ ਬੁੱਧੀਜੀਵੀ ਹੀ ਹਨ ਜਿਹਨਾਂ ਨੇ ਖੇਤੀ ਕਾਨੂੰਨਾਂ ਖਿਲਾਫ ਆਪਣੇ ਲੇਖਾਂ ਰਾਹੀਂ ਕਿਸਾਨਾਂ ਨੂੰ ਸੱਚ ਦੱਸਿਆ। ਕਿਸਾਨਾਂ ਦੀ ਭਲਾਈ ਦੇ ਨਾਂ 'ਤੇ ਲਿਆਂਦੇ ਇਹਨਾਂ ਕਾਨੂੰਨਾਂ ਦੀ ਕਿਸਾਨ ਮਾਰੂ ਅਸਲੀਅਤ ਸਾਹਮਣੇ ਲਿਆਂਦੀ। ਅਜਿਹੇ ਸਾਰੇ ਹਿੱਸੇ ਹਕੂਮਤਾਂ ਦੀਆਂ ਅੱਖਾਂ 'ਚ ਰੜਕਦੇ ਹਨ ਤੇ ਉਹਨਾਂ ਲਈ ਜੇਲ੍ਹਾਂ ਤੇ ਝੂਠੇ ਕੇਸਾਂ ਦੀ ਨੀਤੀ ਹੈ। ਇਹਨਾਂ ਦੀ ਰਿਹਾਈ ਲਈ ਆਵਾਜ ਉਠਾਉਣਾ ਸਮੁੱਚੇ ਲੋਕ-ਪੱਖੀ ਬੁੱਧੀਜੀਵੀਆਂ ਦੇ ਹੱਕ ਵਿੱਚ ਡਟਣਾ ਹੈ ਤੇ ਉਹਨਾਂ ਨੂੰ ਸਰਕਾਰਾਂ ਦੀਆਂ ਲੁਟੇਰੀਆਂ ਨੀਤੀਆਂ ਦਾ ਪਰਦਾਫਾਸ਼ ਕਰਦੇ ਰਹਿਣ ਦੇ ਮਹਾਨ ਕਾਰਜ ਲਈ ਹੱਲਾਸ਼ੇਰੀ ਦੇਣਾ ਹੈ, ਊਰਜਾ ਦੇਣਾ ਹੈ ਤੇ ਉਹਨਾਂ ਦੀ ਧਿਰ ਬਣਕੇ ਖੜ੍ਹਨਾ ਹੈ।

ਸਾਡੇ ਸਮਾਜ ਅੰਦਰ ਪੈਰ-ਪੈਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਅਸੀਂ ਵੱਖ-ਵੱਖ ਮੌਕਿਆਂ 'ਤੇ ਇਹਨਾਂ ਖਿਲਾਫ ਆਵਾਜ਼ ਉਠਾਉਂਦੇ ਆ ਰਹੇ ਹਾਂ। ਅਸੀਂ ਹਰ ਜਾਤ, ਧਰਮ, ਨਸਲ, ਇਲਾਕੇ ਤੇ ਬੋਲੀ ਦੇ ਕਿਰਤੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਹਾਮੀ ਹਾਂ। ਉਹਨਾਂ ਨਾਲ ਖੜ੍ਹਣ ਵਾਲੇ ਹਾਂ। ਅਸੀਂ ਕਿਸੇ ਵਿਸ਼ੇਸ਼ ਫਿਰਕੇ ਦੇ ਅਧਿਕਾਰਾਂ ਤੱਕ ਸੀਮਤ ਨਹੀਂ ਹਾਂ। ਅਸੀਂ ਕਿਸੇ ਫਿਰਕੂ ਸੋਚਣੀ ਵਾਲੇ ਵਿਅਕਤੀ ਨਾਲ ਵੀ ਵਿਚਾਰਾਂ ਦੇ ਖੇਤਰ ਵਿੱਚ ਸੰਘਰਸ਼ ਦੇ ਹਾਮੀ ਹਾਂ। ਹਰ ਤਰ੍ਹਾਂ ਦੇ ਨਿਯਮ ਕਾਨੂੰਨ ਛਿੱਕੇ ਟੰਗ ਕੇ ਅਜਿਹੇ ਵਿਚਾਰਾਂ ਨੂੰ ਕੁਚਲ ਦੇਣ ਦੇ ਡਟਵੇਂ ਵਿਰੋਧੀ ਹਾਂ। ਮੌਜੂਦਾ ਸਮੇਂ ਜੇਲ੍ਹੀਂ ਡੱਕੇ ਇਹ ਬੁੱਧੀਜੀਵੀ ਲੋਕਾਂ ਦੇ ਵਿਚਾਰ ਪ੍ਰਗਟਾਵੇ ਦੇ ਹੱਕ ਨੂੰ ਪੁਗਾਉਣ ਕਰਕੇ ਨਿਸ਼ਾਨਾ ਬਣੇ ਹਨ। ਮਨੁੱਖੀ ਅਧਿਕਾਰਾਂ ਦੇ ਦਿਹਾੜੇ ਮੌਕੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਇਹ ਮੌਜੂਦਾ ਸਮੇਂ ਦੇ ਉੱਭਰਵੇਂ ਮਸਲਿਆਂ 'ਚੋਂ ਇੱਕ ਹੈ। ਇਹ ਲੋਕ ਮੋਦੀ ਹਕੂਮਤ ਦੇ ਜਾਬਰ ਹਮਲੇ ਦਾ ਵਿਸ਼ੇਸ਼ ਕਰਕੇ ਚੋਣਵਾਂ ਨਿਸ਼ਾਨਾ ਬਣਾਏ ਗਏ ਹਨ। ਲੋਕਾਂ ਦੇ ਸੰਘਰਸ਼ਾਂ ਅਤੇ ਇਹਨਾਂ ਦੀ ਆਵਾਜ ਦਾ ਆਪਸ ਵਿੱਚ ਬਹੁਤ ਗੂੜ੍ਹਾ ਰਿਸ਼ਤਾ ਹੈ। ਅਸੀਂ ਇਸ ਦਿਹਾੜੇ ਮੌਕੇ ਉਹਨਾਂ ਦੀ ਰਿਹਾਈ ਦੀ ਆਵਾਜ ਉਠਾ ਕੇ ਆਪਣਾ ਫਰਜ ਅਦਾ ਕੀਤਾ ਹੈ ਤੇ ਅੱਗੇ ਤੋਂ ਵੀ ਕਰਦੇ ਰਹਾਂਗੇ। ਇਸਨੂੰ ਕਿਸੇ ਵੀ ਵਿਸ਼ੇਸ਼ ਧਰਮ, ਜਾਤ, ਰੰਗ ਜਾਂ ਇਲਾਕੇ ਨਾਲ ਜੋੜਣਾ ਵਾਜਬ ਨਹੀਂ ਹੈ। ਇਹ ਵੰਡ-ਪਾਊ ਸਿਆਸਤ ਦਾ ਭਾਜਪਾ ਹਕੂਮਤ ਦਾ ਤਰੀਕਾ ਹੈ ਤੇ ਉਸਦੀਆਂ ਚਾਲਾਂ ਤੋਂ ਬਚਣ ਦੀ ਲੋੜ ਹੈ। ਜਾਤ ਧਰਮ ਤੋਂ ਉੱਪਰ ਉੱਠ ਕੇ ਹੱਕ-ਸੱਚ ਲਈ ਆਵਾਜ ਉਠਾਉਣ ਵਾਲਾ ਹਰ ਵਿਅਕਤੀ ਉਸ ਲਈ ਦੇਸ਼-ਧ੍ਰੋਹੀ ਹੈ। ਉਸਨੂੰ ਵਿਸ਼ੇਸ਼ ਧਰਮ ਜਾਂ ਵਿਸ਼ੇਸ਼ ਵਿਚਾਰਧਾਰਾ ਨਾਲ ਜੋੜਕੇ ਪੇਸ਼ ਕਰਨਾ ਉਸਦਾ ਜਾਣਿਆ ਪਹਿਚਾਣਿਆ ਤਰੀਕਾਕਾਰ ਹੈ। ਕਿਸੇ ਨੂੰ ਨਕਸਲੀ, ਕਿਸੇ ਨੂੰ ਪਾਕਿਸਤਾਨੀ ਸ਼ਹਿ ਵਾਲੇ ਦਹਿਸ਼ਤਗਰਦ ਕਰਾਰ ਦਿੱਤਾ ਜਾਂਦਾ ਹੈ। ਸਾਨੂੰ ਉਸਦੀਆਂ ਸ਼ੋਸ਼ਲ ਮੀਡੀਆ ਟੀਮਾਂ ਦੇ ਭੰਡੀ-ਪ੍ਰਚਾਰ ਦਾ ਹਿੱਸਾ ਬਣਨ ਤੋਂ ਬਚਣਾ ਚਾਹੀਦਾ ਹੈ। ਜਿੱਥੋਂ ਤਕ ਸਿਰਫ਼ ਕਿਸਾਨ ਮੰਗਾਂ ਤੱਕ ਸੀਮਤ ਰਹਿਣ ਦਾ ਤੁਅੱਲਕ ਹੈ ਇਹ ਸੋਚਣੀ ਵਾਜਬ ਨਹੀਂ ਹੈ। ਲੋਕ ਪੱਖੀ ਬੁੱਧੀਜੀਵੀਆਂ ਦੀ ਰਿਹਾਈ ਲਈ ਆਵਾਜ਼ ਉਠਾਉਣ ਦਾ ਲੋਕ ਸੰਘਰਸ਼ਾਂ ਨਾਲ ਗੂੜ੍ਹਾ ਸੰਬੰਧ ਹੈ। ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਹੀ ਇਸ ਲਈ ਗਈਆਂ ਹਨ ਕਿ ਲੋਕਾਂ ਦੇ ਸੰਘਰਸ਼ਾਂ ਨੂੰ ਬੁੱਧੀਜੀਵੀਆਂ ਦੇ ਸਾਥ ਤੋਂ ਵਾਂਝਾ ਕੀਤਾ ਜਾ ਸਕੇ। ਹਕੂਮਤ ਚਾਹੁੰਦੀ ਹੈ ਕਿ ਹਰ ਤਬਕਾ ਹਰ ਇਲਾਕਾ ਆਪਣੇ ਸੌੜੇ ਹਿੱਤਾਂ ਤੱਕ ਸੀਮਤ ਰਹੇ, ਜਬਰ ਦਾ ਨਿਸ਼ਾਨਾ ਬਣ ਰਹੇ ਹੋਰ ਕਿਸੇ ਹਿੱਸੇ ਦੇ ਹੱਕ 'ਚ ਆਵਾਜ਼ ਨਾ ਉਠਾਵੇ ਤੇ ਇਉਂ ਸਾਰਿਆਂ ਨੂੰ ਇਕੱਲੇ ਇਕੱਲੇ ਨਜਿੱਠਿਆ ਜਾ ਸਕੇ। ਇਸ ਲਈ ਜਬਰ ਦਾ ਨਿਸ਼ਾਨਾ ਬਣਾਏ ਜਾ ਰਹੇ ਹਰ ਤਬਕੇ ਦੀ ਸਾਂਝ ਜ਼ਰੂਰੀ ਹੈ। ਸਾਡੀ ਆਪਣੀ ਧਿਰ ਦੇ ਹੋਰਨਾਂ ਲੋਕਾਂ ਤੋਂ ਬੇਮੁੱਖ ਰਹਿਣ ਦੀ ਇਹ ਸੌੜੀ ਤੇ ਤੰਗਨਜਰ ਪਹੁੰਚ ਸਾਡੇ ਸੰਘਰਸ਼ ਨੂੰ ਕਮਜ਼ੋਰ ਕਰਨ ਦਾ ਜ਼ਰੀਆ ਹੀ ਬਣੇਗੀ ਨਾ ਕਿ ਤਕੜਾਈ ਬਖ਼ਸ਼ਣ ਦਾ। ਇਸ ਲਈ ਆਓ ਮੋਦੀ ਹਕੂਮਤ ਦੇ ਜਬਰ ਦਾ ਨਿਸ਼ਾਨਾ ਬਣ ਰਹੇ ਹਰ ਪੀੜਤ ਹਿੱਸੇ ਦੀ ਆਵਾਜ਼ ਨੂੰ ਆਪਣੇ ਹੱਕਾਂ ਦੀ ਆਵਾਜ ਨਾਲ ਰਲ਼ਾਈਏ।

ਸੂਬਾ ਕਮੇਟੀ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ)
9417557433, 9417466038



ਮਨਦੀਪ
mandeepsaddowal@gmail.com

# ਪੰਜਾਬੀ ਕਲਾਕਾਰ ਅਤੇ ਕਿਸਾਨ ਸੰਘਰਸ਼





ਅੱਜ ਪੰਜਾਬ ਦੇ ਕਲਾਕਾਰ, ਕਿਸਾਨ ਸੰਘਰਸ਼ ਦੀ ਅਵਾਜ਼ ਨਾਲ ਅਵਾਜ਼ ਮਿਲਾ ਰਹੇ ਹਨ ਜੋ ਕਿ ਸੁਲੱਖਣਾ ਵਰਤਾਰਾ ਹੈ। ਪੰਜਾਬ ਦੇ ਇਨਕਲਾਬੀ ਸੰਘਰਸ਼ਾਂ ਨੇ ਅਜਿਹਾ ਨੌਜਵਾਨ ਉਭਾਰ ਲੱਗਭਗ ਅੱਧੀ ਸਦੀ ਪਹਿਲਾਂ ਸੱਤਰਵਿਆਂ-ਅੱਸਵਿਆਂ ਦੇ ਦੌਰ ਵਿੱਚ ਵੇਖਿਆ ਸੀ, ਭਾਵੇਂਕਿ ਮੌਜੂਦਾ ਨੌਜਵਾਨ ਉਭਾਰ ਉਸ ਦੌਰ ਨਾਲੋਂ ਸਿਫਤੀ ਤੌਰ ਤੇ ਪੂਰੀ ਤਰ੍ਹਾਂ ਅਲੱਗ ਹੈ। ਬੀਤੇ ਦੋ-ਤਿੰਨ ਵਰ੍ਹਿਆਂ ਤੋਂ ਰੋਹਲੀ ਨੌਜਵਾਨ ਅਵਾਜ਼ ਸੰਸਾਰ ਭਰ ਦੇ ਵੱਖ-ਵੱਖ ਮੁਲਕਾਂ ਵਿੱਚ ਵੇਖਣ-ਸੁਨਣ ਨੂੰ ਮਿਲਦੀ ਆ ਰਹੀ ਹੈ। ਇਹਨਾਂ ਸਾਲਾਂ 'ਚ, ਫਰਾਂਸ ਅੰਦਰ ਚੱਲੀ ਪੀਲੀਆਂ ਜੈਕਟਾਂ ਵਾਲਿਆਂ ਦੀ ਲਹਿਰ, ਚਿੱਲੀ ਅੰਦਰ ਮੈਟਰੋ ਕਿਰਾਇਆਂ ਵਿੱਚ ਵਾਧੇ ਖਿਲਾਫ ਉੱਠੀ ਲਹਿਰ, ਅਮਰੀਕਾ 'ਚ ਹਾਰਵਰਡ ਯੂਨੀਵਰਸਿਟੀ ਅੰਦਰ ਕਾਲੇ ਵਿਦਿਆਰਥੀਆਂ ਦਾ ਸੰਘਰਸ਼, ਮੈਕਸੀਕੋ ਦਾ ਅਧਿਆਪਕ ਸੰਘਰਸ਼, ਫਲਸਤੀਨ ਅੰਦਰ ਇਸਰਾਇਲੀ ਹਮਲਿਆਂ ਖਿਲਾਫ ਨੌਜਵਾਨਾਂ ਦੀ ਲੰਮੀ ਜੱਦੋਜਹਿਦ, ਭ੍ਰਿਸ਼ਟਾਚਾਰ ਖਿਲਾਫ ਲਿਬਨਾਨੀ ਨੌਜਵਾਨਾਂ ਦਾ ਸੰਘਰਸ਼, ਬਾਰਸੀਲੋਨਾ ਵਿੱਚ ਸਪੈਨਿਸ਼ ਸਰਕਾਰ ਦੇ ਰਾਜਕੀ ਜਬਰ ਖਿਲਾਫ ਉੱਠਿਆ ਲੋਕ ਰੋਹ, ਐਕੂਆਦੋਰ ਵਿੱਚ ਆਈਐਮਐਫ ਦੀਆਂ ਨੀਤੀਆਂ ਖਿਲਾਫ ਸੰਘਰਸ਼, ਬਰਾਜ਼ੀਲ ਵਿੱਚ ਐਮਾਜ਼ੋਨ ਜੰਗਲ 'ਚ ਲੱਗੀ ਅੱਗ ਖਿਲਾਫ ਆਦਿਵਾਸੀ ਸੰਘਰਸ਼, ਗਰੇਟਾ ਦੇ ਪ੍ਰਭਾਵ ਹੇਠ ਵਾਤਾਵਰਣ ਬਚਾਓ ਲਹਿਰ, ਵੈਨਜ਼ੂਏਲਾ ਰਾਜਪਲਟੇ ਖਿਲਾਫ ਸੰਘਰਸ਼, ਲੋਕ ਵਿਰੋਧੀ ਬਿਲ ਖਿਲਾਫ ਹਾਂਗਕਾਂਗ ਲੋਕਾਂ ਦਾ ਸੰਘਰਸ਼, ਸਵੈ-ਨਿਰਣੇ ਦੇ ਅਧਿਕਾਰ ਦਾ ਕਸ਼ਮੀਰ ਸੰਘਰਸ਼ ਆਦਿ ਵਿਸ਼ਾਲ ਸੰਘਰਸ਼ ਵੇਖਣ ਨੂੰ ਮਿਲੇ ਜਿਹਨਾਂ ਵਿੱਚ ਨੌਜਵਾਨਾਂ ਨੇ ਵੱਧ-ਚੜ ਕੇ ਹਿੱਸਾ ਲਿਆ। ਅਕਤੂਬਰ 2019 'ਚ ਸਬਵੇਅ ਕਿਰਾਇਆਂ ਖਿਲਾਫ ਚੱਲੇ ਚਿੱਲੀ ਦੇ ਖਾੜਕੂ ਸੰਘਰਸ਼ ਵਿੱਚ ਤਾਂ ਹਜ਼ਾਰਾਂ (ਇੱਕ ਅੰਦਾਜੇ ਮੁਤਾਬਕ ਦਸ ਹਜ਼ਾਰ) ਕਲਾਕਾਰਾਂ ਨੇ ਹੱਥਾਂ 'ਚ ਗਿਟਾਰ ਫੜਕੇ ਵਿਕਟਰ ਜਾਰਾ ਦੇ ਇਨਕਲਾਬੀ ਗੀਤ ਗਾਏ। ਇਹਨਾਂ ਵਿਚੋਂ ਕਈ ਸੰਘਰਸ਼ ਦੁੱਧ ਦੇ ਉਬਾਲ ਵਾਂਗ ਉੱਠੇ ਅਤੇ ਅਪਾਣਾ ਪ੍ਰਭਾਵ ਛੱਡਕੇ ਮੱਠੇ ਪੈ ਗਏ ਅਤੇ ਕਈਆਂ ਨੇ ਆਪਣੀ ਲਗਾਤਾਰਤਾ ਬਰਕਰਾਰ ਰੱਖੀ ਹੋਈ ਹੈ। ਕੁਝ ਸਾਲਾਂ ਬਾਅਦ ਪੰਜਾਬ ਦੇ ਨੌਜਵਾਨ ਕਲਾਕਾਰਾਂ ਦੀ ਮੌਜੂਦਾ ਸੰਘਰਸ਼ 'ਚ ਰਹੀ ਭੂਮਿਕਾ ਦਾ ਵੀ ਵਿਸ਼ਲੇਸ਼ਣ ਕੀਤਾ ਜਾਵੇਗਾ। ਮੋਦੀ ਹਕੂਮਤ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਚੱਲ ਰਹੇ ਮੌਜੂਦਾ ਕਿਸਾਨ ਸੰਘਰਸ਼ ਵਿੱਚ ਨਿੱਤਰੇ ਨੌਜਵਾਨਾਂ ਦੀ ਭੂਮਿਕਾ ਕਿੰਨੀ ਕੁ ਸਾਰਥਕ ਤੇ ਅਸਰਦਾਰ ਰਹੇਗੀ ਇਹ ਤਾਂ ਸਮਾਂ ਹੀ ਤੈਅ ਕਰੇਗਾ ਪਰੰਤੂ ਇਸ ਸੰਘਰਸ਼ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਅਤੇ ਜਾਗਰੁਕਤਾ ਨੇ ਇਕ ਵਾਰ ਤਾਂ ਇਸ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ।

ਮੌਜੂਦਾ ਪੂੰਜੀਵਾਦੀ ਦੌਰ ਅੰਦਰ ਬਜਾਰੂ-ਪਿਛਾਖੜੀ ਸੱਭਿਆਚਾਰ ਤੇ ਕਲਾ ਕ੍ਰਿਤਾਂ ਲੋਕਾਂ ਦੇ ਵੱਡੇ ਹਿੱਸੇ 'ਚ ਸੱਭਿਆਚਾਰਕ ਪ੍ਰਦੂਸ਼ਣ ਫੈਲਾਉਣ ਅਤੇ ਉਹਨਾਂ ਦੀ ਆਰਥਿਕ ਲੁੱਟ ਕਰਨ ਦਾ ਸਾਧਨ ਬਣੀਆਂ ਹੋਈਆਂ ਹਨ। ਰਾਜ ਕਰਨ ਵਾਲੀਆਂ ਜਮਾਤਾਂ ਤੇ ਸਮਾਜ ਦੀਆਂ ਹੋਰ ਪਿਛਾਖੜੀ ਤਾਕਤਾਂ ਦੇ ਗੱਠਜੋੜ ਹੇਠ ਇਹ ਲੱਚਰ-ਲੁਟੇਰਾ ਤੇ ਰੂੜੀਵਾਦੀ ਸੱਭਿਆਚਾਰਕ ਪ੍ਰਦੂਸ਼ਣ ਲਗਾਤਾਰ ਵੱਧ-ਫੁੱਲ ਰਿਹਾ ਹੈ ਪਰ ਦੂਜੇ ਪਾਸੇ ਸਮਾਜਿਕ ਤਬਦੀਲੀ ਦੀਆਂ ਅਗਾਂਹਵਧੂ ਤਾਕਤਾਂ ਪੂੰਜੀਵਾਦੀ ਸੱਭਿਆਚਾਰ ਦੇ ਬਦਲ 'ਚ ਲੋਕਪੱਖੀ ਸੱਭਿਆਚਾਰ ਪੇਸ਼ ਕਰਨ ਵਿੱਚ ਲਗਾਤਾਰ ਸਰਗਰਮ ਹਨ।

ਵਿਗਿਆਨਕ ਮਾਰਕਸਵਾਦੀ ਫਲਸਫੇ ਮੁਤਾਬਕ ਮਨੁੱਖੀ ਚੇਤਨਾ, ਜਿਸ ਤੋਂ ਸੱਭਿਆਚਾਰਕ ਕਲਾ-ਕ੍ਰਿਤਾਂ ਦੀ ਸਿਰਜਣਾ ਹੁੰਦੀ ਹੈ, ਦਾ ਅਧਾਰ ਉਸ ਦੀ ਸਮਾਜਿਕ ਹੋਂਦ ਤੇ ਉਸ ਦੀ ਆਰਥਿਕ ਸਰਗਰਮੀ ਹੁੰਦੀ ਹੈ। ਪਦਾਰਥਕ ਹਾਲਤਾਂ ਅਤੇ ਮਨੁੱਖ ਦੁਆਰਾ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਕੀਤੀ ਜਾਂਦੀ ਜੱਦੋਜਹਿਦ, ਸਮਾਜਿਕ ਪੈਦਾਵਾਰ ਅਤੇ ਉਸਤੋਂ ਸਾਹਮਣੇ ਆਉਂਦਾ ਪਦਾਰਥਕ ਸ਼ਕਤੀਆਂ ਦਾ ਵਿਕਾਸ ਉਹਨਾਂ ਦੇ ਪੈਦਾਵਾਰੀ ਸਬੰਧਾਂ ਨੂੰ, ਰਿਸ਼ਤਿਆਂ ਨੂੰ ਤੈਅ ਕਰਦਾ ਹੈ। ਇਹ ਪੈਦਾਵਾਰੀ ਰਿਸ਼ਤੇ ਸਮੁੱਚੇ ਤੌਰ 'ਤੇ ਸਮਾਜ ਦੇ ਆਰਥਿਕ ਖਾਸੇ ਅਤੇ ਉਸ ਉੱਪਰ ਉੱਸਰੇ ਰਾਜਨੀਤਿਕ-ਸੱਭਿਆਚਾਰਕ ਢਾਂਚੇ ਦੀ ਬੁਨਿਆਦ ਹੁੰਦੇ ਹਨ। ਅੱਗੋਂ ਇਹੋ ਸਮਾਜ ਦੀ ਰਾਜਨੀਤਿਕ, ਸਮਾਜਿਕ ਤੇ ਬੌਧਿਕ ਜੀਵਨ-ਜਾਂਚ ਰਾਹੀਂ ਆਪਣਾ ਪ੍ਰਗਟਾਵਾ ਕਰਦੇ ਹਨ ਅਤੇ ਹੇਠਲੇ ਤੋਂ ਉਚੇਰੇ ਵੱਲ ਅਤੇ ਉਚੇਰੇ ਤੋਂ ਹੇਠਲੇ ਵੱਲ ਵਿਕਾਸ ਦਾ ਇਹ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ। ਅਧਾਰ ਢਾਂਚੇ (ਆਰਥਿਕ ਪੱਖ) ਤੇ ਉਸਾਰ ਢਾਂਚੇ (ਸੱਭਿਆਚਾਰਕ ਪੱਖ) ਦਾ ਆਪਸੀ ਰਿਸ਼ਤਾ ਵਿਰੋਧ ਵਿਕਾਸੀ ਹੁੰਦਾ ਹੈ ਅਤੇ ਕੁਝ ਹਾਲਤਾਂ 'ਚ ਉਸਾਰ ਢਾਂਚਾ ਫੈਸਲਾਕੁੰਨ ਬਣ ਜਾਂਦਾ ਹੈ। ਮਾਰਕਸ-ਏਂਗਲਜ਼ ਨੇ ਦਰਸਾਇਆ ਹੈ ਕਿ 'ਹਰ ਜ਼ਮਾਨੇ ਅੰਦਰ ਪੁਗਾਊ ਹੈਸੀਅਤ ਰੱਖਣ ਵਾਲੇ ਵਿਚਾਰ ਹਮੇਸ਼ਾ ਹੀ ਉਸ ਵੇਲੇ ਦੀ ਹੁਕਮਰਾਨ ਜਮਾਤ ਦੇ ਵਿਚਾਰ ਹੁੰਦੇ ਹਨ।' ਜਿਵੇਂ ਪੰਜਾਬੀ ਦੀ ਕਹਾਵਤ ਹੈ, 'ਜਿਹੋ ਜਿਹਾ ਰਾਜਾ ਉਹੋ ਜਿਹੀ ਪਰਜਾ।' ਇਸ ਲਈ ਅਗਾਂਹਵਧੂ ਤਾਕਤਾਂ ਨੂੰ ਅਗਾਂਹਵਧੂ ਸੱਭਿਆਚਾਰ ਦੀ ਉਸਾਰੀ ਕਰਨ ਲਈ, ਰਾਜਸੀ ਸੱਤਾ ਤੇ ਕਬਜਾ ਕਰਕੇ 'ਕਿਰਤੀ ਜਮਾਤ ਦੀ ਪੁਗਾਊ ਹੈਸੀਅਤ ਸਥਾਪਤ' ਕਰਨੀ ਪੈਂਦੀ ਹੈ, ਪ੍ਰੰਤੂ ਇਸ ਦਾ ਅਰਥ ਇਹ ਨਹੀਂ ਕਿ ਮੌਜੂਦਾ ਪੂੰਜੀਵਾਦੀ ਸਾਮਰਾਜੀ ਦੌਰ ਅੰਦਰ ਕਿਰਤੀ ਜਮਾਤ ਨੂੰ ਆਪਣਾ ਬਦਲਵਾਂ ਇਨਕਲਾਬੀ ਉਸਾਰੂ ਸੱਭਿਆਚਾਰ ਸਿਰਜਣਾ ਤੇ ਬੁਲੰਦ ਨਹੀਂ ਕਰਨਾ ਚਾਹੀਦਾ, ਕਿਉਂਕਿ ਅਜਿਹਾ ਕਰਨ ਤੋਂ ਬਿਨਾਂ ਸਮਾਜ ਵਿਚ ਤਬਦੀਲੀ ਜਾਂ ਇਨਕਲਾਬ ਕਰਨਾ ਹੀ ਅਸੰਭਵ ਹੈ। ਲੈਨਿਨ ਅਨੁਸਾਰ 'ਸਾਹਿਤ ਅਤੇ ਸੱਭਿਆਚਾਰ ਇਨਕਲਾਬ ਲਈ ਗਰਾਰੀ ਅਤੇ ਦੰਦਿਆਂ ਦਾ ਕੰਮ ਕਰਦਾ ਹੈ।' ਉਹਨਾਂ ਨੇ ਕਿਹਾ ਸੀ ਕਿ ਮਿਹਨਤਕਸ਼ ਜਮਾਤ ਦੀ ਸਮਾਜਵਾਦੀ-ਸਾਮਵਾਦੀ ਵਿਗਿਅਨਕ ਵਿਚਾਰਧਾਰਾ 'ਚ ਵਿਸ਼ਵਾਸ਼ ਰੱਖਣ ਵਾਲੇ ਬੁੱਧੀਜੀਵੀਆਂ ਤੇ ਕਲਾਕਾਰਾਂ ਨੂੰ ਕਿਰਤੀ ਜਮਾਤ ਦੇ ਪੱਖ 'ਚ ਖੜ੍ਹ ਕੇ ਆਪਣਾ ਕੰਮ ਕਰਨਾ ਚਾਹੀਦਾ ਹੈ। ਸਾਹਿਤ, ਕਲਾ ਤੇ ਸੱਭਿਆਚਾਰ ਦੀ ਵੀ ਲਾਜ਼ਮੀ ਇਕ ਵਿਚਾਰਧਾਰਾ ਹੁੰਦੀ ਹੈ ਜਿਸ ਦਾ ਖਾਸਾ ਲਾਜ਼ਮੀ ਹੀ ਜਮਾਤੀ ਹੁੰਦਾ ਹੈ। ਚੀਨ ਦੇ ਇਨਕਲਾਬੀ ਆਗੂ ਮਾਓ ਜ਼ੇ-ਤੁੰਗ ਕਲਾ ਬਾਰੇ ਕਹਿੰਦੇ ਹਨ ਕਿ ਕਲਾ ਦੀ ਸਿਰਜਣਾ ਮਿਹਨਤੀ ਅਤੇ ਦੱਬੇ-ਕੁਚਲੇ ਲੋਕਾਂ ਲਈ ਕੀਤੀ ਜਾਣੀ ਚਾਹੀਦੀ ਹੈ, ਜਿਸਨੂੰ ਲੋਕ ਦਿਲੋਂ ਕਬੂਲਣ ਤੇ ਆਪਣੀ ਜਮਾਤੀ ਜੱਦੋਜਹਿਦ ਲਈ ਇਕ ਹਥਿਆਰ ਵਜੋਂ ਵਰਤਣ। ਉਨ੍ਹਾਂ ਨੇ ਬੁੱਧੀਜੀਵੀਆਂ ਲੇਖਕਾਂ ਤੇ ਕਲਾਕਾਰਾਂ ਨੂੰ ਲੋਕਾਂ 'ਚ ਜਾ ਕੇ ਉਨ੍ਹਾਂ ਨੂੰ ਜਾਨਣ-ਸਮਝਣ ਲਈ ਅਤੇ ਆਪਣਾ ਨਜ਼ਰੀਆ ਬਣਾਉਣ ਲਈ ਕਿਹਾ ਸੀ।


ਅੱਜ ਵੀ ਸਾਨੂੰ ਜਮਾਤੀ ਸੰਸਾਰ ਇਤਿਹਾਸ ਅੰਦਰ ਲੋਕਪੱਖੀ ਅਤੇ ਲੋਕਦੋਖੀ ਲੇਖਕਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਦੀ ਕਤਾਰਬੰਦੀ ਦੇਖਣ ਨੂੰ ਮਿਲਦੀ ਹੈ ਭਾਵੇਂਕਿ ਸਾਡੇ ਦੇਸ਼ ਅੰਦਰ ਲੋਕਪੱਖੀ ਲੇਖਕਾਂ ਤੇ ਕਲਾਕਾਰਾਂ ਦੀ ਗਿਣਤੀ ਉਂਗਲਾਂ ਤੇ ਗਿਣਨ ਜੋਗੀ ਹੈ ਪਰ ਫਿਰ ਵੀ ਸਿਫਤੀ ਤੌਰ 'ਤੇ ਮਾਣ ਕਰਨਯੋਗ ਹੈ। ਸਾਡੀ ਪੰਜਾਬੀ ਮਿਊਜ਼ਿਕ ਇੰਡਸਟਰੀ ਜਿਸਦਾ ਕਿ ਵੱਡੀ ਪੱਧਰ ਤੇ ਵਪਾਰੀਕਰਨ ਹੋ ਚੁੱਕਾ ਹੈ, ਵਿੱਚ ਜਿਆਦਾਤਰ ਗੀਤ ਯਥਾਸਥਿਤੀ ਨੂੰ ਜਿਉਂ ਦਾ ਤਿਉਂ ਬਣੀ ਰਹਿਣ ਦੀ ਪੈਰਵਾਈ ਕਰਨ, ਲੋਕ ਵਿਰੋਧੀ ਅਤੇ ਹਕੂਮਤਾਂ ਦੀ ਸੇਵਾਂ ਵਿੱਚ ਭੁਗਤਣ ਵਾਲੇ ਹਨ। ਤਬਦੀਲੀ ਦੀ ਗੱਲ ਕਰਨ ਵਾਲੇ ਗੀਤ, ਕਵਿਤਾ ਤੇ ਹੋਰ ਕਲਾ ਰੂਪ ਕਮਰਸ਼ੀਅਲ ਤੌਰ 'ਤੇ ਕਿਸੇ ਖਾਸ ਗਿਣਤੀ ਵਿੱਚ ਨਹੀਂ ਆਉਂਦੇ। ਸਮਾਜ ਵਿੱਚ ਗੈਰ ਸਿਆਸੀ, ਖੜੋਤ, ਫੁਕਰਾਪਣ, ਹਥਿਆਰ, ਨੰਗੇਜ਼, ਹਿੰਸਾ, ਨਸ਼ਿਆਂ ਅਤੇ ਰੂੜੀਵਾਦੀ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਦੀ ਜਿਆਦਾ ਭਰਮਾਰ ਹੈ। ਅਜੋਕੇ ਗੀਤ ਲੋਕਾਈ ਦੇ ਦੁੱਖਾਂ-ਸੁੱਖਾਂ ਅਤੇ ਸਮੱਸਿਆਵਾਂ ਨੂੰ ਉਭਾਰਨ ਦੀ ਬਜਾਏ ਵਿਅਕਤੀਗਤ ਸਵੈ-ਪ੍ਰਗਟਾਵੇ ਦਾ ਸਾਧਨ ਬਣੇ ਹੋਏ ਹਨ। ਜ਼ਿਆਦਾਤਰ ਗੀਤਾਂ ਵਿੱਚ ਕਲਾਕਾਰ ਆਪਣੇ ਸਵੈ ਦੀ ਖੁਸ਼ਾਮਦ ਕਰਕੇ ਆਪਣੇ ਜਾਅਲੀ ਨਾਇਕਤਵ ਦਾ ਕਲਟ ਸਿਰਜਦੇ ਹਨ। ਇਸ ਲਈ ਉਹ ਗੀਤਾਂ ਦੇ ਬੋਲਾਂ ਅਤੇ ਫਿਲਮਾਕਣ ਵਿਚ ਸਵੈ ਦੀ ਇਸ਼ਤਿਹਾਰਬਾਜ਼ੀ ਕਰਨ ਲਈ ਆਪਣੇ-ਆਪ ਨੂੰ ਗੈਂਗਸਟਰ, ਦਬੰਗੀ, ਦੌਲਤਮੰਦ, ਗੁੱਸੈਖੋਰ ਅਤੇ ਹੀਰੋ ਵਜੋਂ ਉਭਾਰਨ ਦੇ ਯਤਨ ਕਰਦੇ ਹਨ। ਉਹ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਅਜਿਹੇ ਬਿੰਬ ਸਿਰਜਣ ਦਾ ਯਤਨ ਕਰਦੇ ਹਨ ਕਿ ਜਿਆਦਾਤਰ ਨੌਜਵਾਨ ਉਸਦੀ ਨਕਲ ਕਰਦੇ ਹੋਏ ਉਹਨਾਂ ਦੇ "ਫੈਨ" ਬਣ ਜਾਂਦੇ ਹਨ। ਉਹ ਆਪਣੇ ਵਜੂਦ ਨੂੰ ਮਨਫੀ ਕਰਕੇ ਮਾਨਸਿਕ ਪੱਧਰ ਤੇ ਜਾਅਲੀ ਨਾਇਕਾਂ ਨੂੰ ਆਪਣੇ ਮਨ ਅੰਦਰ ਕਲਪਦੇ ਹਨ। ਇਹ ਉਹਨਾਂ ਦੇ ਹਾਵ-ਭਾਵ, ਇੱਛਾਵਾਂ, ਟੀਚਿਆਂ ਅਤੇ ਜਿੰਦਗੀ ਜਿਉਣ ਦੇ ਤੌਰ-ਤਰੀਕੇ ਤੱਕ ਨੂੰ ਪ੍ਰਭਾਵਿਤ ਕਰਦੇ ਹਨ।

ਵਿਸ਼ਵੀਕਰਨ ਦਾ ਪ੍ਰਭਾਵ ਇਕੱਲੇ ਆਰਥਿਕ ਅਤੇ ਵਪਾਰਕ ਮਾਮਲਿਆਂ ਉੱਤੇ ਹੀ ਹਾਵੀ ਨਹੀਂ ਹੋਇਆ ਬਲਕਿ ਇਸਨੇ ਸਮਾਜਿਕ ਅਤੇ ਸੱਭਿਆਚਾਰਕ ਸਬੰਧਾਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਪੱਛਮੀ ਜਾਂ ਸਾਮਰਾਜੀ ਸੱਭਿਆਚਾਰ ਦੇ ਸੰਚਾਰ ਦੇ ਜਾਦੂ ਨੇ ਚੌਤਰਫੀ ਸੱਭਿਆਚਾਰ ਦੇ ਵਪਾਰੀਕਰਨ ਨੂੰ ਬੜਾਵਾ ਦਿੱਤਾ। ਪੱਛਮੀ ਸੱਭਿਆਚਾਰ ਦੇ ਅਯਾਤ-ਨਿਰਯਾਤ ਨੇ ਸੰਸਾਰ ਭਰ ਵਿੱਚ ਇਸਨੂੰ ਹੋਰ ਵੱਧ ਗਤੀ ਪ੍ਰਦਾਨ ਕੀਤੀ। ਪੱਛਮੀ ਮਸਨੂਈ ਪੌਪ/ਰੌਕ ਸੰਗੀਤ ਦੀ ਵੱਡੀ ਪੱਧਰ ਤੇ ਨਕਲ ਅਤੇ ਇਸਦਾ ਪੰਜਾਬੀਕਰਨ ਹੋਣ ਤੇ ਇਸਨੇ ਪਿਛਲੇ ਕੁਝ ਦਹਾਕਿਆਂ ਤੋਂ ਸੱਭਿਆਚਾਰ ਦਾ ਘਾਣ ਕਰਦੀਆਂ ਨਵੀਆਂ ਕਦਰਾਂ-ਕੀਮਤਾਂ ਸਥਾਪਤ ਕੀਤੀਆਂ ਹਨ। ਖਰਚੀਲੇ, ਭੜਕੀਲੇ, ਸ਼ੋਰ ਵਾਲੇ ਅਤੇ ਅੰਗਰੇਜੀ-ਪੰਜਾਬੀ ਗੁਤਾਵੇ ਵਾਲੇ ਬੇਤੁਕੇ ਰੈਪ ਨੇ ਵੱਡੀ ਪੱਧਰ ਤੇ ਦੇਖਾ-ਦੇਖੀ ਯੂਟਿਊਬ ਸਮੇਤ ਹੋਰ ਸ਼ੋਸ਼ਲ ਮੀਡੀਆ ਚੈਨਲਾਂ ਉੱਤੇ ਗੀਤਾਂ ਦਾ ਹੜ੍ਹ ਲਿਆ ਦਿੱਤਾ ਹੈ। ਆਨਲਾਇਨ ਕਮਾਈ ਦੀ ਦੌੜ 'ਚ ਮਸਾਲੇਦਾਰ, ਸਨਸਨੀਖੇਜ, ਊਲ-ਜਲੂਲ, ਗੈਰ ਮਿਆਰੀ, ਝੂਠੀ ਅਤੇ ਕਲਾ ਤੋਂ ਸੱਖਣੀ ਸਮੱਗਰੀ ਦੀ ਭਰਮਾਰ ਲਿਆ ਦਿੱਤੀ। ਪੌਰਾਣਿਕ ਸੱਭਿਆਚਾਰਕ ਪਰੰਪਰਾਵਾਂ ਦਾ ਨਵੀਨੀਕਰਨ ਕਰਕੇ ਵੀ ਮੰਡੀ ਵਿੱਚ ਉਤਾਰਿਆ ਜਾਂਦਾ ਹੈ। ਜਿਆਦਾਤਰ ਕਲਾਕਾਰਾਂ ਸਿਰ ਕਲਾਤਮਿਕ ਪ੍ਰਗਟਾਵੇ ਅਤੇ ਪ੍ਰਮਾਣਿਕ ਸਿਰਜਨਹਾਰੇ ਬਨਣ ਦੀ ਥਾਂ ਵਪਾਰਕ ਵਿਰਲਾਪ ਦੀ ਧੁਨ ਸਵਾਰ ਹੈ।

ਇਹ ਕੋਈ ਕਲਾ ਰੂਪ ਨਹੀਂ ਹੈ ਜੋ ਲੋਕਾਈ ਅੰਦਰ ਤਬਦੀਲੀ ਅਤੇ ਬਗਾਵਤ ਦੀ ਸਹਿਜ ਭਾਵਨਾ ਨੂੰ ਮਰੋੜਕੇ ਆਪਹੁਦਰੇਪਨ, ਢੀਠਤਾਈ, ਖੁਦਗਰਜੀ, ਖੜੋਤ ਆਦਿ ਦੇ ਵਿਗਾੜ ਪੈਦਾ ਕਰੇ। ਅਸਲ ਗੀਤ ਜਾਂ ਕਲਾ ਹਮੇਸ਼ਾਂ ਲੋਕਾਈ ਦੀ ਬਾਤ ਪਾਉਂਦੀ ਹੈ। ਇਹ ਕਲਾ ਹੀ ਹੁੰਦੀ ਹੈ ਜੋ ਚੱਲ ਰਹੀਆਂ ਲਹਿਰਾਂ, ਸੰਘਰਸ਼ਾਂ ਨੂੰ ਬਲ ਬਖ਼ਸ਼ਦੀ ਹੈ। ਲੋਕਾਈ ਅੰਦਰ ਸੁਧਾਰ ਅਤੇ ਤਬਦੀਲੀ ਦਾ ਬਲ ਅਤੇ ਪ੍ਰੇਰਨਾ ਪੈਦਾ ਕਰਦੀ ਹੈ। ਅਗਾਂਹਵਧੂ ਸਿਹਤਮੰਦ ਗੀਤ ਜਵਾਨੀ ਅਤੇ ਸਰੋਤਿਆਂ ਦੀਆਂ ਪ੍ਰਾਥਮਿਕਤਾਵਾਂ ਤੈਅ ਕਰ ਸਕਦੇ ਹਨ। ਸੱਭਿਆਚਾਰਕ ਗਤੀਵਿਧੀਆਂ ਰਾਹੀਂ ਅਜਿਹਾ ਸਮਾਜਿਕ ਮਾਹੌਲ ਸਿਰਜਿਆ ਜਾ ਸਕਦਾ ਹੈ ਜੋ ਜੂਝਣ ਦੀ, ਤਬਦੀਲੀ ਦੀ ਅਮੀਰ ਵਿਰਾਸਤ ਨੂੰ ਉਚਿਆਉਂਦਾ ਹੋਵੇ। ਸਿਆਸੀ ਗੀਤ ਅਨਪੜ੍ਹ ਤੇ ਘੱਟ ਪੜੀ-ਲਿਖੀ ਕਿਰਤੀ ਲੋਕਾਈ ਲਈ ਪਾਠ ਹੁੰਦੇ ਹਨ। ਸਮਾਜ ਦੀਆਂ ਬਿਮਾਰ ਅਤੇ ਵਿਗੜੀਆਂ ਨੈਤਿਕਤਾਵਾਂ ਅਤੇ ਕਦਰਾਂ-ਕੀਮਤਾਂ ਦਾ ਬਿਆਨ ਕਰਕੇ ਵਪਾਰਕ ਮੁਕਾਬਲੇਬਾਜ਼ੀ ਦਾ ਸਿਰਤਾਜ ਬਣਨ ਜਾਂ 'ਜੋ ਚੱਲ ਰਿਹਾ ਹੈ', 'ਹਾਂ ਹੈਗੇ ਆਂ', 'ਜੋ ਲੋਕ ਵੇਖਦੇ ਹਨ, ਅਸੀਂ ਤਾਂ ਉਹੀ ਦਿਖਾਉਂਦੇ ਹਾਂ' ਦੀ ਗੈਰ ਜਿੰਮੇਵਾਰਨਾ ਬਿਆਨਬਾਜ਼ੀ ਉਹਲੇ ਆਪਣੇ ਲੋਕਾਂ ਨਾਲ ਧਰੋਹ ਕਮਾਉਣਾ ਕਿਤੋਂ ਦੀ ਵੀ ਸੂਰਮਗਤੀ ਜਾਂ ਕਲਾਕਾਰੀ ਨਹੀਂ ਹੋ ਸਕਦੀ।

ਕਿਸਾਨ ਸੰਘਰਸ਼ ਵਿੱਚ ਸਿਰਫ ਕਿਸਾਨਾਂ ਅੰਦਰ ਮਾਰਕਿਟ ਬਣਾਉਣ, ਨਾਮ ਚਮਕਾਉਣ, ਅਹਿਸਾਨ ਜਤਾਉਣ ਆਦਿ ਦੇ ਮਨਸ਼ੇ ਨਾਲ ਸ਼ਾਮਲ ਹੋਣ ਦੀ ਬਜਾਏ ਕੁਝ ਕਲਾਕਾਰਾਂ ਨੂੰ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਉਹ ਸਮਾਜ ਦੇ ਬਹੁਗਿਣਤੀ ਕਿਰਤੀ ਲੋਕਾਂ ਦੀ, ਉਹਨਾਂ ਦੇ ਅਸਲ ਕਿਰਤ ਸੱਭਿਆਚਾਰ ਦੀ ਅਵਾਜ਼ ਬਣਨ। ਉਹ ਜਮਾਤੀ ਸਮਾਜ ਵਿੱਚ ਰਹਿੰਦੇ ਹੋਏ ਅਤੇ ਜਮਾਤੀ ਲੜਾਈ ਦਾ ਹਿੱਸਾ ਬਣਦੇ ਹੋਏ ਆਪਣੇ ਸੰਗੀਆਂ ਅਤੇ ਦੁਸ਼ਮਣਾਂ ਦੀ ਅਸਲੋਂ ਪਹਿਚਾਣ ਕਰਨ। ਆਪਣੇ ਬੀਤੇ ਨੂੰ ਸੰਜੀਦਗੀ ਨਾਲ ਘੋਖਣ ਅਤੇ ਅੱਗੇ ਨੂੰ ਸੁਧਾਰਨ। ਅਜਿਹੇ ਸਮੇਂ ਜਦੋਂ ਪੂਰਾ ਪੰਜਾਬ ਅਤੇ ਭਾਰਤ ਦੇ ਹੋਰ ਖਿੱਤੇ ਕਿਸਾਨ ਸੰਘਰਸ਼ ਦੇ ਅਖਾੜੇ ਨੂੰ ਮਘਾ ਰਹੇ ਹਨ ਤਾਂ ਪੰਜਾਬੀ ਦੇ ਕੁਝ ਹੋਛੇ ਕਲਾਕਾਰਾਂ ਨੂੰ ਹੋਸ਼ ਤੋਂ ਕੰਮ ਲੈਂਦਿਆਂ ਕਿਸਾਨਾਂ ਦੇ ਬਲਦੇ ਸਿਵਿਆਂ ਤੇ ਲਲਕਾਰੇ ਮਾਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਆਉਣ ਵਾਲੇ ਸਮੇਂ ਵਿੱਚ ਲੋਕ ਗੋਦੀ ਕਲਾਕਾਰਾਂ ਅਤੇ ਲੋਕਾਂ ਦੇ ਕਲਾਕਾਰਾਂ ਦੀ ਪਛਾਣ ਜਰੂਰ ਕਰਨਗੇ।

ਮੌਜੂਦਾ ਸੰਘਰਸ਼ ਵਿਚ ਕੁਝ ਸੰਜੀਦਾ ਕਲਾਕਾਰਾਂ ਦੀ ਹਾਂਦਰੂ ਭੂਮਿਕਾਂ ਨੇ ਸੰਘਰਸ਼ ਨੂੰ ਨਵੀਂ ਸੁਰ ਅਤੇ ਸੁਹਜ਼-ਸੁਆਦ ਦਿੱਤਾ ਹੈ। ਉਹਨਾਂ ਨੇ ਇੱਕ ਵਾਰ ਫਿਰ 'ਪੱਗੜੀ ਸੰਭਾਲ ਜੱਟਾ' ਲਹਿਰ ਦੀ ਭਾਵਨਾ ਨੂੰ ਮੁੜ-ਸੁਰਜੀਤ ਕਰਨ ਦਾ ਯਤਨ ਕੀਤਾ ਹੈ ਜੋ ਵੱਡੀ ਪੱਧਰ ਤੇ ਨੌਜਵਾਨਾਂ ਅੰਦਰ ਸਮਾਜਿਕ ਮਸਲਿਆਂ ਪ੍ਰਤੀ ਸੋਝੀ ਅਤੇ ਗੰਭੀਰਤਾ ਪੈਦਾ ਕਰਨ ਵਿਚ ਮਹੱਤਵਪੂਰਨ ਹੋਵੇਗੀ।

Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ
ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

ਕੈਨੇਡਾ ਦੇ ਸਾਹਿਤਕਾਰਾਂ, ਕਲਾਕਾਰਾਂ, ਰੰਗਕਰਮੀਆਂ, ਖਿਡਾਰੀਆਂ, ਨਸਲਵਾਦ-ਵਿਰੋਧੀ ਕਾਰਕੁੰਨਾਂ, ਤਰਕਸ਼ੀਲਾਂ, ਮਜ਼ਦੂਰਾਂ, ਸਮਾਜ-ਸੇਵੀਆਂ ਅਤੇ ਔਰਤਾਂ ਦੀਆਂ ਸੱਠ ਜੱਥੇਬੰਦੀਆਂ ਵੱਲੋਂ ਅੱਜ ਪ੍ਰੈੱਸ ਦੇ ਨਾਮ ਇਹ ਸਾਂਝਾ ਬਿਆਨ ਜਾਰੀ ਕਰਦਿਆਂ ਭਾਰਤੀ ਕਿਸਾਨ ਅੰਦੋਲਨ ਦੀ ਡਟਵੀਂ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਦੂਜੀ ਸੰਸਾਰ ਜੰਗ ਸਮੇਂ ਸੁਭਾਸ਼ ਚੰਦਰ ਬੋਸ ਵੱਲੋਂ ਦਿੱਤੇ ਗਏ 'ਦਿੱਲੀ ਚੱਲੋ' ਦੇ ਨਾਹਰੇ ਦੀ ਸਪਿਰਟ ਨੂੰ ਸੁਰਜੀਤ ਕਰਦਿਆਂ, ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਵੱਲੋਂ, ਤਿੰਨ ਕਿਸਾਨ ਵਿਰੋਧੀ ਬਿਲਾਂ ਦੇ ਖ਼ਿਲਾਫ਼ ਜੱਦੋ-ਜਹਿਦ ਨੂੰ ਸਿਖਰਲਾ ਮੋੜ ਦਿੰਦਿਆਂ, 25 ਨਵੰਬਰ 2020 ਨੂੰ 'ਦਿੱਲੀ ਚੱਲੋ' ਦਾ ਐਲਾਨ ਕੀਤਾ ਗਿਆ ਸੀ।ਪੰਜਾਬ ਦੀਆਂ 32 ਕਿਸਾਨ ਜੱਥੇਬੰਦੀਆਂ ਦੀ ਅਗਵਾਈ ਹੇਠ, ਲੱਖਾਂ ਦੀ ਤਾਦਾਦ ਵਿੱਚ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਦੇ ਕਾਫ਼ਲੇ 25 ਨਵੰਬਰ ਤੋਂ ਦਿੱਲੀ ਪਹੁੰਚਣੇ ਸ਼ੁਰੂ ਹੋ ਗਏ ਹਨ। ਪੰਜਾਬ ਦੇ ਕਿਸਾਨਾਂ ਦੇ ਇਹਨਾਂ ਕਾਫ਼ਲਿਆਂ ਨੂੰ ਹੁਣ ਤੱਕ ਹਰਿਆਣਾ, ਉੱਤਰ ਪ੍ਰਦੇਸ, ਰਾਜਸਥਾਨ, ਬਿਹਾਰ, ਮੱਧ ਪ੍ਰਦੇਸ, ਉੜੀਸਾ, ਮਹਾਂਰਾਸ਼ਟਰ, ਕੇਰਲਾ, ਨਾਗਾਲੈਂਡ, ਕਰਨਾਟਕ, ਗੁਜਰਾਤ, ਝਾਰਖੰਡ ਅਤੇ ਉੱਤਰਾਖੰਡ ਦੀਆਂ ਅਨੇਕਾਂ ਕਿਸਾਨ ਜੱਥੇਬੰਦੀਆਂ ਦੀ ਗਹਿਗੱਡਵੀਂ ਸ਼ਮੂਲੀਅਤ ਹਾਸਲ ਹੋ ਚੁੱਕੀ ਹੈ।

ਭਾਰਤ ਦੇ 28 ਦੇ 28 ਸੂਬਿਆਂ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ-ਕਾਫ਼ਲੇ, ਰਾਹਬੰਦੀ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਚੀਰਦੇ ਹੋਏ ਦਿੱਲੀ ਪਹੁੰਚ ਚੁੱਕੇ ਹਨ, ਅਤੇ ਆਏ ਦਿਨ ਪਹੁੰਚ ਰਹੇ ਹਨ। ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਅੰਦੋਲਨ ਨੂੰ ਸੰਸਾਰ ਭਰ ਦੀਆਂ ਮਜ਼ਦੂਰ ਜੱਥੇਬੰਦੀਆਂ, ਅਧਿਆਪਕ ਜੱਥੇਬੰਦੀਆਂ, ਵਿਦਿਆਰਥੀ ਜੱਥੇਬੰਦੀਆਂ, ਔਰਤ ਜੱਥੇਬੰਦੀਆਂ, ਤਰਕਸ਼ੀਲ ਜੱਥੇਬੰਦੀਆਂ, ਸਾਹਿਤਕ-ਸੱਭਿਆਚਾਰਕ ਸਭਾਵਾਂ, ਨਾਟ-ਮੰਡਲੀਆਂ, ਪੱਤਰਕਾਰਾਂ, ਬੁੱਧੀਜੀਵੀਆਂ, ਗੀਤਕਾਰਾਂ, ਗਾਇਕਾਂ, ਵਿੱਦਿਆਵੇਤਾਵਾਂ, ਪ੍ਰੋਫ਼ੈਸਰਾਂ, ਡਾਕਟਰਾਂ, ਨਰਸਾਂ, ਵਕੀਲਾਂ, ਖਿਡਾਰੀਆਂ, ਵਿਗਿਆਨੀਆਂ, ਰਿਸਰਚ ਸਕਾਲਰਾਂ, ਕਰਮਚਾਰੀਆਂ, ਦੁਕਾਨਦਾਰਾਂ, ਛੋਟੇ ਵਪਾਰੀਆਂ, ਢਾਬਿਆਂ, ਟ੍ਰੇਡ ਯੂਨੀਅਨਾਂ, ਟੈਕਸੀ ਅਤੇ ਆਟੋ ਯੂਨੀਅਨਾਂ, ਟ੍ਰਾਂਸਪੋਰਟ ਯੂਨੀਅਨਾਂ, ਜਮਹੂਰੀ ਅਧਿਕਾਰ ਸੰਸਥਾਵਾਂ ਅਤੇ ਸਮਾਜ-ਸੇਵਕ ਸੰਸਥਾਵਾਂ ਵੱਲੋਂ ਭਰਵੀਂ ਹਮਾਇਤ ਦੇਣ ਦੇ ਐਲਾਨ ਜਾਰੀ ਹੋ ਚੁੱਕੇ ਹਨ ਤੇ ਹੋ ਰਹੇ ਹਨ। ਪੰਜਾਬ ਦੀ ਨੌਜਵਾਨੀ ਨੇ ਇਹ ਦਰਸਾ ਦਿੱਤਾ ਹੈ ਕਿ ਉਹਨਾਂ ਵਿੱਚ ਗ਼ਦਰ ਲਹਿਰ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ, ਸ਼ਹੀਦ ਊਧਮ ਸਿੰਘ ਸੁਨਾਮ ਉਰਫ਼ ਮੁਹੰਮਦ ਸਿੰਘ ਆਜ਼ਾਦ ਦੀ ਸਪਿਰਟ ਜਿਊਂਦੀ ਜਾਗਦੀ ਹੈ। ਭਾਰਤ ਦੇ ਕੋਨੇ ਕੋਨੇ ਵਿੱਚੋਂ ਗੂੰਜਣ

## ਸੱਠ ਇੰਡੋ-ਕੈਨੇਡੀਅਨ ਜੱਥੇਬੰਦੀਆਂ ਵੱਲੋਂ

# ਭਾਰਤ 'ਚ ਚੱਲ ਰਹੇ ਕਿਸਾਨ ਅੰਦੋਲਨ ਦੀ ਭਰਪੂਰ ਸ਼ਲਾਘਾ

ਲੱਗੇ 'ਕਿਸਾਨ-ਮਜ਼ਦੂਰ ਏਕਤਾ: ਜ਼ਿੰਦਾਬਾਦ' ਦੇ ਨਾਹਰਿਆਂ ਵਿੱਚੋਂ ਪੂਰੇ ਦੇ ਪੂਰੇ ਭਾਰਤ ਦੀ ਜਗਦੀ ਤੇ ਮਘਦੀ ਸ਼ਮੂਲੀਅਤ ਨਜ਼ਰ ਆ ਰਹੀ ਹੈ। ਭਾਰਤੀ ਕਿਸਾਨ ਅੰਦੋਲਨ ਵਿੱਚ ਔਰਤਾਂ ਦੀ ਭਰਵੀਂ ਸ਼ਮੂਲੀਅਤ 'ਖੇਤਾਂ ਦੇ ਪੁੱਤ' ਕਿਸਾਨਾਂ ਨੂੰ 'ਧਰਤੀ ਮਾਂ' ਵਾਂਗ ਅਸ਼ੀਰਵਾਦ ਦੇ ਰਹੀ ਹੈ।

ਇਸ ਸਾਂਝੇ ਬਿਆਨ ਰਾਹੀਂ ਅਸੀਂ ਭਾਰਤ ਸਰਕਾਰ ਵੱਲੋਂ ਕਿਸਾਨਾਂ ਉੱਪਰ ਜਬਰੀ ਠੋਸੇ ਗਏ ਸਾਰੇ ਖੇਤੀ ਕਾਨੂੰਨਾਂ ਦੀ ਪੁਰ-ਜ਼ੋਰ ਨਿਖੇਧੀ ਕਰਦੇ ਹੋਏ ਬਿਨਾਂ-ਸ਼ਰਤ ਇਹਨਾਂ ਸਾਰੇ ਕਿਸਾਨ-ਵਿਰੋਧੀ ਕਾਨੂੰਨਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੇ ਹਾਂ।

**1. ਨਿੰਦਣਯੋਗ ਗੱਲਾਂ**

* ਭਾਰਤ ਸਰਕਾਰ ਵੱਲੋਂ ਆਪਣੀ ਬਹੁ-ਸੰਮਤੀ ਹੋਣ ਦੇ ਹੈਂਕੜਬਾਜ ਵਤੀਰੇ ਦੀ, ਅਤੇ ਸਮੱਸਿਆ ਦੇ ਹੱਲ ਨੂੰ ਲਮਕਾਉਣ ਦੀ ਟਾਲ਼-ਮਟੋਲ਼ ਵਾਲ਼ੀ ਢੁੱਚਰਬਾਜ਼ ਨੀਤੀ ਦੀ ਪੁਰ-ਜ਼ੋਰ ਨਿੰਦਾ ਕਰਦੇ ਹਾਂ।

* ਭਾਰਤ ਸਰਕਾਰ ਵੱਲੋਂ ਕਿਸਾਨਾਂ ਉੱਤੇ, ਰਾਹਬੰਦੀ ਦੀਆਂ ਸਾਰੀਆਂ ਅੜਚਨਾਂ (ਲਾਠੀ-ਚਾਰਜ, ਅੱਥਰੂ ਗੈਸ ਦੇ ਗੋਲ਼ੇ, ਕੰਡਿਆਲ਼ੀਆਂ ਵਾੜਾਂ, ਪੱਥਰੀਲੇ ਬੈਰੀਕੇਡ, ਪਾਣੀ ਤੋਪਾਂ, ਟੈਂਟ ਉਖਾੜਨੇ, ਸੜਕਾਂ ਪੁੱਟਣੀਆਂ) ਠੋਸਣ ਦੀ ਪੁਰ-ਜ਼ੋਰ ਨਿਖੇਧੀ ਕਰਦੇ ਹਾਂ।

* ਭਾਰਤ ਸਰਕਾਰ ਦੇ ਕੰਟਰੋਲ ਵਿੱਚ ਚੱਲ ਰਹੇ 'ਗੋਦੀ ਮੀਡੀਆ' ਵੱਲੋਂ ਕਿਸਾਨ ਅੰਦੋਲਨ ਦੀ ਗ਼ਲਤ ਤਸਵੀਰਕਸ਼ੀ ਕਰਨ ਦਾ ਵਿਰੋਧ ਕਰਦੇ ਹਾਂ।

* ਪੰਜਾਬ ਵਿਚਲੀਆਂ ਤਿੰਨੇ ਸਿਆਸੀ ਪਾਰਟੀਆਂ ਵੱਲੋਂ ਕਿਸਾਨਾਂ ਦੀ ਹਮਾਇਤ ਵਿੱਚ, ਠੋਸ ਐਲਾਨ ਨਾ ਕਰ ਕੇ ਸਿਰਫ਼ ਡੰਗ-ਟਪਾਊ ਬਿਆਨਬਾਜ਼ੀ ਦੀ ਨਿਖੇਧੀ ਕਰਦੇ ਹਾਂ।

* ਕਿਸਾਨ ਮੋਰਚੇ ਨੂੰ ਫਿਰਕੂ ਤੇ ਭੜਕਾਊ ਪੁੱਠ ਦੇਣ ਵਾਲੀਆਂ ਸਾਰੀਆਂ ਸਰਕਾਰੀ ਅਤੇ ਗੈਰਸੰਸਥਾਵਾਂ ਦੀ ਨਿੰਦਾ ਕਰਦੇ ਹਾਂ।

**2. ਸ਼ਲਾਘਾਯੋਗ ਗੱਲਾਂ**

* ਕਿਸਾਨ ਜੱਥੇਬੰਦੀਆਂ ਵੱਲੋਂ ਭਾਰਤੀ ਕਿਸਾਨ ਅੰਦੋਲਨ ਨੂੰ ਨਿਹਾਇਤ ਸ਼ਾਂਤਮਈ ਅਤੇ ਨਿਹਾਇਤ ਹੀ ਅਨੁਸ਼ਾਸਨ-ਬੱਧ ਤਰੀਕੇ ਨਾਲ਼ ਚਲਾਉਣ ਦੀ ਪੁਰ-ਜ਼ੋਰ ਸ਼ਲਾਘਾ ਕਰਦੇ ਹਾਂ।

* ਕਿਸਾਨ ਜੱਥੇਬੰਦੀਆਂ ਵੱਲੋਂ, ਭਾਰਤੀ ਕਿਸਾਨ ਅੰਦੋਲਨ ਨੂੰ ਮੌਕਾਪ੍ਰਸਤ ਰਾਜਨੀਤਕ ਪਾਰਟੀਆਂ; ਧਾਰਮਿਕ ਅਤੇ ਫਿਰਕੂ ਰੁਝਾਨਾਂ ਤੋਂ ਨਿਰਲੇਪ ਰੱਖ ਕੇ, ਇਸ ਅੰਦੋਲਨ ਨੂੰ ਲੋਕ-ਏਕਤਾ ਦਾ ਪ੍ਰਤੀਕ ਬਣਾ ਕੇ ਚਲਾਉਣ ਦੀ ਭਰਪੂਰ ਪ੍ਰਸੰਸਾ ਕਰਦੇ ਹਾਂ।

* ਕਿਸਾਨ-ਮਜ਼ਦੂਰ ਭਾਈਚਾਰੇ ਦੀਆਂ, ਅੰਦੋਲਨਕਾਰੀਆਂ ਲਈ ਅਤੇ ਲੋੜਵੰਦ ਸਰਕਾਰੀ ਅਮਲੇ-ਫੈਲੇ ਵਾਸਤੇ ਦਿਲ-ਖੋਲ੍ਹਵੇਂ ਲੰਗਰ ਲਾਉਣ ਦੀਆਂ ਨਿਰ-ਵਿਤਕਰਾ ਸੇਵਾਵਾਂ, ਦੀ ਭਰਪੂਰ ਪ੍ਰਸੰਸਾ ਕਰਦੇ ਹਾਂ।

* ਅੰਤਰ-ਰਾਸ਼ਟਰੀ ਸੰਸਥਾਵਾਂ ਅਤੇ ਪਰਵਾਸੀ ਭਾਰਤੀਆਂ ਵੱਲੋਂ ਮੈਡੀਕਲ ਸਹਾਇਤਾ, ਰੋਸ ਮੁਜ਼ਾਹਰੇ, ਅਤੇ ਮੀਡੀਆ ਰਿਪੋਰਟਾਂ ਰਾਹੀਂ ਕਿਸਾਨ ਸੰਘਰਸ਼ ਦੀ ਹਮਾਇਤ ਦੀ ਭਰਪੂਰ ਪ੍ਰਸੰਸਾ ਕਰਦੇ ਹਾਂ।

* ਆਗੂ ਜੱਥੇਬੰਦੀਆਂ ਦੁਆਰਾ, ਸਰਕਾਰੀ ਏਜੰਸੀਆਂ ਵੱਲੋਂ ਘੁਸਪੈਠ ਕਰਕੇ ਅੰਦੋਲਨ ਨੂੰ ਗ਼ਲਤ ਦਿਸ਼ਾ ਵਿੱਚ ਭਟਕਾਉਣ ਤੋਂ ਮੁਕਤ ਰੱਖਣ ਦੀ ਭਰਪੂਰ ਸ਼ਲਾਘਾ ਕਰਦੇ ਹਾਂ।

* ਆਗੂ ਜੱਥੇਬੰਦੀਆਂ ਦੇ ਜਾਣੀਆਂ-ਪਛਾਣੀਆਂ ਸਰਕਾਰੂ ਚਾਲਾਂ ਤੋਂ ਚੁਕੰਨੇ ਰਹਿਣ ਦੀ ਰਣਨੀਤੀ ਦੀ ਭਰਪੂਰ ਸ਼ਲਾਘਾ ਕਰਦੇ ਹਾਂ:

ਹੈਂਕੜਬਾਜ਼ ਹਕੂਮਤ 'ਪਾੜੋ ਤੇ ਰਾਜ ਕਰੋ' ਦੀ ਸਿੱਕੇਬੰਦ ਰਾਜਨੀਤੀ ਦੀ ਬੇਰਹਿਮ ਵਰਤੋਂ ਕਰ ਸਕਦੀ ਹੈ; ਕਿਸੇ ਨਾ ਕਿਸੇ ਬਹਾਨੇ ਅੰਦੋਲਨਕਾਰੀਆਂ ਉੱਤੇ ਅੱਤਵਾਦੀ, ਵੱਖਵਾਦੀ, ਫਿਰਕੂ, ਮਾਓਵਾਦੀ, ਨਕਸਲਵਾਦੀ, ਅਤੇ ਦੇਸ਼-ਧ੍ਰੋਹੀ ਹੋਣ ਦੇ ਇਲਜ਼ਾਮ ਲਾ ਕੇ ਕਿਸੇ ਵੀ ਸੂਬੇ (ਵਿਸ਼ੇਸ਼ ਤੌਰ 'ਤੇ ਪੰਜਾਬ) ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਸਕਦੀ ਹੈ; ਦੇਸ਼ ਨੂੰ ਸੈਨਾ ਜਾਂ ਸੁਰੱਖਿਆ ਬਲਾਂ ਦੇ ਹਵਾਲੇ ਕਰ ਸਕਦੀ ਹੈ; ਘੇਰਾਬੰਦੀ ਕਰਕੇ ਅੰਦੋਲਨਕਾਰੀਆਂ ਦਾ ਘਾਣ ਕਰ ਜਾਂ ਕਰਵਾ ਸਕਦੀ ਹੈ; ਕਿਸਾਨਾਂ ਦੇ ਚਰਿੱਤਰ ਨੂੰ ਬਦਨਾਮ ਕਰਨ ਦੀਆਂ ਸਾਜ਼ਸ਼ਾਂ ਰਚ ਸਕਦੀ ਹੈ; ਝੂਠੇ ਕੇਸ ਮੜ੍ਹ ਸਕਦੀ ਹੈ।

* ਕਿਸਾਨ-ਮਜ਼ਦੂਰ ਏਕਤਾ ਦੇ ਸੰਘਰਸ਼ ਦੀ ਹਮਾਇਤ ਵਿੱਚ, ਭਾਰਤ ਸਰਕਾਰ ਨੂੰ ਰੋਸ ਵਜੋਂ, ਆਪਣੇ ਤਗਮੇ ਅਤੇ ਮਾਣ-ਸਨਮਾਨ ਵਾਪਸ ਕਰਨ ਵਾਲ਼ੇ (ਨੇਤਾਵਾਂ ਅਤੇ ਰਾਜਸੀ ਪ੍ਰਸ਼ਾਸਨ ਨਾਲ ਜੁੜੇ ਲੋਕਾਂ ਨੂੰ ਛੱਡਕੇ), ਅਤੇ ਅਹਿਮ ਸਰਕਾਰੀ ਨੌਕਰੀਆਂ ਤੋਂ ਅਸਤੀਫੇ ਦੇਣ ਵਾਲ਼ੇ ਲੋਕਾਂ ਦੀ ਭਰਪੂਰ ਸ਼ਲਾਘਾ ਕਰਦੇ ਹਾਂ।

* ਸਾਰੀਆਂ ਕਿਸਾਨ ਜੱਥੇਬੰਦੀਆਂ, ਉਹਨਾਂ ਦੇ ਮੋਢੇ ਨਾਲ਼ ਮੋਢਾ ਡਾਹ ਕੇ ਡਟੀਆਂ ਹੋਈਆਂ ਹੋਰ ਜੱਥੇਬੰਦੀਆਂ ਤੇ ਯੂਨੀਅਨਾਂ, ਅਤੇ ਇਹਨਾਂ ਦੀ ਹਮਾਇਤ 'ਚ ਨਿੱਤਰੇ ਜਨ-ਸਧਾਰਨ ਦੀ ਭਰਪੂਰ ਉਪਮਾ ਕਰਦੇ ਹਾਂ।

* ਅਸੀਂ ਆਗੂ ਜੱਥੇਬੰਦੀਆਂ ਦੁਆਰਾ ਕਿਸਾਨਾਂ ਦੇ ਇਸ ਵਿਆਪਕ ਰੋਹ ਨੂੰ ਇੱਕ ਅਨੁਸ਼ਾਸਨ-ਬੱਧ ਭਾਰਤੀ ਜਨ ਅੰਦੋਲਨ ਵਿੱਚ ਤਬਦੀਲ ਕਰਕੇ ਆਪਣੇ ਅੰਦੋਲਨ ਨੂੰ ਜਿੱਤ ਦੀ ਮੰਜ਼ਲ ਤੱਕ ਪਹੁੰਚਾਉਣ ਦੇ ਨਿਰੰਤਰ, ਅਡੋਲ ਅਤੇ ਅਣਥੱਕ ਯਤਨਾਂ ਦੀ ਭਰਪੂਰ ਸ਼ਲਾਘਾ ਕਰਦੇ ਹਾਂ।

ਭਾਰਤੀ ਕਿਸਾਨ ਅੰਦੋਲਨ: ਜ਼ਿੰਦਾਬਾਦ! ਕਿਸਾਨ-ਮਜ਼ਦੂਰ ਏਕਤਾ: ਜ਼ਿੰਦਾਬਾਦ! ਜਨ ਅੰਦੋਲਨ: ਜਿੰਦਾਬਾਦ! ਜੈ ਜਨਤਾ, ਜੈ ਸੰਘਰਸ਼!

ਵੱਲੋਂ: 1. ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ 2. ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਵਿਚਾਰ ਮੰਚ, ਸਰ੍ਹੀ 3. ਵਤਨੋਂ ਦੂਰ ਆਰਟ ਫਾਊਂਡੇਸ਼ਨ, ਸਰ੍ਹੀ 4. ਸ਼ਬਦ-ਲੋਕ, ਸਰ੍ਹੀ 5. ਸ਼ਹੀਦ ਊਧਮ ਸਿੰਘ ਹੈਲਪਿੰਗ ਹੈਂਡ ਫਾਊਂਡੇਸ਼ਨ, ਸਰ੍ਹੀ 6. ਤਰਕਸ਼ੀਲ ਸੱਭਿਆਚਾਰਕ ਸੁਸਾਇਟੀ ਆਫ਼ ਕੈਨੇਡਾ 7. ਗਲੋਬਲ ਪੰਜਾਬ ਫਾਊਂਡੇਸ਼ਨ, ਵੈਨਕੂਵਰ ਚੈਪਟਰ 8. ਈਸਟ ਇੰਡੀਅਨ ਡੀਫੈਂਸ ਕਮੇਟੀ 9. ਪੰਜਾਬ ਸਪੋਰਟਸ ਕਲੱਬ, ਕੈਮਲੂਪਸ 10. ਕੈਮਲੂਪਸ ਫਰੈਂਡਜ਼ ਕਲੱਬ, ਕੈਮਲੂਪਸ 11. ਇੰਡੀਆ ਕਿਸਾਨ: ਇਕ, ਕੈਮਲੂਪਸ 12. ਪ੍ਰੋਗਰੈਸਿਵ ਆਰਟਸ ਕਲੱਬ, ਸਰ੍ਹੀ 13. ਵਤਨ (ਔਨਲਾਈਨ ਪੰਜਾਬੀ ਮੈਗਜ਼ੀਨ) 14. ਵੈਨਕੂਵਰ ਵਿਚਾਰ ਮੰਚ 15. ਦਿਸ਼ਾ (ਕੈਨੇਡੀਅਨ ਪੰਜਾਬੀ ਔਰਤਾਂ ਦੀ ਜੱਥੇਬੰਦੀ), ਟੋਰਾਂਟੋ 16. ਦ ਲਿਟ੍ਰੇਰੀ ਰਿਫ਼ਲੈਕਸ਼ਨਜ਼, ਟੋਰਾਂਟੋ 17. ਮਮਤਾ ਫਾਊਂਡੇਸ਼ਨ ਆਫ਼ ਕੈਨੇਡਾ, ਸਰ੍ਹੀ 18. ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ 19. ਸਿੱਖ ਵਿਰਸਾ ਇੰਟਰਨੈਸ਼ਨਲ (ਮਾਸਿਕ), ਕੈਲਗਰੀ 20. ਕੈਲਗਰੀ ਬੱਸ ਅਪਰੇਟਰਜ਼ ਸੁਸਾਇਟੀ, ਕੈਲਗਰੀ 21. ਅਰਪਨ ਲਿਖਾਰੀ ਸਭਾ, ਕੈਲਗਰੀ 22. ਲੋਕ ਵਿਰਸਾ ਕਲਚਰਲ ਐਸੋਸੀਏਸ਼ਨ ਆਫ਼ ਬੀ ਸੀ, ਐਬਟਸਫੋਰਡ 23. ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ਼ ਅਲਬਰਟਾ, ਐਡਮੰਟਨ 24. ਮੇਪਲ ਲੀਫ਼ ਰਾਈਟਰਜ਼ ਫਾਊਂਡੇਸ਼ਨ ਆਫ਼ ਐਡਮੰਟਨ 25. ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮੰਟਨ 26. ਪੰਜਾਬੀ ਹੈਰੀਟੇਜ਼ ਥੀਏਟਰ ਸੁਸਾਇਟੀ ਆਫ਼ ਅਲਬਰਟਾ, ਐਡਮੰਟਨ 27. ਪੰਜਾਬੀ ਕਲਚਰਲ ਐਸੋਸੀਏਸ਼ਨ, ਐਡਮੰਟਨ 28. ਕਹਾਣੀ ਵਿਚਾਰ ਮੰਚ, ਟੋਰਾਂਟੋ 29. ਪੰਜਾਬੀ ਕਲਮਾਂ ਦਾ ਕਾਫ਼ਲਾ, ਟੋਰਾਂਟੋ 30. ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਆਫ਼ ਉਂਟਾਰੀਓ, ਟੋਰਾਂਟੋ 31. ਕੈਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰਾਂਟੋ 32. ਰੇਡੀਓ ਧਮਾਲ, ਵਿਨੀਪੈੱਗ 33. ਗੁਰਸ਼ਰਨ ਸਿੰਘ ਮੈਮੋਰੀਅਲ ਲੈਕਚਰ ਕਮੇਟੀ, ਵੈਨਕੂਵਰ 34. ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ 35. ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ), ਸਰ੍ਹੀ 36. ਇੰਡੋ-ਕੈਨੇਡੀਅਨ ਪ੍ਰੋਗਰੈਸਿਵ ਮੰਚ, ਐਬਟਸਫੋਰਡ 37. ਪੰਜਾਬੀ ਸਾਹਿਤ ਸਭਾ ਅਤੇ ਕਲਚਰਲ ਸੁਸਾਇਟੀ ਆਫ਼ ਕੈਲਗਰੀ 38. ਪੰਜਾਬੀ ਲਿਖਾਰੀ ਸਭਾ, ਕੈਲਗਰੀ 39. ਪੰਜਾਬੀ ਸ਼ਬਦ-ਸਾਂਝ, ਕੈਲਗਰੀ 40. ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ, ਕੈਲਗਰੀ 41. ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ, ਕੈਲਗਰੀ 42. ਪੰਜਾਬੀ ਅਖ਼ਬਾਰ, ਕੈਲਗਰੀ 43. ਪ੍ਰੋਗਰੈਸਿਵ ਕਲਾ ਮੰਚ, ਕੈਲਗਰੀ 44. ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਸਭਾ, ਵਿਨੀਪੈੱਗ 45. ਡੈਮੋਕਰੇਸੀ, ਇਕੁਆਲਿਟੀ ਐਂਡ ਸੈਕੁਲਰਿਜਮ ਇਨ ਸਾਊਥ ਏਸ਼ੀਆ, ਵਿਨੀਪੈੱਗ 46. ਸਾਹਿਤ ਵਿਚਾਰ ਮੰਚ, ਵਿਨੀਪੈੱਗ 47. ਨਵ-ਸਵੇਰ (ਮਾਸਿਕ), ਵਿਨੀਪੈੱਗ 48. ਵਾਇਸ ਆਫ਼ ਇੰਡੀਆ ਮੀਡੀਆ ਗਰੁੱਪ, ਵਿਨੀਪੈੱਗ 49. ਪੰਜਾਬੀ ਆਰਸੀ ਰਾਈਟਰਜ਼ ਕਲੱਬ ਇੰਟਰਨੈਸ਼ਨਲ, ਸਰ੍ਹੀ 50. ਰੇਡੀਓ ਆਵਾਜ਼, ਵਿਨੀਪੈੱਗ 51. ਸਰੋਕਾਰਾਂ ਦੀ ਆਵਾਜ਼ (ਮਾਸਿਕ), ਟੋਰਾਂਟੋ 52. ਪੀਪਲਜ਼' ਅਲਟਰਨੇਟ ਮੀਡੀਆ, ਕੈਨੇਡਾ 53. ਕਲਮੀ ਪ੍ਰਵਾਜ਼ ਮੰਚ, ਸਰ੍ਹੀ 54. ਪ੍ਰੋਗਰੈਸਿਵ ਨਾਰੀ ਕਲਚਰਲ ਐਸੋਸੀਏਸ਼ਨ, ਸਰ੍ਹੀ 55. ਕੈਲਗਰੀ ਸਕੂਲ ਆਫ਼ ਡਰਾਮਾ ਐਂਡ ਆਰਟਸ, ਕੈਲਗਰੀ 56. ਇੰਡੋ-ਕੈਨੇਡੀਅਨ ਕਮਿਓਨਿਟੀ ਐਸੋਸੀਏਸ਼ਨ, ਕੈਲਗਰੀ 57. ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ, ਟੋਰਾਂਟੋ 58. ਨੌਰਥ ਐਮੈਰਿਕਨ ਤਰਕਸ਼ੀਲ ਸੁਸਾਇਟੀ ਉਂਟਾਰੀਓ, ਬਰੈਂਪਟਨ 59. ਇੰਡੋ-ਕੈਨੇਡੀਅਨ ਐਸੋਸੀਏਸ਼ਨ ਆਫ਼ ਇੰਮੀਗਰੈਂਟ ਸੀਨੀਅਰਜ਼, ਕੈਲਗਰੀ 60. ਕੈਨੇਡੀਅਨ ਐਸੋਸੀਏਸ਼ਨ ਫ਼ਾਰ ਹਿਊਮਨ ਰਾਈਟਸ, ਸਰ੍ਹੀ

**(ਉਪਰੋਕਤ ਜੱਥੇਬੰਦੀਆਂ ਦਾ ਇਹ ਸਾਂਝਾ ਪ੍ਰੈੱਸ ਰਿਲੀਜ਼, ਡਾ. ਸੁਰਿੰਦਰ ਧੰਜਲ, ਕਨਵੀਨਰ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਸੰਪਰਕ ਨੰਬਰ: +1 (250) 572-7973**







# ਕੈਨੇਡਾ ਦੇ ਸੂਬੇ ਮੌਂਟਰੀਅਲ 'ਚ ਦੇਸ਼ ਦੇ ਕਿਸਾਨ ਸੰਘਰਸ਼ ਦੇ ਹੱਕ 'ਚ ਵਿਸ਼ਾਲ ਰੈਲੀ ਅਤੇ ਪੈਦਲ ਮਾਰਚ











ਮੌਂਟਰੀਅਲ, 27 ਦਸੰਬਰ : ਭਾਰਤ ਦੀ ਰਾਜਧਾਨੀ ਦਿੱਲੀ ਅੰਦਰ ਪੰਜਾਬ ਦੀਆਂ 30 ਕਿਸਾਨ ਜੱਥੇਬੰਦੀਆਂ ਅਤੇ ਭਾਰਤ ਪੱਧਰ ਦੀਆਂ 500 ਕਿਸਾਨ ਜੱਥੇਬੰਦੀਆਂ ਦੀ ਅਗਵਾਈ ਵਿੱਚ ਕਿਸਾਨ ਮਾਰੂ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਇਤਿਹਾਸਕ ਘੋਲ ਲੜਿਆ ਜਾ ਰਿਹਾ ਹੈ। ਇਸ ਸੰਘਰਸ਼ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਲੋਕ ਅਤੇ ਹੋਰ ਵੱਖ-ਵੱਖ ਤਬਕਾਤੀ ਜੱਥੇਬੰਦੀਆਂ ਵੀ ਭਰਵੀਂ ਸ਼ਮੂਲੀਅਤ ਕਰ ਰਹੀਆਂ ਹਨ। ਕਿਸਾਨ ਸੰਘਰਸ਼ ਆਏ ਦਿਨ ਹੋਰ ਵਿਸ਼ਾਲ ਹੁੰਦਾ ਜਾ ਰਿਹਾ ਹੈ। ਇਹ ਕਿਸਾਨ ਸੰਘਰਸ਼ ਤਿੰਨ ਖੇਤੀ ਕਾਨੂੰਨਾਂ, ਬਿਜਲੀ ਸੋਧ ਬਿੱਲ ਅਤੇ ਪਰਾਲ਼ੀ ਸਾੜਨ ਦੇ ਕਿਸਾਨ ਮਾਰੂ ਬਿੱਲ ਖ਼ਿਲਾਫ਼ ਲੜਿਆ ਜਾ ਰਿਹਾ ਹੈ। ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਇਹਨਾਂ ਕਾਨੂੰਨਾਂ ਖ਼ਿਲਾਫ਼ ਪੰਜਾਬ ਤੋਂ ਸ਼ੁਰੂ ਹੋਇਆ ਸੰਘਰਸ਼ ਦੇਸ਼ ਪੱਧਰ ਉੱਤੇ ਫੈਲ ਚੁੱਕਾ ਹੈ। ਇਸ ਸੰਘਰਸ਼ ਦੇ ਹੱਕ ਵਿੱਚ ਕੈਨੇਡਾ ਦੇ ਸੂਬੇ ਮੌਂਟਰੀਅਲ ਦੇ ਸ਼ਹਿਰ ਲਾਸਾਲ ਅੰਦਰ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸਮਰਥਕ ਨੌਜਵਾਨਾਂ-ਵਿਦਿਆਰਥੀਆਂ ਵੱਲੋਂ ਵਿਸ਼ਾਲ ਰੋਸ ਰੈਲੀ ਅਤੇ ਪੈਦਲ ਮਾਰਚ ਕੀਤਾ ਗਿਆ। ਸੈਂਕੜਿਆਂ ਦੀ ਗਿਣਤੀ ਵਿੱਚ ਪੁੱਜੇ ਪਰਵਾਸੀ ਪੰਜਾਬੀਆਂ ਖਾਸਕਰ ਬਹੁਗਿਣਤੀ ਨੌਜਵਾਨਾਂ-ਵਿਦਿਆਰਥੀਆਂ ਦੇ ਹੱਥਾਂ ਵਿੱਚ ਮੋਦੀ ਹਕੂਮਤ ਖ਼ਿਲਾਫ਼ ਲਿਖੀਆਂ ਵੱਖ-ਵੱਖ ਸਲੋਗਨਾਂ ਦੀਆਂ 400 ਤਖ਼ਤੀਆਂ ਤੇ ਕਿਸਾਨ ਯੂਨੀਅਨ ਦੇ ਦਰਜਨਾਂ ਝੰਡੇ ਫੜੇ ਹੋਏ ਸਨ। ਇਸ ਸਮੇਂ ਇਕੱਤਰ ਸੈਂਕੜੇ ਲੋਕਾਂ ਨੂੰ ਪੰਜਾਬ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਵਰਚੁਅਲੀ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਦੇਸ਼ ਦੇ ਲੋਕ ਸਾਂਝੇ ਮੰਚ ਤੇ ਇਕੱਠੇ ਹੋ ਕੇ ਤਿੰਨ ਕਾਨੂੰਨਾਂ ਖ਼ਿਲਾਫ਼ ਲੰਮਾ ਮੋਰਚਾ ਲਾ ਕੇ ਲੜ ਰਹੇ ਹਨ। ਉਹਨਾਂ ਕਿਹਾ ਕਿ ਜਿੱਤ ਤੱਕ ਇਹ ਸੰਘਰਸ਼ ਹਰ ਹੀਲੇ ਜਾਰੀ ਰਹੇਗਾ। ਉਹਨਾਂ ਦੇਸ਼ ਦੇ ਕਿਸਾਨਾਂ ਦੇ ਹੱਕ ਵਿੱਚ ਦੁਨੀਆਂ ਭਰ ਵਿੱਚੋਂ ਅਵਾਜ਼ ਬੁਲੰਦ ਕਰ ਰਹੇ ਵਿਦੇਸ਼ੀ ਵਸਦੇ ਪੰਜਾਬੀਆਂ ਦਾ ਧੰਨਵਾਦ ਕੀਤਾ।

ਇਸ ਸਮੇਂ ਇਨਕਲਾਬੀ-ਨੌਜਵਾਨ ਵਿਦਿਆਰਥੀ ਮੰਚ ਦੇ ਸਾਬਕਾ ਆਗੂ ਮਨਦੀਪ ਨੇ ਕਿਹਾ ਕਿ ਮੋਦੀ ਹਕੂਮਤ ਵੱਲੋਂ ਲਿਆਂਦੇ ਤਿੰਨ ਕਾਨੂੰਨ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਅਤੇ ਸੰਸਾਰ ਵਪਾਰ ਸੰਸਥਾਵਾਂ ਦੁਆਰਾ ਦਿਸ਼ਾ ਨਿਰਦੇਸ਼ਤ ਹਨ। ਉਹਨਾਂ ਕਿਹਾ ਕਿ ਪਹਿਲਾਂ ਸਾਮਰਾਜੀ ਬਹੁਕੌਮੀ ਕਾਰਪੋਰੇਸ਼ਨਾਂ ਖੇਤੀ ਇਨਪੁਟਸ ਤੇ ਕੰਟਰੋਲ ਕਰਦੀਆ ਸਨ ਪਰ ਹੁਣ ਸਾਮਰਾਜੀ ਕੰਪਨੀਆਂ ਮਨੌਪਲੀ ਕਾਇਮ ਕਰਕੇ ਆਊਟਪੁੱਟ ਤੇ ਵੀ ਕੰਟਰੋਲ ਕਰਨ ਦੇ ਮਨਸੂਬੇ ਧਾਰੀ ਬੈਠੀਆਂ ਹਨ। ਉਹ ਸਬਸਿਡੀ ਖਤਮ ਕਰਨਾ ਚਾਹੁੰਦੇ ਹਨ। ਪੰਜਾਬ 'ਚ ਲੈਂਡ ਸ਼ਾਇਦ ਵੱਡਾ ਹੈ। ਅਡਵਾਂਸ ਮੰਡੀ ਸਿਸਟਮ ਹੈ। ਇਨਫਰਾਸਟਰਕਚਰ ਬਣਿਆ ਹੋਇਆ ਹੈ। ਇਸ ਲਈ ਉਹਨਾਂ ਦੀ ਭਾਰਤੀ ਮੰਡੀ ਤੇ ਅੱਖ ਹੈ। ਮੋਦੀ ਹਕੂਮਤ ਨੇ 24 ਮਾਰਚ ਨੂੰ ਲੌਕਡਾਊਨ ਲਾਉਣ ਤੋਂ ਫੌਰੀ ਬਾਅਦ 26 ਮਾਰਚ 2020 ਨੂੰ ਖੇਤੀ ਮਾਰਕੀਟ ਸੁਧਾਰਾਂ ਦੇ ਨਾਂ 'ਤੇ ਸਰਕਾਰੀ ਮੰਡੀਆਂ ਦੀ ਥਾਂ ਪ੍ਰਾਈਵੇਟ ਮੰਡੀਆਂ ਬਣਾਉਣ ਦੀ ਮਨਜ਼ੂਰੀ ਦੇ ਕੇ ਦੇਸੀ-ਵਿਦੇਸ਼ੀ ਐਗਰੋਬਿਜਨਸ ਕੰਪਨੀਆਂ ਨੂੰ ਫ਼ਸਲਾਂ ਖ਼ਰੀਦਣ ਦੀ ਖੁੱਲ੍ਹ ਦੇ ਦਿੱਤੀ ਹੈ ਅਤੇ ਇਨ੍ਹਾਂ ਕੰਪਨੀਆਂ ਵੱਲੋਂ ਆਪਣੀ ਮਨਮਰਜ਼ੀ ਨਾਲ ਖੇਤੀ ਕਰਾਉਣ ਲਈ ਜ਼ਮੀਨ ਠੇਕੇ 'ਤੇ ਲੈ ਕੇ ਵੱਡੇ ਫਾਰਮ ਬਣਾ ਕੇ 'ਠੇਕਾ ਖੇਤੀ ਕਾਨੂੰਨ-2018' ਪਹਿਲਾਂ ਹੀ ਪਾਸ ਕਰਾਇਆ ਹੋਇਆ ਹੈ। ਭਾਰਤੀ ਕਾਰਪੋਰੇਟ ਘਰਾਣਿਆਂ ਕੋਲ ਸਾਮਰਾਜੀ ਐਗਰੋਬਿਜਨਸ ਕੰਪਨੀਆਂ ਵਾਂਗ ਇੰਫਰਾਸਟਰਕਚਰ, ਤਕਨੀਕ ਅਤੇ ਪੂੰਜੀ ਨਹੀਂ ਹੈ। ਇਸ ਕਰ ਕੇ ਉਹ ਸਾਮਰਾਜੀ ਐਗਰੋਬਿਜਨਸ ਕੰਪਨੀਆਂ ਦੇ ਭਾਈਵਾਲ ਬਣ ਕੇ ਇਸ ਕਾਰੋਬਾਰ ਵਿਚੋਂ ਅਥਾਹ ਮੁਨਾਫ਼ੇ ਕਮਾਉਣ ਦੀ ਝਾਕ ਰੱਖਦੇ ਹਨ ਅਤੇ ਭਾਰਤ ਨੂੰ 'ਇਕ ਦੇਸ਼, ਇਕ ਮੰਡੀ' ਦੇ ਸੰਕਲਪ ਨੂੰ ਅੰਤਰਰਾਸ਼ਟਰੀ ਮੰਡੀ ਨਾਲ ਜੋੜ ਕੇ ਵਾਅਦਾ ਵਪਾਰ ਰਾਹੀਂ ਸੱਟੇਬਾਜ਼ੀ ਕਰ ਕੇ ਸੁਪਰ ਮੁਨਾਫ਼ੇ ਕਮਾਉਣਾ ਲੋਚਦੇ ਹਨ। ਨੌਜਵਾਨ ਆਗੂ ਵਰੁਣ ਖੰਨਾ, ਖੁਸ਼ਪਾਲ ਗਰੇਵਾਲ਼ ਤੇ ਅਮਿਤੋਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਹਕੂਮਤ 'ਇਕ ਮੰਡੀ ਇਕ ਦੇਸ਼' ਦੀ ਨੀਤੀ ਤਹਿਤ ਇਸਨੂੰ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਤੇ ਤੁਲੀ ਹੋਈ ਹੈ। ਉਹਨਾਂ ਕਿਹਾ ਕਿ ਦੇਸ਼ ਦਾ ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਤੇ ਖੁਦਕਸ਼ੀਆਂ ਦਾ ਸ਼ਿਕਾਰ ਹੈ ਉੱਤੋਂ ਇਹ ਕਾਨੂੰਨ ਲਿਆਕੇ ਸਰਕਾਰ ਉਹਨਾਂ ਦੀ ਮੌਤ ਦੇ ਵਾਰੰਟ ਜਾਰੀ ਕਰ ਰਹੀ ਹੈ। ਉਹਨਾਂ ਕਿਹਾ ਕਿ ਨਵ-ਉਦਾਰਵਾਦੀ ਨੀਤੀਆਂ ਭਾਰਤ ਵਰਗੇ 'ਵਿਕਾਸ਼ਸੀਲ਼' ਅਤੇ ਪਛੜੇ ਦੇਸ਼ਾਂ ਦੇ ਖੇਤੀ ਅਰਥਚਾਰੇ ਲਈ ਘਾਤਕ ਹਨ।

ਇਸ ਮੌਕੇ ਪੰਜਾਬੀ ਗਾਇਕ ਕੰਵਰ ਗਰੇਵਾਲ਼ ਨੇ ਆਪਣੇ ਵਰਚੂਅਲ ਸੰਬੋਧਨ 'ਚ ਕਿਹਾ ਕਿ ਪੰਜਾਬ ਦੇ ਲੋਕ ਹੌਂਸਲੇ ਤੇ ਏਕੇ ਨਾਲ ਮੋਰਚੇ ਉੱਤੇ ਡਟੇ ਹੋਏ ਹਨ। ਵਿਦੇਸ਼ੀ ਵਸਦੇ ਪੰਜਾਬੀਆਂ ਨੂੰ ਝੂਠੀਆਂ ਅਫ਼ਵਾਹਾਂ ਤੋਂ ਦੂਰ ਰਹਿਕੇ ਸੰਘਰਸ਼ੀਲ ਲੋਕਾਂ ਤੇ ਭਰੋਸਾ ਰੱਖਣਾ ਚਾਹੀਦਾ ਹੈ। ਉਹਨਾਂ ਰੈਲੀ 'ਚ ਸ਼ਾਮਲ ਲੋਕਾਂ ਦਾ ਧੰਨਵਾਦ ਕੀਤਾ। ਗੁਰੂਦੁਆਰਾ ਨਾਨਕ ਦਰਬਾਰ, ਲਾਸਾਲ ਦੇ ਪ੍ਰਧਾਨ ਭਾਈ ਹਰਜੀਤ ਸਿੰਘ ਬਾਜਵਾ ਨੇ ਸੰਘਰਸ਼ਸ਼ੀਲ ਕਿਸਾਨਾਂ ਦੀ ਭਾਈਚਾਰਕ ਸਾਂਝ ਤੇ ਸਰਬੱਤ ਦੇ ਭਲੇ ਲਈ ਮਰ ਮਿੱਟਣ ਦੀ ਰੂਹਾਨੀ ਤਾਕਤ ਦੀ ਸ਼ਲਾਘਾ ਕੀਤੀ। ਉਹਨਾਂ ਸਮੂਹ ਸੰਗਤ ਨੂੰ ਕਿਸਾਨ ਸੰਘਰਸ਼ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਨ ਦੀ ਬੇਨਤੀ ਕੀਤੀ। ਇਸ ਸਮੇਂ ਨੌਜਵਾਨ ਹਰਿੰਦਰ ਸਿੰਘ ਸੰਧੂ ਤੇ ਅਮਨਦੀਪ ਸਿੰਘ ਨੇ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।


ਵਰੁਣ ਖੰਨਾ, ਕੈਨੇਡਾ ਸੰਪਰਕ
(+15145468202)

We are Hiring Insurance Advisors
Join our fast growing team of Desjardins Financial Security to work with all major insurance & investment companies.
* You will get full commission. * We are Hiring Full Time or Part Time.
* New & Experienced Advisors.
We can help to get license. Call Harcharan Parhar @ 403-681-8689

ESTATEVIEW
Harcharan (HP) Parhar
REALTOR®
For all your Real Estate need Please Call Harcharan Parhar
Cell 403.681.8689
hp8689@gmail.com


GILL
Truck & Trailer Repair and Mobile Service
Cell: 416.312.4707
Tel: 905.458.3455
Fax: 905.458.3456
04 Blair Dr,
Brampton, ON
L6P 2X5
gilltruckandtrailer@yahoo.com
"Hiring Full and Part Time mechanics"
Open 7 days a week and, make it nice

Inderjit Gill
Heavy Duty Truck & Trailer Mechanic

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

# ਤਰਕਸ਼ੀਲਤਾ ਦਾ ਹੋਕਾ ਦੇ ਗਿਆ ਸਾਥੀ ਅੰਮ੍ਰਿਤਪਾਲ ਦਾ ਸ਼ਰਧਾਂਜਲੀ ਸਮਾਗਮ







ਜਸਵੰਤ ਜੀਰਖ
98151-69825

ਇਨਕਲਾਬੀ, ਜਮਹੂਰੀ ਤੇ ਤਰਕਸੀਲ ਸਫਾਂ ਵਿੱਚ ਜਾਣੇ ਪਹਿਚਾਣੇ ਸਮਾਜ ਚਿੰਤਕ ਸਾਥੀ ਅੰਮ੍ਰਿਤਪਾਲ ਪੀਏਯੂ ਜੋ ਪਿਛਲੇ ਦਿਨੀਂ 2 ਦਸੰਬਰ ਨੂੰ ਸਾਡੇ ਵਿੱਚੋਂ ਸਦਾ ਲਈ ਵਿੱਛੜ ਗਏ ਸਨ। 9 ਦਸੰਬਰ ,2020 ਨੂੰ ਸਾਥੀ ਦਾ ਸਰਧਾਂਜਲੀ ਸਮਾਗਮ ਗਦਰੀ ਸਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਬਿਨਾ ਕਿਸੇ ਧਾਰਮਿਕ ਰਸਮ ਦੇ ਇਨਕਲਾਬੀ ਤੇ ਤਰਕਸੀਲ ਗੀਤਾਂ ਅਨੁਸਾਰ ਕੀਤਾ ਗਿਆ। ਤਰਕਸੀਲ ਸੁਸਾਇਟੀ ਪੰਜਾਬ (ਇਕਾਈ ਲੁਧਿਆਣਾ) ਦੇ ਪ੍ਰਧਾਨ ਰਹਿ ਚੁੱਕੇ ਸਾਥੀ ਅੰਮ੍ਰਿਤ ਨੇ ਸਮਾਜ ਨੂੰ ਕਾਰਲ ਮਾਰਕਸ ਦੇ ਵਿਗਿਆਨਿਕ ਸਿਧਾਂਤਾਂ ਅਨੁਸਾਰ ਜਮਾਤੀ ਨਜਰੀਏ ਤੋਂ ਸਮਝਕੇ ਉਸ ਵਿੱਚ ਮਨੁੱਖਤਾਵਾਦੀ ਨਿਯਮਾਂ ਨੂੰ , ਡੂੰਘਾਈ ਤੱਕ ਜਾਣਿਆਂ ਅਤੇ ਪ੍ਰਚਾਰਿਆ। ਲੁਧਿਆਣਾ ਵਿਖੇ ਉਹਨਾਂ ਪੂਰੀ ਜ਼ਿੰਦਗੀ, ਤਰਕਸੀਲ ਮੈਂਬਰਾਂ ਅਤੇ ਸਮਾਜ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਵਿੱਚ ਵਿਚਰਨ ਵਾਲੇ ਸਾਥੀਆਂ ਲਈ, ਲਗਾਤਾਰ ਕੀਤੇ ਸੈਮੀਨਾਰਾਂ ਰਾਹੀਂ ਸਿਰਫ ਲੁਧਿਆਣੇ ਵਿੱਚ ਹੀ ਨਹੀਂ, ਸਗੋਂ ਪੰਜਾਬ ਦੇ ਕਈ ਹਿੱਸਿਆਂ ਅੰਦਰ ਵਿਚਰਦਿਆਂ, ਮਾਰਕਸੀ ਅਤੇ ਤਰਕਸੀਲ ਵਿਚਾਰਾਂ ਦਾ ਪਸਾਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

2 ਫਰਵਰੀ 1954 ਨੂੰ ਮੋਗਾ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਘੋਲੀਆ ਵਿਖੇ ਜਨਮੇ ਸਾਥੀ ਅੰਮ੍ਰਿਤ ਨੇ ਪਿੰਡ ਦੇ ਸਕੂਲ ਵਿੱਚੋਂ ਟਾਪਰ ਰਹਿਕੇ 10ਵੀਂ ਦੀ ਪ੍ਰੀਖਿਆ ਪਾਸ ਕੀਤੀ ਅਤੇ ਰੋਡੇ ਕਾਲਜ ਤੋਂ ਪ੍ਰੀ ਯੂਨੀਵਰਸਿਟੀ ਕੀਤੀ ਜੋ ਉਸ ਸਮੇਂ ਪੰਜਾਬ ਸਟੂਡੈਂਟ ਯੂਨੀਅਨ ਦਾ ਗੜ੍ਹ ਸਮਝਿਆ ਜਾਂਦਾ ਸੀ। 1974 ਵਿੱਚ ਉਹ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਬਤੌਰ ਕੰਪਿਊਟਰ ਸਹਾਇਕ ਦੇ ਤੌਰ ’ਤੇ ਨਿਯੁਕਤ ਹੋ ਗਏ। ਇੱਥੇ ਸਮਾਜ ਪ੍ਰਤੀ ਅੰਕੜਿਆਂ ਦੀ ਨਿਰਖ ਪਰਖ ਕਰਨ ਵਾਲੇ ਇਕਨਾਮਿਕਸ ਵਿਭਾਗ ਵਿੱਚੋਂ 2014 ਵਿੱਚ ਸੀਨੀਅਰ ਸਟੈਟਿਸਟੀਕਲ ਸਹਾਇਕ ਦੇ ਔਹਦੇ ਤੋਂ ਸੇਵਾ ਮੁੱਕਤ ਹੋਏ। ਪੀ ਏ ਯੂ ਦੀ ਨੌਕਰੀ ਦੌਰਾਨ ਇੱਥੇ ਮੁਲਾਜ਼ਮਾਂ ਦੀ ਜੱਥੇਬੰਦੀ ਪੀਏਯੂ ਇੰਪਲਾਈਜ ਯੂਨੀਅਨ ਦੇ 6 ਵਾਰ ਜਨਰਲ ਸਕੱਤਰ ਬਣਦੇ ਰਹੇ। ਜਿੱਥੇ ਉਹ ਨਿਰਵਿਵਾਦ ਅਤੇ ਹਰਮਨ ਪਿਆਰੇ ਆਗੂ ਦੇ ਤੌਰ ’ਤੇ ਮਕਬੂਲ ਸਨ, ਉੱਥੇ ਪੰਜਾਬ ਦੀ ਇਨਕਲਾਬੀ, ਜਮਹੂਰੀ ਤੇ ਤਰਕਸ਼ੀਲ ਲਹਿਰ ਦਾ ਸੰਜੀਦਾ ਅੰਗ ਵੀ ਬਣੇ ਰਹੇ ਅਤੇ ਪੰਜਾਬ ਵਿੱਚ ਚੱਲਦੇ ਲੋਕ ਸੰਘਰਸ਼ਾਂ ਵਿੱਚ ਅਹਿਮ ਯੋਗਦਾਨ ਪਾਉਂਦੇ ਰਹੇ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਲੁਧਿਆਣਾ ਇਕਾਈ ਦੇ ਪ੍ਰਧਾਨ ਵੀ ਰਹੇ ਅਤੇ ਲਗਾਤਾਰ ਤਰਕਸ਼ੀਲ ਵਿਚਾਰਾਂ ਦੇ ਪਸਾਰੇ ਲਈ ਸੁਸਾਇਟੀ ਦੇ ਮੈਂਬਰਾਂ ਅਤੇ ਹਮਦਰਦਾਂ ਦੇ ਬੌਧਿਕ ਪੱਧਰ ਦਾ ਵਿਕਾਸ ਕਰਨ ਲਈ ਤੱਤਪਰ ਰਹੇ। ਲੁਧਿਆਣਾ ’ਚ ਗਦਰੀ ਸਹੀਦ ਬਾਬਾ ਭਾਨ ਸਿੰਘ ਯਾਦਗਾਰੀ ਹਾਲ ਵਿਖੇ ਇਸ ਮੰਤਵ ਦੀ ਪੂਰਤੀ ਲਈ ਲਗਾਤਾਰ ਇਤਿਹਾਸਕ ਪਦਾਰਥਵਾਦ ਵਿਸੇ ਤੇ ਸੈਮੀਨਾਰਾਂ ਦੀ ਲੜੀ ਚਲਾਕੇ ਅਨੇਕਾਂ ਕਾਰਕੁੰਨਾਂ ਨੂੰ ਸਿੱਖਿਅਤ ਕਰਦਿਆਂ ਆਪਣੇ ਮੁਰੀਦ ਬਣਾਇਆ। ਉਹਨਾਂ ਆਪਣੀ ਕਵਿਤਾਵਾਂ ਦੀ ਕਿਤਾਬ “ਅਸਾਂਤ ਸਮੁੰਦਰ” ਰਾਹੀਂ ਵੀ ਸਮਾਜ ਦੀਆਂ ਚਿੰਤਾਵਾਂ ਨੂੰ ਛੂਹ ਕੇ ਆਪਣੀ ਅੰਦਰਲੀ ਤੜਪ ਜਾਹਰ ਕੀਤੀ ਹੈ।

ਉਹ ਆਪਣੇ 25 ਸਾਲਾ ਨੌਜਵਾਨ ਬੇਟੇ ਨਿਤਿਨ ਦੀ ਸੜਕ ਹਾਦਸੇ ਦੌਰਾਨ ਹੋਈ ਦਰਦਨਾਕ ਮੌਤ ਉਪਰੰਤ ਉਸ ਦੀ ਯਾਦ ਵਿੱਚ 2011 ਤੋਂ ਹੁਣ ਤੱਕ ਨਿਰੰਤਰ ਗੋਸਟੀਆਂ ਕਰਵਾਉਂਦੇ ਰਹੇ, ਜਿਨ੍ਹਾਂ ਦੇ ਵਿਸ਼ੇ ਸਮਾਜਿਕ ਤਬਦੀਲੀ ਨਾਲ ਸਬੰਧਤ ਹੁੰਦੇ। ਸਿਹਤ ਪੱਖੋਂ ਉਹ ਕਈ ਸਾਲਾਂ ਤੋਂ ਸੂਗਰ ਅਤੇ ਦਿੱਲ ਦੀਆਂ ਬਿਮਾਰੀਆਂ ਤੋਂ ਪੀੜਤ ਹੋਣ ਤੇ ਸਰੀਰਕ ਕਮਜੋਰੀ ਦੀ ਹਾਲਤ ਵਿੱਚ ਵੀ ਅੰਤ ਤੱਕ ਹਮੇਸਾਂ ਚੜ੍ਹਦੀ ਕਲਾ ’ਚ ਰਹੇ। ਉਹਨਾਂ ਮੌਤ ਤੋਂ ਕੁੱਝ ਦਿਨ ਪਹਿਲਾਂ ਹੀ ਆਪਣੀ ਅੰਤਮ ਇੱਛਾ ਵਿੱਚ ਲਿੱਖਿਆ ਸੀ ਕਿ ਮੇਰੀ ਮੌਤ ਉਪਰੰਤ ਕੋਈ ਵੀ ਧਾਰਮਿਕ ਰਸਮ ਨਾ ਕੀਤੀ ਜਾਵੇ, ਮੇਰੀ ਅਰਥੀ ਨੂੰ ਲਾਲ ਕੱਪੜੇ ਵਿੱਚ ਲਪੇਟਿਆ ਜਾਵੇ ਅਤੇ ਹੋਰ ਕਿਸੇ ਵੀ ਰਿਸਤੇਦਾਰ ਦਾ ਕੱਪੜਾ ਨਾ ਪਵਾਇਆ ਜਾਵੇ, ਮੇਰੀ ਅਰਥੀ ਨੂੰ ਮੇਰੀਆਂ ਬੇਟੀਆਂ ਮੋਢਾ ਦੇਣ ਅਤੇ ਉਹਨਾਂ ਵੱਲੋਂ ਹੀ ਚਿਖਾ ਨੂੰ ਅਗਨੀ ਲਗਾਈ ਜਾਵੇ, ਜੱਥੇਬੰਦੀਆਂ ਦੇ ਮੈਂਬਰ ਅਰਥੀ ਅੱਗੇ ਸਹੀਦ ਭਗਤ ਸਿੰਘ ਦੀ ਫੋਟੋ ਲੈਕੇ ਚੱਲਣ, ਮੇਰੀਆਂ ਅਸਥੀਆਂ ਹੁਸੈਨੀਵਾਲ ਵਿਖੇ ਸਤਲੁਜ ਦਰਿਆ ਵਿੱਚ ਜਲ ਪ੍ਰਵਾਹ ਕੀਤੀਆਂ ਜਾਣ, ਮਕਾਣਾਂ ਬੰਦ ਕੀਤੀਆਂ ਜਾਣ, ਸਿਰਫ ਸਰਧਾਂਜਲੀ ਸਮਾਗਮ ਕੀਤਾ ਜਾਵੇ ਜਿਸ ਵਿੱਚ ਰਿਸਤੇਦਾਰ ਅਤੇ ਇਨਕਲਾਬੀ ਜੱਥੇਬੰਦੀਆਂ ਦੇ ਨੁਮਾਇੰਦੇ ਸਾਮਲ ਹੋਣ ਆਦਿ। ਸਾਥੀ ਅੰਮ੍ਰਿਤਪਾਲ ਵਿਸ਼ੇਸ਼ ਤੌਰ ’ਤੇ ਇਨਕਲਾਬੀ ਕੇਂਦਰ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਜੱਥੇਬੰਦੀਆਂ ਦੇ ਮੈਂਬਰਾਂ ਵਿੱਚ ਸਰਗਰਮੀ ਨਾਲ ਆਪਣੀ ਜੁੰਮੇਵਾਰੀ ਨਿਭਾ ਰਹੇ ਸਨ।

ਉਹਨਾਂ ਦਾ ਸ਼ਰਧਾਂਜਲੀ ਸਮਾਗਮ ਅਤੇ ਹੋਰ ਸਭ ਕੁੱਝ ਉਸੇ ਤਰ੍ਹਾਂ ਕੀਤਾ ਗਿਆ ਜਿਸ ਤਰ੍ਹਾਂ ਉਹ ਲਿਖਕੇ ਗਏ ਸਨ, ਜਿਸ ਵਿੱਚ ਉਹਨਾਂ ਦੀ ਪਤਨੀ ਸੰਤੋਸ ਉਰਫ ਮਧੂ, ਬੇਟੀਆਂ ਨਿਸਾ ਅਤੇ ਬਿਨਾਖਸੀ ਸਮੇਤ ਉਹਨਾਂ ਦੇ ਦਾਮਾਦ ਅਤੇ ਭਰਾਵਾਂ ਤੇ ਰਿਸਤੇਦਾਰਾਂ ਨੇ ਪੂਰਾ ਸਹਿਯੋਗ ਦਿੱਤਾ।

ਸ਼ਰਧਾਂਜਲੀ ਸਮਾਗਮ ਦੌਰਾਨ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਸੂਬਾ ਕਮੇਟੀ ਵੱਲੋਂ ਲਿਖਿਆ ਸ਼ਰਧਾਂਜਲੀ ਸੰਦੇਸ ਪੜ੍ਹਿਆ ਜੋ ਪਰਿਵਾਰ ਨੂੰ ਭੇਂਟ ਕੀਤਾ ਗਿਆ। ਇਸੇ ਤਰ੍ਹਾਂ ਤਰਕਸੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਸ਼ਰਧਾਂਜਲੀ ਪੱਤਰ ਜਸਵੰਤ ਜੀਰਖ ਦੇ ਪੜ੍ਹਨ ਉਪਰੰਤ ਜੱਥੇਬੰਦਕ ਮੁੱਖੀ ਰਾਜਿੰਦਰ ਭਦੌੜ, ਸਤੀਸ ਸੱਚਦੇਵਾ ਦਲਵੀਰ ਕਟਾਣੀ ਵੱਲੋਂ ਪਰਿਵਾਰ ਨੂੰ ਭੇਂਟ ਕੀਤਾ ਗਿਆ। ਇਸ ਸਮੇਂ ਇਨਕਲਾਬੀ ਮਜਦੂਰ ਕੇਂਦਰ ਦੇ ਪ੍ਰਧਾਨ ਕਾ ਸੁਰਿੰਦਰ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਜਮਹੂਰੀ






ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ ਜਗਮੋਹਨ ਸਿੰਘ, ਤਰਕਸੀਲ ਸੁਸਾਇਟੀ ਪੰਜਾਬ ਦੇ ਸੂਬਾ ਜੱਥੇਬੰਦਕ ਮੁਖੀ ਰਾਜਿੰਦਰ ਭਦੌੜ, ਸੀ ਪੀ ਆਈ (ਐਮ ਐਲ) ਨਿਊ ਡੈਮੋਕ੍ਰੇਸੀ ਦੇ ਸੁਬਾਈ ਆਗੂ ਕੁਲਵਿੰਦਰ ਬੜੈਚ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ ਦੇ ਹਰਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਤੋਂ ਡਾ. ਕੁਲਦੀਪ ਸਿੰਘ, ਡੈਮੋਕ੍ਰੈਟਿਕ ਲਾਇਰ ਐਸੋਸੀਏਸਨ ਦੇ ਦਲਜੀਤ ਸਿੰਘ ਨਵਾਂ ਸਹਿਰ, ਨੌਜਵਾਨ ਸਭਾ ਭਾਈ ਰਣਧੀਰ ਸਿੰਘ ਨਗਰ (ਐਲ ਬਲਾਕ) ਦੇ ਐਡਵੋਕੇਟ ਹਰਪ੍ਰੀਤ ਸਿੰਘ ਜੀਰਖ, ਮਹਾਂ ਸਭਾ ਲੁਧਿਆਣਾ ਦੇ ਪ੍ਰਧਾਨ ਕਰਨਲ ਜੇ ਐਸ ਬਰਾੜ, ਇਨਕਲਾਬੀ ਵਿਦਿਆਰਥੀ ਮੰਚ ਦੇ ਹਰਸਾ ਸਿੰਘ, ਮਹੱਲੇ ਦੇ ਸਰਪੰਚ ਗੁਰਪ੍ਰੀਤ ਸਿੰਘ ਗਿੱਲ, ਪੀ ਏ ਯੂ ਦੀ ਮੁਲਾਜਮ ਜੱਥੇਬੰਦੀ ਦੇ ਪ੍ਰਧਾਨ ਬਲਦੇਵ ਸਿੰਘ ਵਾਲੀਆ ਨੇ ਸਾਥੀ ਨੂੰ ਸਰਧਾਂਜਲੀ ਭੇਂਟ ਕਰਦਿਆਂ ਉਹਨਾਂ ਨਾਲ ਵਿਚਰਦਿਆਂ ਦੀਆਂ ਯਾਦਾਂ ਨੂੰ ਤਾਜਾ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਵਿਦੇਸੀਂ ਬੈਠੇ ਉਹਨਾਂ ਦੇ ਸਹਿਯੋਗੀ ਮਾ. ਭਜਨ ਸਿੰਘ ਅਤੇ ਕਨੇਡਾ ਦੀ ਤਰਕਸੀਲ ਸੁਸਾਇਟੀ ਦੇ ਆਗੂਆਂ ਨੇ ਸ਼ੋਕ ਸੰਦੇਸ ਰਾਹੀਂ ਆਪਣੀ ਹਾਜਰੀ ਲਵਾਈ। ਅੰਮ੍ਰਿਤਪਾਲ ਦੀ ਬੇਟੀ ਨਿਸਾ ਨੇ ਆਪਣੇ ਪਰਿਵਾਰ ਸਮੇਤ ਪਿਤਾ ਦੀ ਵਿਚਾਰਧਾਰਾ ਨੂੰ ਅੱਗੇ ਲੈਕੇ ਜਾਣ ਅਤੇ ਜੱਥੇਬੰਦੀਆਂ ਨੂੰ ਪੂਰਾ ਸਹਿਯੋਗ ਦੇਣ ਦਾ ਅਹਿਦ ਕੀਤਾ । ਨੌਜਵਾਨ ਸਭਾ ਭਾਈ ਰਣਧੀਰ ਸਿੰਘ ਨਗਰ (ਐਲ ਬਲਾਕ) ਵੱਲੋਂ ਸਾਥੀ ਅੰਮ੍ਰਿਤ ਪਾਲ ਦੇ ਇਕ ਵਿਸ਼ੇਸ਼ ਲੈਕਚਰ ਦੀ ਸੀ ਡੀ ਪਰਿਵਾਰ ਨੂੰ ਭੇਂਟ ਕੀਤੀ।

ਸਮੁੱਚੇ ਸਰਧਾਂਜਲੀ ਸਮਾਗਮ ਦਾ ਸਟੇਜ ਸੰਚਾਲਨ ਤਰਕਸੀਲ ਸੁਸਾਇਟੀ ਪੰਜਾਬ ਦੇ ਜੋਨ ਲੁਧਿਆਣਾ ਜੱਥੇਬੰਦਕ ਮੁੱਖੀ ਜਸਵੰਤ ਜੀਰਖ ਨੇ ਨਿਭਾਇਆ।

ਇਸ ਸਮੇਂ ਉੱਘੀਆਂ ਸਮਾਜ ਚਿੰਤਕ ਸ਼ਖਸੀਅਤਾਂ ਪ੍ਰੋ. ਏ ਕੇ ਮਲੇਰੀ, ਪੀਏਯੂ ਦੇ ਸੀਨੀਅਰ ਪ੍ਰੋਫੈਸਰ ਡਾ. ਸੁਖਪਾਲ ਸਿੰਘ, ਗੁਰਮੇਲ ਸਿੰਘ ਗਿੱਲ, ਡਾ. ਹਰਬੰਸ ਗਰੇਵਾਲ, ਬਲਵਿੰਦਰ ਸਿੰਘ ਲਾਲ ਬਾਗ, ਅਰੁਣ ਕੁਮਾਰ, ਰਾਜੀਵ ਕੁਮਾਰ, ਮਾ. ਜਰਨੈਲ ਸਿੰਘ, ਪ੍ਰਮਜੀਤ ਸਿੰਘ ਗਿੱਲ, ਡਾ. ਗੁਲਜਾਰ ਪੰਧੇਰ, ਉੱਘੇ ਸਰਜਨ ਡਾ. ਸੰਦੀਪ ਸਿੰਘ, ਪ੍ਰੋ. ਸੰਤੋਖ ਸਿੰਘ, ਮਾ. ਰੁਪਿੰਦਰਪਾਲ ਸਿੰਘ, ਲੈਕਚਰਾਰ ਜਸਵੀਰ ਸਿੰਘ ਅਕਾਲਗੜ੍ਹ, ਪ੍ਰਿੰਸੀਪਲ ਹਰਭਜਨ ਸਿੰਘ, ਮਾ ਜਸਵੰਤ ਸਿੰਘ ਜੱਸੜ, ਪ੍ਰਿੰਸੀਪਲ ਅਜਮੇਰ ਸਿੰਘ ਦਾਖਾ, ਸਤਨਾਮ ਸਿੰਘ ਸਾਮਲ ਸਨ।

# ਕਿਸਾਨਾਂ ਦੇ ਹੱਕ 'ਚ ਬਰੈਂਪਟਨ ਸਹਿਰ 'ਚ ਇਕ ਵੱਡਾ ਪ੍ਰੋਟੈਸਟ ਸਟੀਲ ਅਤੇ ਹਾਈਵੇ 10 ਦੇ ਕਾਰਨਰ 'ਤੇ ਕੀਤਾ




ਬਰੈਂਪਟਨ (ਸਰੋਕਾਰਾਂ ਦੀ ਆਵਾਜ਼ ਬਿਊਰੋ) : ਅੱਜ ਫੇਰ ਕਿਸਾਨਾਂ ਦੇ ਹੱਕ 'ਚ ਬਰੈਂਪਟਨ ਸਹਿਰ 'ਚ ਇਕ ਵੱਡਾ ਪ੍ਰੋਟੈਸਟ ਸਟੀਲ ਅਤੇ ਹਾਈਵੇ 10 ਦੇ ਕਾਰਨਰ 'ਤੇ ਕੀਤਾ ਗਿਆ। ਜਿੰਨੇ ਦਿਰੜ ਇਰਾਦੇ ਨਾਲ ਪੰਜਾਬ ਅਤੇ ਹੋਰ ਸੂਬਿਆਂ ਦੇ ਕਿਸਾਨ ਇਹਨਾਂ ਕਾਲੇ ਕਾਨੂੰਨੀ ਨੂੰ ਰੱਦ ਕਰਵਾਉਂਣ ਲਈ ਲੰਮੀ ਅਤੇ ਆਰ-ਪਾਰ ਦੀ ਲੜਾਈ ਲੜ ਰਹੇ ਉਸੇ ਹੀ ਜੋਸ ਨਾਲ ਬਾਹਰਲੇ ਮੁਲਕਾਂ 'ਚ ਵਸਦੇ ਭਾਰਤੀ ਖਾਸ ਤੌਰ ਤੇ ਪੰਜਾਬੀ ਹਰ ਹਫਤੇ ਪੂਰੇ ਜੋਸ ਨਾਲ ਰੈਲੀਆਂ ਮੁਜਾਹਰਿਆਂ ਦਾ ਸਿਲਸਿਲਾ ਜਾਰੀ ਰੱਖ ਰਹੇ ਹਨ। ਮੋਦੀ ਸਰਕਾਰ ਜਲਦੀ ਨਾ ਮੰਨੀ ਤਾਂ ਇਕ ਹੋਰ ਵੱਡੀ ਰੈਲੀ ਭਾਰਤੀ ਕੌਂਸਲੇਟ ਦੇ ਦਫਤਰ ਸਾਹਮਣੇ ਵੀ ਰੱਖੀ ਜਾ ਸਕਣ ਦਾ ਸੰਭਾਵਨਾ ਬਣ ਸਕਦੀ ਹੈ। ਹਰ ਦਿਨ ਹੋਰ ਕਮਿਉਨਟੀਆਂ ਦੇ ਲੋਕ ਵੀ ਕਿਸਾਨਾਂ ਦੇ ਹੱਕ'ਚ ਅੱਗੇ ਆ ਰਹੇ ਹਨ। ਜਿੱਤ ਯਕੀਨੀ ਲੱਗ ਰਹੀ ਹੈ। ਜਿੰਨੇ ਦਿਰੜ ਇਰਾਦੇ ਨਾਲ ਪੰਜਾਬ ਅਤੇ ਹੋਰ ਸੂਬਿਆਂ ਦੇ ਕਿਸਾਨ ਇਹਨਾਂ ਕਾਲੇ ਕਾਨੂੰਨੀ ਨੂੰ ਰੱਦ ਕਰਵਾਉਂਣ ਲਈ ਲੰਮੀ ਅਤੇ ਆਰ-ਪਾਰ ਦੀ ਲੜਾਈ ਲੜ ਰਹੇ ਉਸੇ ਹੀ ਜੋਸ ਨਾਲ ਬਾਹਰਲੇ ਮੁਲਕਾਂ 'ਚ ਵਸਦੇ ਭਾਰਤੀ ਖਾਸ ਤੌਰ ਤੇ ਪੰਜਾਬੀ ਹਰ ਹਫਤੇ ਪੂਰੇ ਜੋਸ ਨਾਲ ਰੈਲੀਆਂ ਮੁਜਾਹਰਿਆਂ ਦਾ ਸਿਲਸਿਲਾ ਜਾਰੀ ਰੱਖ ਰਹੇ ਹਨ। ਮੋਦੀ ਸਰਕਾਰ ਜਲਦੀ ਨਾ ਮੰਨੀ ਤਾਂ ਇਕ ਹੋਰ ਵੱਡੀ ਰੈਲੀ ਭਾਰਤੀ ਕੌਂਸਲੇਟ ਦੇ ਦਫਤਰ ਸਾਹਮਣੇ ਵੀ ਰੱਖੀ ਜਾ ਸਕਣ ਦਾ ਸੰਭਾਵਨਾ ਬਣ ਸਕਦੀ ਹੈ। ਹਰ ਦਿਨ ਹੋਰ ਕਮਿਉਨਟੀਆਂ ਦੇ ਲੋਕ ਵੀ ਕਿਸਾਨਾਂ ਦੇ ਹੱਕ 'ਚ ਅੱਗੇ ਆ ਰਹੇ ਹਨ। ਜਿੱਤ ਯਕੀਨੀ ਲੱਗ ਰਹੀ ਹੈ

## ਚੌਂਕੀਮਾਨ ਟੋਲ ਪਲਾਜਾ ਤੇ ਧਰਨਾ ਤਸਵੀਰਾਂ ਦੀ ਜੁਬਾਨੀ





ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਚੌਂਕੀਮਾਨ ਟੋਲ ਪਲਾਜਾ ਤੇ ਨਾਟਕ 'ਉਠਣ ਦਾ ਵੇਲਾ' ਖੇਡਣ ਵਾਲੀ ਟੀਮ ਨੂੰ ਆਰਥਿਕ ਸਹਾਇਤਾ ਦਿੰਦੇ ਹੋਏ ਗੁਰਮੇਲ ਸਿੰਘ ਭਰੋਵਾਲ, ਜੋਗਿੰਦਰ ਆਜ਼ਾਦ ਸੁਖਦੇਵ ਭੂੰਦੜੀ, ਮਲਕੀਤ ਸਿੰਘ ਰਸੂਲਪੁਰ, ਸਤਨਾਮ ਸਿੰਘ ਮੋਰਕਰੀਮਾ ਤੇ ਹੋਰ।

Support Farmers struggle
Boycott
Adani/Ambani/Patanjali

ਅਡਾਨੀ, ਅੰਬਾਨੀ ਦਾ ਬਾਈਕਾਟ ਕਰੋ
ਅਡਾਨੀ, ਅੰਬਾਨੀ ਦਾ ਬਾਈਕਾਟ ਕਰੋ
ਅਡਾਨੀ, ਅੰਬਾਨੀ ਦਾ ਬਾਈਕਾਟ ਕਰੋ

ਆਓ ਅਡਾਨੀ ਦੇ ਭੋਜਨ ਪਦਾਰਥ ਬਜ਼ਾਰ ਵਿਚੋਂ ਖਰੀਦਣ ਦੀ ਥਾਂ ਕਿਸਾਨ ਪੱਖੀ ਚੰਗੇ ਲੋਕਾਂ ਵੱਲੋਂ ਤਿਆਰ ਕੀਤੇ ਭੋਜਨ ਪਦਾਰਥ ਹੀ ਖਰੀਦੀਏ ਤੇ ਵਰਤੀਏ।



-Farmers Support coordination Committee, Ontario

ਮੈਟਰੋ ਇਮੀਗ੍ਰੇਸ਼ਨ



ਸੁਰੇਸ਼ ਗੁਪਤਾ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੇਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੇਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਮਿਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੈਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2



Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6





















ਬਾਬਾ ਬੂਝਾ ਸਿੰਘ ਪ੍ਰਕਾਸ਼ਨ, ਮਹਿਮੂਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਛਾਪੀਆਂ ਤਿੰਨ ਨਵੀਂਆਂ, ਬਹੁਤ ਹੀ ਮਹੱਤਵਪੂਰਨ ਕਿਤਾਬਾਂ। ਜੋ ਆਲਮੀ ਪੱਧਰ 'ਤੇ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ਮਸੁਲ ਇਸਲਾਮ ਦੀਆਂ ਲਿਖੀਆਂ ਹੋਈਆਂ ਹਨ ਅਤੇ ਇਹਨਾਂ ਦਾ ਅਨੁਵਾਦ ਬੂਟਾ ਸਿੰਘ ਨਵਾਂਸ਼ਹਿਰ ਨੇ ਕੀਤਾ ਹੈ।

**ਖਰੀਦਣ ਲਈ ਸੰਪਰਕ ਕਰੋ:**
**ਤਰਕਭਾਰਤੀ ਪ੍ਰਕਾਸ਼ਨ,**
**ਬਰਨਾਲਾ (ਪੰਜਾਬ)**
**ਸੰਪਰਕ ਨੰ: +91-7528862854**
**ਮਾਸਟਰ ਭਜਨ ਸਿੰਘ ਗਿੱਲ, ਕੈਲਗਰੀ,**
**ਸੰਪਰਕ ਨੰ: 001-403-455-4220**



# ਅਡਾਨੀ-ਅੰਬਾਨੀਆ+ਪਤੰਜਲੀ ਦੇ products ਦਾ ਬਾਈਕਾਟ ਕਰੋ ਜੀ

ਅਡਾਨੀ - ਅੰਬਾਨੀਆ ਦੇ products ਦਾ ਬਾਈਕਾਟ ਕਰੋ ਜੀ ਅਗਰ ਤੁਸੀ ਇੰਡੀਅਨ ਕਿਸਾਨਾਂ ਦੇ ਦਿੱਲੀ ਚ ਚੱਲਦੇ ਘੋਲ ਦੀ ਹਮਾਇਤ ਕਰਦੇ ਹੋ ਤਾਂ Indian - farmer's support committee Ontario' ਦੇ ਸੱਦੇ ਤੇ ਇੰਡੀਆ ਦੇ ਕਿਸਾਨਾਂ ਦੀ ਮਿਹਨਤ ਅਤੇ ਖੇਤਾਂ ਤੇ ਕਬਜ਼ਾ ਕਰਨ ਦੀ ਨੀਅਤ ਵਾਲੇ ਕਾਰਪੋਰੇਟ ਘਰਾਣਿਆਂ ਦੇ ਬਣਾਏ ਸਮਾਨ (products) ਨੂੰ ਖਰੀਦਣਾ ਅਤੇ ਵੇਚਣਾ ਬੰਦ ਕਰ ਦਿਓ ਅਤੇ ਉਨਾ ਚਿਰ ਬਾਈਕਾਟ ਕਰੋ ਜਦ ਤੱਕ ਉਹ ਆਪਣੇ ਬੇਈਮਾਨ ਹੱਥ ਪਰੇ ਨਾਂ ਕਰ ਲੈਣ। ਅਜਿਹੇ ਅਗਰ ਅਪੀਲ ਕਰਨ ਦੇ ਬਾਵਜੂਦ ਵੀ ਦੁਕਾਨਾਂ ਵਾਲੇ ਵੇਚਣੋ ਨਾਂ ਹਟਣ ਤਾਂ ਉਹਨਾਂ ਦੁਕਾਨਾਂ ਤੋਂ ਹੋਰ ਸਮਾਨ ਵੀ ਖਰੀਦਣਾ ਬੰਦ ਕਰ ਦਿਓ। ਕਮੇਟੀ ਦੇ ਨੁਮਾਇੰਦੇ ਸਾਰੇ ਦੁਕਾਨਦਾਰਾਂ ਨੂੰ ਇਹ ਸੁਨੇਹਾ ਖੁਦ ਵੀ ਪਹੁੰਚਾ ਰਹੇ ਹਨ




ਇਸ ਤੋਂ ਇਲਾਵਾ ਜਿਹੜੇ ਪੰਜਾਬੀ ਜਾ ਹਿੰਦੀ ਮੀਡੀਏ ਵਾਲੇ ਕਿਸਾਨ ਵਿਰੋਧੀ ਮੋਦੀ ਦੇ ਕਾਨੂੰਨਾਂ ਦੇ ਪੱਖ 'ਚ ਭੁਗਤ ਰਹੇ ਹਨ ਉਹਨਾਂ ਰੈਡੀਓ-ਟੀਵੀ ਵਾਲਿਆਂ ਨੂੰ ਐਡਜ਼ ਦੇਣੀਆਂ ਬੰਦ ਕਰ ਦਿਓ। ਅਗਰ ਫੇਰ ਵੀ ਕੋਈ ਐਡਾਂ ਦਈ ਜਾ ਰਿਹਾ ਹੈ ਤਾਂ ਉਹਨਾਂ ਬਿਜਨਸ ਵਾਲਿਆਂ ਦਾ ਵੀ ਬਾਈਕਾਟ ਕਰੋ। ਇਸ ਦੇ ਬਦਲ 'ਚ ਆਪਾਂ ਹੋਰਨਾਂ ਕੰਪਨੀਆਂ ਦੇ ਲੈ ਸਕਦੇ ਹਾਂ।

11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|
| 416-817-7142 | 416 902 9372 | 403-455-4220 | 604 760 4794 | +91-92167-29598 |

Reliance Immigration

Reliance Immigration Inc

K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332

FIVE STAR INSURANCE

Save up to 51%

• Auto • Home • Business
Get the best rates with us!

FIVE STAR INSURANCE BROKERS LIMITED

*We work with 15 major insurance companies& can get you the best prices guaranteed!*

www.fivestarinsurance.ca
*With qualified discounts

Call: Harman Pandher
905.459.0555

270 Orenda Rd., Unit # 200 Brampton, ON L6T 4X6



HOMELIFE HIGHER STANDARDS
HomeLife SilverCity Realty Inc.
BROKERAGE Independently Owned & Operated

Harbans Singh
Sales Representative
416-817-7142
905-913-8500
dharbans@hotmail.com

11775 Bramalea Rd., Unit #201, Brampton L6R3S7


EXPERIOR FINANCIAL GROUP INC

Representing Many financial institutions

SuperVisa, Life Insurance
Disability, Critical Illness, Health

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call



Call: 416.209.6363
Hardeep Atwal
Sr. Financial Advisor

# ਚੜ੍ਹਦੀ ਉਮਰੇ ਕਿਸਾਨੀ ਸੰਘਰਸ਼ 'ਚ ਕੁੱਦ ਪਿਆ ਸੀ ਮੌਜੂਦਾ ਕਿਸਾਨ ਅੰਦੋਲਨ ਦਾ ਮਸ਼ਹੂਰ ਆਗੂ ਖੂੰਡੇ ਵਾਲਾ ਬਾਬਾ-ਰੁਲਦੂ ਸਿੰਘ !

ਮਾਨਸਾ ਦਾ ਜੰਮਪਲ ਉੱਘਾ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਬੀਤੇ ਚਾਰ ਦਹਾਕਿਆਂ ਦੌਰਾਨ ਪੰਜਾਬ ਵਿੱਚ ਚਲੇ ਸਾਰੇ ਪ੍ਰਮੁੱਖ ਕਿਸਾਨ ਅੰਦੋਲਨਾਂ 'ਚ ਅਹਿਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਹੁਣ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਮਾਰੂ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਵਿੱਚ ਵੀ ਉਨ੍ਹਾਂ ਦੀ ਕੇਂਦਰੀ ਭੂਮਿਕਾ ਹੈ। 68 ਸਾਲਾ ਰੁਲਦੂ ਸਿੰਘ ਨੇ 27 ਸਾਲ ਦੀ ਉਮਰ 'ਚ ਕਿਸਾਨੀ ਸੰਘਰਸ਼ ਦਾ ਝੰਡਾ ਚੁੱਕ ਲਿਆ ਸੀ । 6 ਮਾਰਚ 1979 ਨੂੰ ਜਦ ਪੰਜਾਬ ਵਿੱਚ ਦੁੱਧ ਦੇ ਫੈਟ ਰੇਟ ਵਧਾਉਣ ਲਈ ਅੰਦੋਲਨ ਚਲਿਆ ਸੀ, ਤਾਂ ਉਨ੍ਹਾਂ ਉਸ ਵਿੱਚ ਪਹਿਲੀ ਵਾਰ ਸ਼ਮੂਲੀਅਤ ਕੀਤੀ ਸੀ। ਉਸ ਸਮੇਂ ਡੇਅਰੀ ਬੋਰਡ ਬਣੇ ਨੂੰ 14 ਸਾਲ ਹੋ ਗਏ ਸਨ, ਪਰ ਦੁੱਧ ਦੀ ਫੈਟ ਦਾ ਰੇਟ 36 ਪੈਸੇ ਪ੍ਰਤੀ ਪੁਆਇੰਟ ਹੀ ਚੱਲਦਾ ਆ ਰਿਹਾ ਸੀ। ਇਹ ਰੇਟ ਵਧਾਉਣ ਲਈ ਪੰਜਾਬ ਵਿੱਚ ਵੱਡਾ ਕਿਸਾਨ ਅੰਦੋਲਨ ਉਭਰਿਆ ਸੀ, ਜਿਸ ਵਿਚ ਕਿਸਾਨਾਂ ਵਲੋਂ ਸ਼ਹਿਰਾਂ ਨੂੰ ਦੁੱਧ ਦੀ ਸਪਲਾਈ ਰੋਕਣ ਦਾ ਫੈਸਲਾ ਕੀਤਾ ਗਿਆ ਸੀ। ਇਸ ਦੀ ਉਲੰਘਣਾ ਕਰਨ ਵਾਲਿਆਂ ਦਾ ਨਾਕਿਆਂ ਉਤੇ ਤਾਇਨਾਤ ਕਿਸਾਨ ਕਾਰਕੁੰਨ ਨੇ ਕਈ ਥਾਈਂ ਦੁੱਧ ਡੋਲਿਆ ਅਤੇ ਕੁਝ ਥਾਵਾਂ ਉੱਤੇ ਤਾਂ ਉਤਾਵਲੇ ਕਿਸਾਨਾਂ ਨੇ ਦੁੱਧ ਵਾਲੇ ਢੋਲ ਵੀ ਭੰਨ ਦਿੱਤੇ ਸਨ। ਜਿਸ ਬਦਲੇ ਪੁਲਿਸ ਨੇ ਅਨੇਕਾਂ ਕਿਸਾਨਾਂ ਉਤੇ ਕੇਸ ਦਰਜ ਕੀਤੇ ਸਨ। ਜਿਸ ਵਿੱਚ ਰੁਲਦੂ ਸਿੰਘ ਮਾਨਸਾ ਨੂੰ 36 ਦਿਨ ਬਠਿੰਡਾ ਜੇਲ ਵਿੱਚ ਬੰਦ ਰਖਿਆ ਗਿਆ, ਪਰ ਇਸ ਅੰਦੋਲਨ ਦੇ ਦਬਾਅ ਹੇਠ ਸਰਕਾਰ ਨੂੰ ਫੈਟ ਰੇਟ 36 ਪੈਸੇ ਤੋਂ ਵਧਾਕੇ 54 ਪੈਸੇ ਪ੍ਰਤੀ ਪੁਆਇੰਟ ਕਰਨਾ ਪਿਆ। ਉਸ ਤੋਂ ਬਾਅਦ ਕਿਸਾਨਾਂ ਤੋਂ ਚੌਕੀਦਾਰਾ ਵਸੂਲਣ ਵਿਰੁੱਧ ਮੋਰਚਾ ਚੱਲਿਆ, ਜਿਸ ਵਿੱਚ ਰੁਲਦੂ ਸਿੰਘ ਦੋ ਮਹੀਨੇ ਜੇਲ੍ਹ ਵਿੱਚ ਰਹੇ। ਜੂਨ 1984 ਵਿੱਚ ਅਪਰੇਸ਼ਨ ਬਲਿਊ ਸਟਾਰ ਮੌਕੇ ਪੂਰੇ ਪੰਜਾਬ ਵਿੱਚ ਕਰਫਿਊ ਲਾਏ ਜਾਣ ਖਿਲਾਫ ਕਿਸਾਨਾਂ ਨੇ ਤਹਿਸੀਲ ਪੱਧਰੀ ਧਰਨੇ ਦਿੱਤੇ ਸਨ। ਉਸ ਮੌਕੇ ਕਿਸਾਨ ਯੂਨੀਅਨ ਵਲੋਂ ਰੁਲਦੂ ਸਿੰਘ ਨੂੰ ਜ਼ਿਲ੍ਹਾ ਬਠਿੰਡਾ ਦੀ ਫੂਲ ਤਹਿਸੀਲ ਸਾਹਮਣੇ ਦਿੱਤੇ ਜਾਣ ਵਾਲੇ ਧਰਨੇ ਦੀ ਅਗਵਾਈ ਸੌਂਪੀ ਗਈ। ਉਥੇ ਗ੍ਰਿਫਤਾਰੀਆਂ ਹੋਈਆਂ ਅਤੇ ਰੁਲਦੂ ਸਿੰਘ ਨੇ ਅਪਣੇ ਜਥੇ ਸਮੇਤ ਤਿੰਨ ਮਹੀਨੇ ਬਠਿੰਡਾ ਜੇਲ ਵਿੱਚ ਗੁਜ਼ਾਰੇ ਸਨ।



ਨੌਜਵਾਨ ਰੁਲਦੂ ਸਿੰਘ ਦੀ ਜਥੇਬੰਦੀ ਪ੍ਰਤੀ ਸਮੱਰਪਣ ਦੀ ਭਾਵਨਾ ਨੂੰ ਦੇਖਦੇ ਹੋਏ ਉਹਨਾਂ ਨੂੰ ਉਸ ਵਕਤ ਜ਼ਿਲ੍ਹਾ ਬਠਿੰਡਾ ਦਾ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਰੁਲਦੂ ਸਿੰਘ ਨੇ ਬਹੁਤ ਸਾਰੇ ਕਿਸਾਨ ਅੰਦੋਲਨ ਲੜੇ ਅਤੇ ਉਹਨਾਂ ਨੂੰ ਜਿੱਤ ਤੱਕ ਪਹੁੰਚਾਇਆ। ਉਹਨਾਂ ਨੇ ਲੱਖੋਵਾਲ ਦੀ ਅਗਵਾਈ 'ਚ ਭਾਰਤੀ ਕਿਸਾਨ ਯੂਨੀਅਨ 'ਚ 15 ਸਾਲ ਕੰਮ ਕੀਤਾ ਅਤੇ ਪਿੰਡ ਕਮੇਟੀ ਦਾ ਮੈਂਬਰ ਬਣਨ ਤੋਂ ਲੈਕੇ ਜ਼ਿਲਾ ਪ੍ਰਧਾਨ ਅਤੇ ਸੂਬਾ ਪ੍ਰਚਾਰ ਸਕੱਤਰ ਦੇ ਅਹੁਦਿਆਂ ਤੱਕ ਕੰਮ ਕੀਤਾ। ਲੱਖੋਵਾਲ ਨਾਲ ਵਿਚਾਰਧਾਰਕ ਮਤਭੇਦ ਆਉਣ ਤੋਂ ਬਾਦ ਉਹਨਾਂ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਬਣਾਉਣ 'ਚ ਅਹਿਮ ਭੂਮਿਕਾ ਨਿਭਾਈ। ਸਿੱਧੂਪੁਰ 'ਚ ਉਹਨਾਂ ਨੂੰ ਸੂਬਾ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਦੀ ਜਿੰਮੇਵਾਰੀ ਦਿੱਤੀ ਗਈ। ਰੁਲਦੂ ਸਿੰਘ ਨੇ ਜਥੇਬੰਦੀ ਵਿੱਚ ਕਿਸਾਨਾਂ ਦੇ ਕਰਜ਼ੇ ਦਾ ਮੁੱਦਾ ਚੁੱਕਣ ਲਈ ਵਾਰ ਵਾਰ ਮੰਗ ਉਠਾਈ, ਪਰ ਬਾਕੀ ਲੀਡਰਸ਼ਿਪ ਵਲੋਂ ਉਸ ਨੂੰ ਦਰਕਿਨਾਰ ਕੀਤਾ ਜਾਂਦਾ ਰਿਹਾ। ਅੰਤ ਉਨ੍ਹਾਂ ਖੁਦ ਇਸ ਦਾ ਬੀੜਾ ਚੁੱਕਿਆ ਅਤੇ ਇਕ ਮਹੀਨੇ ਦੀ ਜ਼ੋਰਦਾਰ ਤਿਆਰੀ ਅਤੇ ਪ੍ਰਚਾਰ ਤੋਂ ਬਾਅਦ ਯੂਨੀਅਨ ਦੀ ਮਾਨਸਾ ਜ਼ਿਲ੍ਹਾ ਕਮੇਟੀ ਦੇ ਬੈਨਰ ਹੇਠ 8 ਸਤੰਬਰ 2000 ਨੂੰ ਮਾਨਸਾ ਦੀ ਦਾਣਾ ਮੰਡੀ ਵਿਖੇ ਇਕ ਵਿਸ਼ਾਲ'ਕਿਸਾਨ ਕਰਜ਼ਾ ਮੁਕਤੀ ਰੈਲੀ' ਜਥੇਬੰਦ ਕੀਤੀ ਗਈ। ਜਿਸ ਵਿੱਚ ਹੋਰ ਸੂਬਿਆਂ ਤੋਂ ਵੀ ਕਿਸਾਨ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਦੌਰ ਵਿੱਚ ਰੁਲਦੂ ਸਿੰਘ ਨੇ ਕਈ ਸੁਆਲਾਂ 'ਤੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੀ ਲੀਡਰਸ਼ਿਪ ਦੇ ਗਲਤ ਪੈਂਤੜਿਆਂ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ 2004 ਵਿੱਚ ਤਪਾ ਮੰਡੀ ਵਿਖੇ ਕੁਝ ਲੱਠਮਾਰ ਆੜ੍ਹਤੀਆਂ ਵਲੋਂ ਧਰਨਾਕਾਰੀ ਕਿਸਾਨਾਂ ਉਤੇ ਕੀਤੇ ਹਮਲੇ ਖਿਲਾਫ਼ ਮਾਲਵੇ 'ਚ ਚੱਲੇ ਤਪਾ ਘੋਲ ਦੀ ਅਗਵਾਈ ਵੀ ਰੁਲਦੂ ਸਿੰਘ ਮਾਨਸਾ ਨੇ ਕੀਤੀ। ਉਸ ਵਕਤ ਵੀ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਸ ਵਲੋਂ 10 ਜੂਨ ਨੂੰ ਤਪਾ ਮੰਡੀ ਵਿਖੇ ਰੱਖੀ ਗਈ ਯੂਨੀਅਨ ਦੀ ਸੂਬਾ ਪੱਧਰੀ ਰੈਲੀ ਉਤੇ ਪਾਬੰਦੀ ਲਾ ਦਿੱਤੀ ਗਈ। ਪਾਬੰਦੀ ਦੇ ਬਾਵਜੂਦ ਰੈਲੀ ਕਰਨ ਬਦਲੇ ਸੈਂਕੜੇ ਗ੍ਰਿਫਤਾਰੀਆਂ ਹੋਈਆਂ ।ਉਦੋਂ ਵੀ ਰੁਲਦੂ ਸਿੰਘ ਕਾਫੀ ਸਮਾਂ ਜੇਲ ਵਿਚ ਰਹੇ। ਪਰ ਲੀਡਰਸ਼ਿਪ ਦੀ ਬਹੁਗਿਣਤੀ ਨੇ ਉਨ੍ਹਾਂ ਨੂੰ ਸ਼ਾਬਾਸ਼ੇ ਦੇਣ ਦੀ ਬਜਾਏ ਉਲਟਾ ਉਨ੍ਹਾਂ ਉਤੇ ਰਾਜਨੀਤਕ ਸਰਗਰਮੀਆਂ ਵਿੱਚ ਸ਼ਾਮਲ ਹੋਣ ਅਤੇ ਲੀਡਰਸ਼ਿਪ ਦੀ ਆਲੋਚਨਾ ਕਰਨ ਵਰਗੇ ਦੋਸ਼ ਲਾ ਕੇ ਉਨ੍ਹਾਂ ਨੂੰ ਜਥੇਬੰਦੀ ਵਿਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ।

ਇਸ ਤੋਂ ਬਾਅਦ ਅੰਤ ਉਨ੍ਹਾਂ ਨੇ ਅਪਣੇ ਸਮੂਹ ਹਮਖਿਆਲ ਕਿਸਾਨ ਵਰਕਰਾਂ ਦੇ ਸਹਿਯੋਗ ਨਾਲ 2006 ਵਿੱਚ "ਪੰਜਾਬ ਕਿਸਾਨ ਯੂਨੀਅਨ" ਦੀ ਸਥਾਪਨਾ ਕੀਤੀ। ਉਹਨਾਂ ਦੇ ਦਿਲ ਵਿਚ ਕਿਸਾਨਾਂ ਪ੍ਰਤੀ ਅਥਾਹ ਦਰਦ ਹੈ ਅਤੇ ਉਹ ਕਰਜ਼ੇ ਕਾਰਨ ਹੁੰਦੀਆਂ ਕਿਸਾਨਾਂ ਦੀਆਂ ਖੁਦਕਸ਼ੀਆਂ ਪ੍ਰਤੀ ਹਮੇਸ਼ਾਂ ਬਹੁਤ ਗੰਭੀਰ ਅਤੇ ਚਿੰਤਤ ਰਹਿੰਦੇ ਹਨ। ਉਹਨਾਂ ਨੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਰੋਕਥਾਮ ਅਤੇ ਕਿਸਾਨਾਂ ਦੇ ਸਰਕਾਰੀ ਤੇ ਗੈਰ ਸਰਕਾਰੀ ਕਰਜ਼ੇ ਮੁਆਫ ਕਰਨ ਦੀ ਮੰਗ ਨੂੰ ਪੂਰੇ ਜੋਰ ਨਾਲ ਉਭਾਰਿਆ। ਉਹਨਾਂ ਨੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਾਨਸਾ ਵਿਖੇ ਕਰਜ਼ਾ ਮੁਕਤੀ ਮੋਰਚਾ ਲਾਇਆ, ਜੋ ਕਿ ਲਗਭਗ ਗਿਆਰਾਂ ਮਹੀਨੇ ਚੱਲਿਆ। ਇਸ ਅੰਦੋਲਨ ਕਾਰਨ ਸੂਬੇ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਕਿਸਾਨਾਂ ਦੇ ਕਰਜ਼ਾ ਮੁਕਤੀ ਦਾ ਮੁੱਦਾ ਆਪਣੇ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨਾ ਪਿਆ ਅਤੇ ਆਪਣੇ ਚੋਣ ਪ੍ਰਚਾਰ ਦਾ ਹਿੱਸਾ ਬਣਾਉਣਾ ਪਿਆ । ਕਿਸਾਨਾਂ ਦਾ ਕਰਜ਼ਾ ਮੁਆਫੀ ਦਾ ਮੁੱਦਾ ਰੁਲਦੂ ਸਿੰਘ ਵੱਲੋਂ ਉਠਾਉਣ ਕਾਰਨ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਸਹੁੰ ਖਾਕੇ ਵਾਅਦਾ ਕਰਨਾ ਪਿਆ। ਭਾਵੇਂ ਕਿ ਕੈਪਟਨ ਅਮਰਿੰਦਰ ਨੇ ਕਿਸਾਨਾਂ ਨਾਲ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਪੂਰਾ ਨਹੀਂ ਕੀਤਾ ਪਰ ਕਿਸਾਨਾਂ ਦਾ ਦੋ ਦੋ ਲੱਖ ਤੱਕ ਦਾ ਕਰਜ਼ਾ ਜੋ ਮੁਆਫ ਕੀਤਾ ਗਿਆ ਉਹ ਰੁਲਦੂ ਸਿੰਘ ਮਾਨਸਾ ਦੀ ਅਗਵਾਈ ਵਿਚ ਪੰਜਾਬ ਕਿਸਾਨ ਯੂਨੀਅਨ ਵੱਲੋਂ ਲਗਾਏ ਮੋਰਚੇ ਦੀ ਬਦੌਲਤ ਹੋ ਪਾਇਆ ਹੈ।

ਪਟਨੇ ਵਿਖੇ ਮਈ 2010 ਵਿੱਚ ਹੋਈ ਕੁਲ ਹਿੰਦ ਕਿਸਾਨ ਮਹਾਂਸਭਾ ਦੀ ਆਲ ਇੰਡੀਆ ਡੈਲੀਗੇਟ ਕਾਨਫਰੰਸ ਵਲੋਂ ਰੁਲਦੂ ਸਿੰਘ ਨੂੰ ਜਥੇਬੰਦੀ ਦਾ ਕੌਮੀ ਪ੍ਰਧਾਨ ਚੁਣਿਆ ਗਿਆ। ਉਸ ਤੋਂ ਬਾਦ ਦੁਬਾਰਾ ਫਿਰ ਉਨਾਂ ਨੂੰ ਸਰਬਸੰਮਤੀ ਨਾਲ 2013 ਅਤੇ 2017 ਵਿੱਚ ਕੁਲ ਹਿੰਦ ਕਿਸਾਨ ਮਹਾਂਸਭਾ ਦਾ ਕੌਮੀ ਪ੍ਰਧਾਨ ਬਣਾਇਆ ਗਿਆ। ਉਹ ਕਿਸਾਨ ਅੰਦੋਲਨ 'ਚ ਕਰੀਬ 24 ਵਾਰ ਜੇਲ ਜਾ ਚੁੱਕੇ ਹਨ ਅਤੇ ਕੁਲ ਮਿਲਾ ਕੇ ਲਗਭਗ ਦੋ ਸਾਲ ਜੇਲ ਕੱਟੀ ਹੈ ਅਤੇ ਦੋ ਦਰਜਨ ਪੁਲਿਸ ਕੇਸਾਂ ਦਾ ਸਾਹਮਣਾ ਕੀਤਾ ਹੈ। ਇੰਨ੍ਹਾਂ ਵਿਚੋਂ ਇਕ ਕੇਸ ਵਿੱਚ ਉਨ੍ਹਾਂ ਨੂੰ13ਹੋਰ ਕਿਸਾਨ ਆਗੂਆਂ ਤੇ ਵਰਕਰਾਂ ਸਮੇਤ ਤਿੰਨ ਸਾਲ ਦੀ ਸਜ਼ਾ ਵੀ ਹੋਈ ਹੈ, ਇਹ ਕੇਸਹਾਲੇ ਵੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੈਂਡਿੰਗ ਹੈ। ਜਦ ਮੋਦੀ ਸਰਕਾਰ ਨੇ ਦੇਸ਼ ਵਿਚ ਲੌਕਡਾਊਨ ਲਾਕੇ ਜੂਨ 2020 ਵਿੱਚ ਤਿੰਨ ਖੇਤੀ ਅਤੇ ਕਿਸਾਨ ਵਿਰੋਧੀ ਕਾਨੂੰਨ ਪਾਸ ਕੀਤੇ ਉਸ ਸਮੇਂ ਤੋਂ ਹੀ ਰੁਲਦੂ ਸਿੰਘ ਇਹਨਾਂ ਕਾਨੂੰਨਾਂ ਖਿਲਾਫ ਸੰਘਰਸ਼ ਦੇ ਮੋਰਚੇ ਉਤੇ ਡਟੇ ਹੋਏ ਹਨ। ਉਨ੍ਹਾਂ ਲਗਾਤਾਰ ਮਿਹਨਤ ਕਰਕੇ ਖੇਤੀ ਅਤੇ ਕਿਸਾਨੀ ਉਪਰ ਇਹਨਾਂ ਕਾਨੂੰਨਾਂ ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਅੰਦੋਲਨ ਨੂੰ ਅੱਜ ਸਿਖਰ ਤੇ ਲੈਕੇ ਜਾਣ ਵਿੱਚ ਵੀ ਉਨ੍ਹਾਂ ਮੋਹਰੀ ਰੋਲ ਅਦਾ ਕੀਤਾ। ਰੁਲਦੂ ਸਿੰਘ ਕਿਸਾਨ ਅੰਦੋਲਨ ਨੂੰ ਸਿਖਰਾਂ ਤੇ ਲੈਕੇ ਜਾਣ ਲਈ ਹਮੇਸ਼ਾਂ ਕਿਸਾਨ ਜਥੇਬੰਦੀਆਂ ਦੀ ਏਕਤਾ ਦੇ ਹਾਮੀ ਰਹੇ ਹਨ ਅਤੇ ਇਸ ਅੰਦੋਲਨ ਨੂੰ ਜਿੱਤਣ ਲਈ ਕਿਸਾਨ ਜਥੇਬੰਦੀਆਂ ਨੂੰ ਇਕ ਮੰਚ ਤੇ ਲਿਆਉਣ ਵਿੱਚ ਕਾਮਯਾਬ ਹੋਏ ਹਨ। ਕਿਸਾਨ ਆਗੂ ਰੁਲਦੂ ਸਿੰਘ ਜਿੱਥੇ ਜਥੇਬੰਦੀਆਂ ਦੀਆਂ ਸਾਂਝੀਆਂ ਮੀਟਿੰਗਾਂ ਵਿੱਚ ਆਪਣੀ ਠੋਸ ਰਾਇ ਰੱਖਦੇ ਹਨ, ਉਥੇ ਸਰਕਾਰ ਨਾਲ ਗੱਲਬਾਤ ਦੀ ਮੇਜ਼ 'ਤੇ ਵੀ ਨਿਧੜਕ ਹੋ ਕੇ ਅਤੇ ਠੋਕ ਵਜਾਕੇ ਆਪਣੀ ਗੱਲ ਰੱਖਦੇ ਹਨ। ਪਿਛਲੇ ਦਿਨ ਹੀ ਉਨਾਂ ਅਮਿਤ ਸ਼ਾਹ ਨਾਲ ਹੋਣ ਵਾਲੀ ਕਿਸਾਨ ਆਗੂਆਂ ਦੀ ਮੀਟਿੰਗ ਦੀ ਥਾਂ ਵਾਰ ਵਾਰ ਤਬਦੀਲ ਕਰਨ ਤੋਂ ਪ੍ਰੇਸ਼ਾਨ ਹੋ ਕੇ ਉਨ੍ਹਾਂ ਨੇ ਉਸ ਮੀਟਿੰਗ ਦਾ ਹੀ ਬਾਈਕਾਟ ਕਰ ਦਿੱਤਾ ਸੀ ਅਤੇ ਸਰਕਾਰ ਨੂੰ ਉਨ੍ਹਾਂ ਨੂੰ ਮਨਾਉਣ ਲਈ ਵਿਸ਼ੇਸ਼ ਤਰਦੱਦ ਕਰਨਾ ਪਿਆ ਸੀ।

ਕਿਸਾਨ ਆਗੂ ਰੁਲਦੂ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਦੇ ਪੁਰਖਿਆਂ ਦਾ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਨਾਲ ਟਾਕਰਾ ਹੋਇਆ ਸੀ ਤੇ ਹੁਣ ਮੋਦੀ ਤੇ ਅਮਿਤ ਸ਼ਾਹ ਨਾਲ ਅਤੇ ਵਰਲਡ ਟਰੇਡ ਔਰਗੇਨਾਈਜ਼ੇਸ਼ਨ ਨਾਲ ਟਾਕਰਾ ਹੈ। ਇਸ ਲਈ ਇਹ ਲੜਾਈ ਸਾਡੀ ਹੋਂਦ ਦੀ ਲੜਾਈ ਹੈ ਅਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੇ ਭਵਿੱਖ ਦੀ ਲੜਾਈ ਹੈ, ਉਹ ਇਸ ਲੜਾਈ ਵਿੱਚ ਅਪਣਾ ਖੂੰਡਾ ਲੈਕੇ ਉਤਰੇ ਹੋਏ ਹਨ ਅਤੇ ਇਸ ਲੜਾਈ ਨੂੰ ਜਿੱਤਕੇ ਹੀ ਪੰਜਾਬ ਮੁੜਨਗੇ। ਰੁਲਦੂ ਸਿੰਘ 26 ਜਨਵਰੀ ਦੇ ਆਪਣੇ ਘਰੋਂ ਦਿੱਲੀ ਵੱਲ ਚੱਲੇ ਸਨ ਅਤੇ ਹੁਣ ਵੀ ਕੇਂਦਰ ਸਰਕਾਰ ਖਿਲਾਫ ਦਿੱਲੀ ਵਿਖੇ ਹੀ ਡਟੇ ਹੋਏ ਹਨ। ਮਾਰਚ 2018 ਵਿਚ ਪੈਰ ਤਿਲਕ ਜਾਣ ਕਾਰਨ ਉਨ੍ਹਾਂ ਦਾ ਚੂਲਾ ਟੁੱਟ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਤੁਰਨ ਵਿੱਚ ਕਾਫੀ ਦਿੱਕਤ ਆਉਂਦੀ ਹੈ। ਸਹਾਰੇ ਲਈ ਉਦੋਂ ਤੋਂ ਹੀ ਉਨ੍ਹਾਂ ਨੇ ਅਪਣਾ ਚਰਚਿਤ ਖੂੰਡਾ ਹੱਥ ਵਿਚ ਰੱਖਣਾ ਸ਼ੁਰੂ ਕੀਤਾ ਸੀ। ਪਰ ਤੁਰਨ ਫਿਰਨ 'ਚ ਦਿੱਕਤ ਆਉਣ ਬਾਵਜੂਦ ਉਹ ਕਦੇ ਸਰਕਾਰ ਨਾਲ ਮੀਟਿੰਗਾਂ 'ਚ ਜਾਂਦੇ ਹਨ, ਕਦੇ ਜਥੇਬੰਦੀਆਂ ਦੀਆਂ ਸਾਂਝੀਆਂ ਮੀਟਿੰਗਾਂ ਵਿਚ ਸ਼ਾਮਲ ਹੋਏ ਹਨ ਅਤੇ ਕਦੇ ਕਿਸਾਨਾਂ ਵਿੱਚ ਜੋਸ਼ ਭਰਨ ਲਈ ਦਿੱਲੀ ਦੇ ਦੋਵੇਂ ਬਾਰਡਰਾਂ 'ਤੇ ਲੱਗੇ ਮੋਰਚਿਆਂ 'ਚ ਡਟੇ ਕਿਸਾਨਾਂ ਨੂੰ ਸੰਬੋਧਨ ਕਰਨ ਪਹੁੰਚਦੇ ਹਨ। ਪੂਰੀ ਉਮੀਦ ਹੈ ਕਿ ਉਨ੍ਹਾਂ ਦੀ ਇਹ ਮਿਹਨਤ ਛੇਤੀ ਰੰਗ ਲਿਆਵੇਗੀ ਅਤੇ ਕਿਸਾਨ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਕੇ ਜੇਤੂ ਰੂਪ ਵਿਚ ਘਰਾਂ ਨੂੰ ਵਾਪਸ ਪਰਤਣਗੇ।

**ਐਡਵੋਕੇਟ ਬਲਕਰਨ ਸਿੰਘ ਬੱਲੀ**
**9915263013**

## ਜੰਗ

ਨਵੀਆਂ ਗੀਤਾਂ ਨਵੇਂ ਰੰਗ
ਵੱਖੋ-ਵੱਖਰੇ ਆਗੇ ਢੰਗ
ਚੱਲ ਰਹੀ ਹੈ ਉਹੀ ਜੰਗ
ਸਦੀਆਂ ਤੋਂ ਚੱਲੀ ਹੋਈ
ਕਦੇ ਵੀ ਨਾ ਰੁਕਣ ਵਾਲੀ
ਉਮਰਾਂ ਦੀਆਂ ਬਾਤਾਂ ਪਾਉਣ ਵਾਲੀ
ਇਤਿਹਾਸਕ ਜਿੱਤਾਂ ਹਾਰਾਂ ਦੀ
ਪੁਣ ਛਾਣ ਕਰਨ ਵਾਲੀ
ਨਵੇਂ ਰਾਹ ਦਿਖਾਉਣ ਵਾਲੀ
ਜ਼ਿੰਦਗੀ ਕਹਾਉਣ ਵਾਲੀ
ਹਾਸੇ ਖੇੜੇ ਸਭ ਦੇ ਨੇੜੇ
ਅਸਲੀ ਬਾਤ ਸੁਣਾਉਣ ਵਾਲੀ
ਕੁੱਲ ਦੁਨੀਆਂ ਦੀ ਇੱਕੋ ਕਹਾਣੀ
ਜੰਗ ਬਿਨਾਂ ਅਧੂਰੀ ਜ਼ਿੰਦਗਾਨੀ
ਜੰਗ ਸਾਹ ਲੈਣ ਦਾ ਨਾਂ
ਜੰਗ ਅੱਗੇ ਵਧਣ ਦਾ ਰਾਹ
ਜੰਗ ਜਿਉਂਦੇ ਹੋਣ ਦਾ ਨਾਂ
ਜੰਗ ਪਹਿਲੀ ਜ਼ਿੰਦਗੀ ਦਾ ਨਾਂ
ਜੰਗ ਆਉਂਦੀਆਂ ਨਸਲਾਂ ਦਾ ਨਾਂ
ਜੰਗ ਹਰ ਇਨਸਾਨ ਦਾ ਨਾਮ
ਜੰਗ ਉੱਠ ਰਹੇ ਉਬਾਲ ਦਾ ਨਾਂ
ਜੰਗ ਇਮਾਨ ਦਾ ਨਾਂ
ਜੰਗ ਚੱਲ ਰਹੇ ਇਮਤਿਹਾਨ ਦਾ ਨਾਂ
ਜੰਗ ਲਗਾਤਾਰਤਾ ਦਾ ਨਾਂ
ਜੰਗ ਤੇਰੀ ਮੇਰੀ ਵਾਰਤਾ ਦਾ ਨਾਂ
ਜੰਗ ਅਸਲੀ ਜ਼ਿੰਦਗੀ ਦਾ ਨਾਂ
ਜੰਗ ਆ ਰਹੇ ਇਨਕਲਾਬ ਦਾ ਨਾਂ
ਜੰਗ ਹੋ ਰਹੇ ਬਦਲਾਅ ਦਾ ਨਾਂ।

• • •

## ਬਹਿਕੇ ਵੇਖ ਜਵਾਨਾਂ...

ਬਹਿਕੇ ਵੇਖ ਜਵਾਨਾਂ
ਬਾਬੇ ਕਾਨੂੰਨ ਮੜਾਉਂਦੇ ਨੇ
ਸੰਗ ਕਾਫਲਿਆਂ ਨਵਾਂ ਸਾਲ
ਮਨਾਉਂਦੇ ਨੇ।
ਟਰੈਕਟਰ ਮਾਰਚ
ਕਰਾਉਂਦੇ ਨੇ
ਕਿਸਾਨੀ ਝੰਡਾ
ਲਹਿਰਾਉਂਦੇ ਨੇ
ਪੱਕਾ ਲੰਗਰ
ਚਲਾਉਂਦੇ ਨੇ
ਬਹਿਕੇ ਵੇਖ ਜਵਾਨਾਂ
ਬਾਬੇ ਧਮਾਲ ਮਚਾਉਂਦੇ ਨੇ
ਲੰਮੀ ਗਾਥਾ ਸਣਾਉਂਦੇ ਨੇ
ਬਿਗੜੀ-ਤਿਗੜੀ
ਸਰਕਾਰ ਨੂੰ
ਪੜਨੇ ਪਾਉਂਦੇ ਨੇ
ਕੀਕਣ ਲਾਈਨ 'ਤੇ
ਲਿਆਉਂਦੇ ਨੇ
ਏਦਾਂ ਹੀ
ਇਨਕਲਾਬੀ ਝੱਖੜ
ਆਉਂਦੇ ਨੇ

**- ਪਾਸ ਔਜਲਾ**

## ਆਲੂ ਤੇ ਲੇਜ਼ (ਚਿਪਸ) ਦਾ ਪੈ ਗਿਆ ਝਗੜਾ

**ਡਾ. ਕੁਲਦੀਪ ਸਿੰਘ ਦੀਪ**

**(ਕਾਰਪੋਰੇਟ ਬਨਾਮ ਕਿਸਾਨ)**

**(ਗੁਜਰਾਤ ਵਿਚ ਚਿਪਸ ਬਣਾਉਣ ਵਾਲੀ ਕੰਪਨੀ ਪੈਪਸਿਕੋ ਨਾਲ ਆਲੂ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਬਹੁਤ ਵੱਡੀ ਲੜਾਈ ਲੜਨੀ ਪਈ ਸੀ)**



**ਆਲੂ (ਲੇਜ਼ ਦੇ ਪੈਕਟ ਨੂੰ) :**
ਉਏ ਮੋਟਿਆ ਘੜੁੱਲਿਆ, ਏਨਾ ਕਾਹਤੋਂ ਫੁੱਲਿਆ
ਬਾਹਰੋਂ ਕਿੰਨਾ ਤਾਮ-ਝਾਮ, ਵਿੱਚੋਂ ਬਸ ਸੌ ਗਰਾਮ
ਕਿੱਲੋ ਦਾ ਹਿਸਾਬ ਲਾਵਾਂ, ਤਿੰਨ ਸੌ ਤੇ ਅੱਸੀ ਦਾ
ਮਾਲਕ ਤੇਰਾ ਤੇਰੇ ਵਾਂਗੂ, ਹੈ ਲਿਫਾਫਾ ਦੱਸੀਂਦਾ

**ਲੇਜ਼ (ਚਿਪਸ) :**
ਆਲੂ ਕਚਾਲੂਆ, ਗੋਲ ਮੋਲ ਭਾਲੂਆ
ਲਿਬੜਿਆ ਤੇ ਤਿਬੜਿਆ, ਕੱਖ ਨਾ ਤੂੰ ਨਿਬੜਿਆ
ਦੇਖ ਦੇਖ ਟੌਹਰ ਮੇਰੀ, ਮੇਰੇ ਉਤੇ ਕੁੜ੍ਹੇ ਤੂੰ
ਤੈਨੂੰ ਕੋਈ ਪੁੱਛੇ ਨਾ, ਤੇ ਸੜਕਾਂ ਤੇ ਰੁਲੇਂ ਤੂੰ

**ਆਲੂ**
ਸਾਨੂੰ ਅਖਾਂ ਕੱਢਦਾ ਏਂ, ਸਾਡੇ ਤੋਂ ਹੀ ਬਣੇ ਤੂੰ
ਆਕੜਾਂ ਵਿਖਾਵੇਂ ਸਾਨੂੰ, ਸਾਡੇ ਮੂਹਰੇ ਤਣੇ ਤੂੰ
ਮੰਨ ਲਿਆ ਤੇਰੀ ਹੁਣ, ਬੜੀ ਹੀ ਚੜ੍ਹਾਈ ਹੈ
ਸਾਨੂੰ ਕੋਈ ਪੁੱਛਦਾ ਨੀ, ਤੇਰੀ ਹੀ ਕਮਾਈ ਹੈ
ਸਾਡਾ ਮਾਲਕ ਬੀਜਦਾ ਹੈ, ਔਖਾ ਹੋ ਹੋ ਪਾਲਦਾ
ਮਿੱਟੀ ਨਾਲ ਮਿੱਟੀ ਹੋਵੇ, ਬੰਦਾ ਇਹ ਕਮਾਲ ਦਾ
ਤੇਰਾ ਮਾਲਕ ਖਚਰਾ ਹੈ, ਪਾਲਦਾ ਨਾ ਬੀਜਦਾ
ਬਸ ਸਾਡੇ ਖੇਤਾਂ ਵਿੱਚੋਂ, ਸਾਨੂੰ ਆ ਖਰੀਦਦਾ
ਛਿੱਲ ਕੇ ਜੇ ਤਲ ਕੇ ਜੇ, ਲਿਫਾਫੇ ਵਿਚ ਭਰ ਕੇ ਜੇ
ਪੂਰਾ ਚਮਕਾ ਕੇ ਜੇ, ਉਤੇ ਲੇਬਲ ਲਾ ਕੇ ਜੇ
ਸੌ ਗੁਣਾ ਵੱਧ ਸਾਥੋਂ, ਕਰਦਾ ਕਮਾਈ ਹੈ ਉਹ
ਸਾਡੇ ਸਿਰ ਉਤੋਂ ਸਾਰੀ, ਕਰਦਾ ਚੜ੍ਹਾਈ ਹੈ ਉਹ

**ਲੇਜ਼ :**
ਐਵੇਂ ਨਾ ਉਏ ਸੜ ਤੂੰ, ਜਾ ਪਰ੍ਹੇ ਮਰ ਤੂੰ
ਮੇਰੇ ਕਹਿਣੇ ਉਤੇ ਚੱਲ, ਮੇਰੇ ਕੋਲੋਂ ਡਰ ਤੂੰ
ਏਥੇ ਹੁਣ ਚਲਣੀ ਹੈ, ਬਸ ਮੇਰੀ ਮਰਜ਼ੀ
ਇਥੇ ਹੁਣ ਬਹੁੜਨਾ ਨੀ, ਤੇਰਾ ਕੋਈ ਦਰਦੀ
ਟੌਹਰ ਦੇਖ ਸਾਡੀ ਅਸੀਂ, ਕਿੰਨਾ ਹੁਣ ਜੱਚਦੇ
ਰਾਜ ਭਾਗ ਮੇਰੀਆਂ ਨੇ, ਉਂਗਲਾਂ ਤੇ ਨੱਚਦੇ
ਤਕੜੇ ਦਾ ਸੱਤੀ ਵੀਹੀਂ, ਸੌ ਹੁੰਦਾ ਆਇਆ ਹੈ
ਮੈਂ ਉਸ ਸੈਕੜੇ ਨੂੰ, ਲੱਖ ਦਾ ਬਣਾਇਆ ਹੈ
ਲੱਖ ਤੋਂ ਕਰੋੜ ਫਿਰ , ਅਸੀਂ ਬਣ ਜਾਂਦੇ ਹਾਂ
ਤੇਰੇ ਵਿੱਚੋਂ ਪੈਦਾ ਹੋ ਕੇ ਤੈਨੂੰ ਹੀ ਡਰਾਂਦੇ ਹਾਂ

**ਆਲੂ :**
ਗੱਲ ਸੁਣ ਮੇਰੀ ਹੁਣ ਮੋਟਿਆ ਘੜੁੱਲਿਆ
ਤੇਰੀ ਤਾਂ ਸਚਾਈ ਹੁਣ, ਕੋਈ ਨਹੀਂ ਭੁੱਲਿਆ
ਸਭ ਨੂੰ ਹੀ ਪਤੈ ਤੂੰ ਤਾਂ, ਉੱਤੋਂ ਉਤੋਂ ਫੁੱਲਿਆ
ਕੱਖ ਦਾ ਨਾ ਰਹੇ ਤੂੰ ਜੇ, ਇਕ ਵਾਰੀ ਖੁੱਲ੍ਹਿਆ
ਭਰੀ ਤੇਰੇ ਵਿਚ ਹਵਾ, ਉਂਝ ਤਾਂ ਤੂੰ ਥੋਥਾ ਹੈਂ
ਸਾਡਾ ਖੂਨ ਚੂਸ ਚੂਸ, ਐਵੇਂ ਹੋਇਆ ਮੋਟਾ ਹੈਂ
ਮਾਰ ਮਾਰ ਮੁੱਕੀਆਂ ਉਏ, ਫੂਕ ਤੇਰੀ ਕੱਢ ਦੇਣੀ
ਹੋਏ ਅਸੀਂ ਕੱਠੇ ਸਾਰੇ, ਜੜ ਤੇਰੀ ਵੱਢ ਦੇਣੀ
ਚੁੱਕ ਕੇ ਉਏ ਖੋਲ ਤੇਰਾ, ਰੂੜੀ ਉਤੇ ਸੁੱਟਾਂਗੇ
ਤੈਨੂੰ ਥੱਲੇ ਲਾਹਵਾਂਗੇ, ਤੇ ਅਸੀਂ ਉਤੇ ਉੱਠਾਂਗੇ
ਸੱਦ ਲੈ ਜੋ ਸੱਦਣੇ ਨੇ, ਸਾਰੇ ਹੀ ਮੁਲਾਹਜੇਦਾਰ
ਦੋ ਦੋ ਹੱਥ ਦੇਖਣੇ ਨੂੰ , ਹੋਏ ਅਸੀਂ ਹਾਂ ਤਿਆਰ
ਡਰਾਂਗੇ ਨਾ ਹੁਣ ਅਸੀਂ ਮਰਾਂਗੇ ਜਾਂ ਲੜਾਂਗੇ
ਕਿਰਤੀ ਕਿਸਾਨ ਦੀ ਉਏ, ਜ਼ਿੰਦਾਬਾਦ ਕਰਾਂਗੇ....

# ਕਿਸਾਨ ਸੰਘਰਸ਼ ਨੂੰ ਸਮਰਪਿਤ ਸੁਰਿੰਦਰ ਗੀਤ ਦੀਆਂ ਕਵਿਤਾਵਾਂ



## ਨਵਾਂ ਇਤਿਹਾਸ

ਭਾਰਤ ਦੇ
ਪਿੰਡਾਂ ਸ਼ਹਿਰਾਂ ਚੋਂ ਉੱਠ
ਟਰੈਕਟਰ ਟਰਾਲੀਆਂ ਸਜਾ
ਕਾਫ਼ਲੇ ਬਣਾ
ਆਪਣੇ ਪਿੰਡਿਆਂ ਤੇ
ਪੁਲੀਸ ਦੀਆਂ
ਡਾਂਗਾ ਖਾਂਦੇ
ਸਰਦੀ ਦੀ ਰੁੱਤੇ
ਠੰਡੇ ਠਾਰ ਪਾਣੀ ਦੀਆਂ ਬੁਛਾੜਾਂ ਝੱਲਦੇ
ਸਰਕਾਰੀ ਮਸ਼ੀਨਾਂ ਨਾਲ ਢੋਏ
ਤੇ ਰਾਹਾਂ 'ਚ ਟਿਕਾਏ
ਕਈ ਕਈ ਟਨ ਭਾਰੇ ਪੱਥਰ
ਹੱਥਾਂ ਨਾਲ ਹਟਾਉਂਦੇ ਹਕੂਮਤਾਂ ਦੇ
ਪੰਦਰ੍ਹਾਂ ਪੰਦਰ੍ਹਾਂ ਫੁੱਟ
ਡੂੰਘੇ ਪੁੱਟੇ ਟੋਏ
ਮਿੰਟਾਂ ਸਕਿੰਟਾਂ ਵਿੱਚ ਪੂਰਦੇ
ਅੱਥਰੂ ਗੈਸ ਦੇ ਗੋਲਿਆਂ ਦਾ
ਧੂੰਆਂ ਚੀਰਦੇ
ਸਹਿਣਸ਼ੀਲਤਾ ਤੇ
ਮੁਸਕਰਾਹਟ ਵੰਡਦੇ
ਇਨਕਲਾਬ ਦੇ ਨਾਹਰੇ ਲਾਉਂਦੇ ਦਿੱਲੀ ਵੱਲ
ਵੱਧਦੇ ਜਾਂਦੇ
ਦਿੱਲੀ ਦੀਆਂ ਬਰੂਹਾਂ ਤੇ ਬੈਠ
ਚਾਰੇ ਪਾਸਿਓ ਦਿੱਲੀ ਘੇਰ
ਹੱਕ ਤੇ ਸੱਚ ਦੇ ਨਾਹਰੇ ਲਗਾ
ਸਮੇਂ ਦੀ ਹਕੂਮਤ ਦਾ ਤਖਤ
ਕੰਬਾ ਰਹੇ ਲੋਕਾਂ ਦਾ ਹਜੂਮ
ਕੀ ਹੈ?

ਇਹ ਕੇਵਲ
ਹੱਡ, ਲਹੂ ਮਾਸ ਦੇ ਪੁੱਤਲੇ ਹੀ ਨਹੀਂ
ਸਗੋਂ
ਕਿਸਾਨ, ਕਿਰਤੀ ਕਾਮਿਆਂ ਦੇ
ਹੱਕਾਂ ਦੀ ਲੁੱਟ ਵਿਰੁਧ
ਭਾਰਤ ਦੀ ਮਿੱਟੀ
ਚੋਂ ਉੱਗਿਆ ਰੋਹ
ਗੁਸਤਾਖ਼ ਹਵਾਵਾਂ ਪ੍ਰਤੀ
ਲੋਕਾਂ ਦਾ ਵਿਦਰੋਹ
ਲੋਕ ਮਨਾਂ ਵਿੱਚ
ਲੋਕਾਂ ਲਈ ਪਲਦਾ
ਮਣਾਂ ਮੂੰਹੀ ਮੋਹ
ਗੁਰੂਆਂ ਪੀਰਾਂ ਫ਼ਕੀਰਾਂ ਦੇ
ਥਾਪੜੇ ਦੀ ਛੋਹ
ਤੇ ਜੁਝਾਰੂ ਵਿਰਸੇ ਦੀ
ਲਟ ਲਟ ਬਲਦੀ
ਲੋਅ ਹੈ

ਇਹ ਜੋਸ਼ ਤੇ ਹੋਸ਼ ਦਾ
ਸੁਮੇਲ
ਸੀਸ ਤਲੀ ਤੇ ਧਰ
ਖੇਡਣ ਵਾਲਾ ਖੇਲ
ਤੇ
ਹਿੰਦੂ ਸਿੱਖ ਮੁਸਲਮਾਨਾਂ ਵਿਚਲਾ ਪਿਆਰ
ਵੱਡੇ ਛੋਟੇ ਵੀਰ ਵਾਲਾ ਸਤਿਕਾਰ
ਇਕ ਦੂਸਰੇ ਦੀਆਂ ਬਾਹਾਂ ਬਣ
ਸਿਰਜਿਆ ਨਵਾਂ ਇਤਿਹਾਸ ਹੈ ।

• • •

## ਇਸ ਵਾਰ...

ਪੋਣੇ 'ਚ ਦੋ ਡੰਗ ਦੀ ਰੋਟੀ ਬੰਨ੍ਹ
ਤੇ ਡੱਬੀਆਂ ਵਾਲਾ
ਧੋਤਾ ਪਰਨਾ ਫੜਾਉਦਿਆਂ
ਧੀ ਬੋਲੀ
ਬਾਪੂ !

ਇਸ ਵਾਰ ਤੂੰ ਧਰਨੇ ਤੇ
ਇਕੱਲਾ ਨਹੀਂ ਜਾਵੇਂਗਾ
ਮੈਂ ਵੀ ਤੇਰੇ ਨਾਲ ਜਾਵਾਂਗੀ
ਤੇਰੀ ਆਵਾਜ਼ 'ਚ ਆਪਣੀ
ਆਵਾਜ਼ ਰਲਾਵਾਂਗੀ
ਤੇਰੇ ਪਿੰਡੇ ਤੇ ਵਰ੍ਹੀਆਂ ਡਾਗਾਂ
ਤੇ ਤੇਰੀ ਰੂਹ ਨਾਲ
ਖੇਡੀਆਂ ਗਈਆਂ
ਮਕਾਰੀ ਖੇਡਾਂ ਦੀ ਪੀੜਾ
ਮੈਂ ਤੇਰੇ ਨਾਲ ਵੰਡਾਵਾਂਗੀ

ਬਾਪੂ !
ਤੂੰ ਬਹੁਤ ਭੋਲਾ ਏਂ
ਹਰ ਵਾਰ
ਮੀਸਣੇ ਲੀਡਰਾਂ ਦੇ ਭਾਸ਼ਣਾਂ ਤੇ
ਯਕੀਨ ਕਰ ਲੈਨਾਂ

ਪਰ...
ਇਸ ਵਾਰ ਮੈਂ ਤੈਨੂੰ
ਉਹਨਾਂ ਦੇ ਮਕਾਰੀ ਭਾਸ਼ਣਾਂ ਦੇ
ਮਾਰੂ ਅਰਥ ਸਮਝਾ
ਮੇਰੀਆਂ ਡਿਗਰੀਆਂ ਤੇ
ਖਰਚ ਹੋਏ ਤੇਰੇ ਪੈਸੇ
ਤੇ ਤੇਰੀਆਂ ਹੰਢਾਈਆਂ ਤੰਗੀਆਂ ਦਾ
ਭੋਰਾ ਮੁੱਲ ਚੁਕਾਵਾਂਗੀ
ਤੇਰੀ ਕਹੀ ਨੂੰ
ਬਗਾਵਤ ਦਾ ਚਿੰਨ੍ਹ ਬਣਾ ਕੇ
ਅਸਮਾਨ ਵਿੱਚ ਲਹਿਰਾਵਾਂਗੀ

ਬਾਪੂ !
ਇਸ ਵਾਰ ਤੂੰ ਧਰਨੇ ਤੇ
ਇਕੱਲਾ ਨਹੀਂ ਜਾਵੇਂਗਾ
ਤੇਰੇ ਖੇਤਾਂ ਦੀ ਧੀ
ਤੇਰੀ ਲਾਡੋ
ਤੇਰੇ ਨਾਲ ਜਾਵੇਗੀ
ਤੇਰੇ ਖੇਤਾਂ ਦੀ ਮਿੱਟੀ ਦੀ
ਚੋਰੀ ਹੋਈ ਮਹਿਕ
ਤੇ ਪੱਕੀ ਫ਼ਸਲ ਦਾ
ਲੁੱਟਿਆ ਹਾਸਾ
ਵਾਪਸ ਲਿਆਵੇਗੀ।

ਬਾਪੂ
ਤੂੰ ਇਸ ਵਾਰ
ਧਰਨੇ ਤੇ
ਇਕੱਲਾ ਨਹੀਂ ਜਾਵੇਗਾ
ਮੈਂ ਤੇਰੇ
ਨਾਲ ਜਾਵਾਂਗੀ।

• • •

## ਹੱਕ ਮੰਗਦੇ...

ਹੱਕ ਮੰਗਦੇ ਹਾਕਮਾਂ ਤੈਥੋਂ
ਅਸੀਂ ਨਾ ਕੋਈ ਭੀਖ ਮੰਗਦੇ
ਹੱਕਾਂ ਖਾਤਰ ਲੋਕ ਯੁੱਧ ਲੜਨੇ
ਵੇ ਸਾਨੂੰ ਸਾਡੇ ਗੁਰੂ ਦੱਸਦੇ।

ਪੜ੍ਹਿਆ ਜੇ ਹੁੰਦਾ ਬਹਿ ਕੇ
ਸਾਡਾ ਇਤਿਹਾਸ ਵੇ
ਕਾਲੇ ਇਹ ਕਾਨੂੰਨਾਂ ਦੀ ਨਾ
ਪਾਉਂਦਾ ਕਦੇ ਬਾਤ ਵੇ
ਇਹ ਸਾਂਭ ਕੇ ਤੂੰ ਰੱਖ ਘਰ ਆਪਣੇ
ਵੇ ਸਾਡਾ ਇਹ ਦਮ ਘੁੱਟਦੇ
ਹੱਕ ਮੰਗਦੇ ਹਾਕਮਾਂ...

ਨਾਨਕ ਦੇ ਪੈਰੋਕਾਰ
ਕਿਰਤੀ ਕਿਸਾਨ ਹਾਂ
ਸਾਦਗੀ 'ਚ ਪਲਦੇ ਤੇ
ਸਾਦੇ ਇਨਸਾਨ ਹਾਂ
ਤੇਰੇ ਸ਼ਾਹਾਂ ਦੀ ਵੇ ਤੱਕੜੀ ਦੇ ਉੱਤੇ
ਕਦੇ ਨੀ ਅਸੀਂ ਤੁਲ ਸਕਦੇ
ਹੱਕ ਮੰਗਦੇ ਹਾਕਮਾਂ...

ਹਾਕਮਾਂ ਵੇ ਸਾਡੇ ਖੇਤ
ਸਾਡੀ ਜਿੰਦ ਜਾਨ ਨੇ
ਸਾਡਾ ਇਹ ਧਰਮ ਤੇ
ਸਾਡਾ ਇਹ ਈਮਾਨ ਨੇ
ਸਾਡੀ ਵੱਟ ਉੱਤੇ ਆਣ ਖੜੇ ਕੋਈ
ਵੇ ਅਸੀਂ ਇਹ ਨਹੀਂ ਜਰਦੇ
ਹੱਕ ਮੰਗਦੇ ਹਾਕਮਾਂ੩੩..

ਹੱਕਾਂ ਲਈ ਲੜਦੇ ਹਾਂ
ਜੀਣ ਲਈ ਮਰਦੇ ਹਾਂ
ਆਏ ਦਿਨ ਨਵਾਂ ਇਤਿਹਾਸ
ਅਸੀਂ ਘੜਦੇ ਹਾਂ
ਤੇਰੀ ਨੀਤੀ ਦੀਆਂ ਮਾਰੂ ਚਾਲਾਂ ਕੋਲੋਂ
ਇਹ ਰਾਹ ਸਾਡੇ ਨਹੀ ਰੁੱਕਦੇ
ਹੱਕ ਮੰਗਦੇ ਹਾਕਮਾਂ...

ਬਣ ਕੇ ਤੂਫਾਨ ਅਸੀਂ
ਘਰਾਂ ਵਿੱਚੋਂ ਨਿਕਲੇ ਹਾਂ
ਖੇਤਾਂ ਦੀ ਆਜ਼ਾਦੀ ਲਈ
ਦਿੱਲੀ ਘੇਰੀ ਫਿਰਦੇ ਹਾਂ
ਸਾਡੇ ਕਿਰਤੀ ਸੰਘਰਸ਼ ਦੇ ਮੂਹਰੇ
ਵੇ ਜਿੱਤ ਦੇ ਨਗਾਰੇ ਵੱਜਦੇ
ਹੱਕ ਮੰਗਦੇ ਹਾਕਮਾਂ...

• • •

## ਗ਼ਜ਼ਲ

ਨਵਾਂ ਸੈਲਾਬ ਆਇਆ ਹੈ
ਨਵਾਂ ਕੋਈ ਰੰਗ ਛਾਇਆ ਹੈ
ਸਾਡੇ ਕਿਰਤੀ ਕਿਸਾਨਾਂ ਨੇ,
ਨਵਾਂ ਦੀਵਾ ਜਗਾਇਆ ਹੈ।

ਅਨੋਖੀ ਲਾਟ ਦੀਵੇ ਦੀ,
ਅਨੋਖੀ ਰੌਸ਼ਨੀ ਇਸਦੀ,
ਤੇ ਲੱਗਦਾ ਲਾਟ 'ਚੋਂ ਅੱਜ ਫਿਰ,
ਸਰਾਭਾ ਮੁਸਕਰਾਇਆ ਹੈ।

ਬਿਨਾਂ ਇਤਿਹਾਸ ਦੇ ਪੜ੍ਹਿਆਂ
ਬਿਨਾਂ ਪਰਖੇ ਤਾਸੀਰਾਂ ਨੂੰ ,
ਕਿਸੇ ਬੇਸਮਝ ਹਾਕਮ ਦਾ
ਕੋਈ ਫ਼ੁਰਮਾਨ ਆਇਆ ਹੈ ।

ਲੜਾਈ ਹੱਕ ਦੀ ਵੀ ਹੈ
ਲੜਾਈ ਸੱਚ ਦੀ ਵੀ ਹੈ,
ਤੇ ਸਾਡੀ ਹੋਂਦ ਦੇ
ਮਸਲੇ ਜ਼ਮੀਰਾਂ ਨੂੰ ਜਗਾਇਆ ਹੈ।

ਅਸੀਂ ਮਿੱਟੀ ਚੋਂ ਜੰਮਦੇ ਹਾਂ
ਤੇ ਮਿੱਟੀ ਵਿੱਚ ਹੀ ਪਲਦੇ ਹਾਂ,
ਤੇ ਏਸੇ ਸੱਚ ਨੇ ਕਿਰਤੀ ਨੂੰ
ਦਿੱਲੀ ਤੇ ਚੜ੍ਹਾਇਆ ਹੈ।

• • •

## ਲੜਾਂਗੇ, ਮਰਾਂਗੇ ਤੇ ਜਿੱਤਾਂਗੇ

ਸੱਤ ਸਮੁੰਦਰ ਪਾਰ
ਮੈਂ ਬੈਠੀ
ਖ਼ਬਰਾਂ ਪੜ੍ਹਦੀ
ਖ਼ਬਰਾਂ ਸੁਣਦੀ
ਖ਼ਬਰਾਂ ਵੇਂਹਦੀ
ਭਾਵੁਕ ਹੁੰਦੀ
ਸੋਚ 'ਚ ਡੁੱਬੀ
ਪਲਾਂ ਛਿਣਾਂ ਵਿੱਚ
ਪੁੱਜ ਜਾਂਦੀ ਹਾਂ
ਦਿੱਲੀ ਦੇ ਬਾਰਡਰ ਦੇ ਉੱਤੇ
ਜਿੱਥੇ ਮੇਰੇ
ਬਾਪੂ ਵਰਗੇ
ਤਾਏ ਚਾਚੇ
ਮਾਵਾਂ ਵਰਗੀਆਂ
ਤਾਈਆਂ ਚਾਚੀਆਂ
ਹਮ ਉਮਰ ਦੇ
ਭੈਣ ਭਾਈ
ਸੋਹਣੇ ਬਾਂਕੇ ਗਭਰੂ ਪੁੱਤ
ਗੰਦਲਾਂ ਵਰਗੀਆਂ ਸੋਹਣੀਆਂ ਧੀਆਂ
ਲੱਖਾਂ ਦੀ ਗਿਣਤੀ ਵਿੱਚ
ਹੱਥਾਂ ਵਿੱਚ ਕਿਰਸਾਨੀ ਦੇ
ਝੰਡੇ ਫੜਕੇ
ਟਰੈਕਟਰ ਟਰਾਲੀਆਂ ਵਿੱਚ ਬੈਠੇ ਹਨ

ਇਉਂ ਲਗਦੈ
ਜਿਵੇਂ ਇਹਨਾਂ ਨੇ
ਟਰੈਕਟਰ ਅਤੇ ਟਰਾਲੀਆਂ ਦੇ ਨਾਲ
ਸ਼ਹਿਰ ਨਵਾਂ ਵਸਾ ਲਿਆ ਹੋਵੇ

ਉਹਨਾਂ ਦੇ ਨਾਲ
ਮੈਂ ਵੀ ਠੰਡ ਨਾਲ
ਠੁਰ ਠੁਰ ਕਰਦੀ ਹਾਂ
ਆਪਣੇ ਆਪ ਨੂੰ
ਟਰਾਲੀ ਹੇਠ ਸੁੱਤਾ ਮਹਿਸੂਸ ਕਰਦੀ ਹਾਂ

ਠੰਡ ਹੋਰ ਵੱਧਦੀ ਹੈ
ਆਪਣੇ ਆਪ ਨੂੰ ਇਕੱਠਾ ਕਰ
ਉੱਠਦੀ ਹਾਂ
ਪਿੰਡੋਂ ਟਰਾਲੀ ਭਰਕੇ
ਲਿਆਂਦੀਆਂ ਪਾਥੀਆਂ ਨਾਲ
ਧੂਣੀ ਬਾਲ ਕੇ
ਅੱਗ ਸੇਕ ਰਹੇ
ਆਪਣੇ ਭੈਣ ਭਰਾਵਾਂ ਦੇ ਵਿਚਕਾਰ
ਆ ਬੈਠਦੀ ਹਾਂ

ਹਰ ਇਕ ਦੇ ਚਿਹਰੇ ਵੱਲ
ਦੇਖਦੀ ਹਾਂ
ਧੌਲੀਆਂ ਦਾੜ੍ਹੀਆਂ ਵਿੱਚੋਂ ਝਾਕਦੀਆਂ
ਝੁਰੜੀਆਂ
ਡੂੰਘੀਆਂ ਧੱਸੀਆਂ ਅੱਖਾਂ
ਅੱਖਾਂ ਵਿੱਚ ਆਪਣੀ ਹੀ ਸਰਕਾਰ ਦੇ
ਬਣਾਏ ਕਿਸਾਨ ਵਿਰੋਧੀ
ਕਾਨੂੰਨਾਂ ਪ੍ਰਤੀ ਰੋਹ
ਸੱਚੇ ਗੁਰੂ ਦੇ
ਸੱਚੇ ਥਾਪੜੇ ਦੀ ਛੋਹ
ਸੀਨਿਆਂ ਵਿੱਚ ਹੱਕਾਂ ਲਈ
ਦਹਿਕਦੀਆਂ ਮੰਗਾਂ
ਨਾ ਕੋਈ ਝਿਜਕ
ਤੇ ਨਾ ਕੋਈ ਸੰਗਾਂ
ਧੂਣੀ ਦੇ ਸੇਕ ਨਾਲੋਂ ਵੱਧ
ਸਿੱਖ ,ਹਿੰਦੂ, ਮੁਸਲਿਮ ਦੇ ਏਕੇ
ਤੇ ਪੂਰੇ ਭਾਰਤ ਦੇ
ਕਿਰਤੀ ਕਿਸਾਨਾਂ ਦੇ ਸਾਥ
ਦਾ ਨਿੱਘ ਮਹਿਸੂਸ ਕਰਦੇ
ਇਕ ਜੁੱਟ ਹੋ ਕੇ ਬੈਠੇ ਕਿਰਤੀ ਕਿਸਾਨ

ਪਰ
ਹਰ ਚੇਹਰੇ ਤੇ
ਇਕ ਸੋਚ ਫੈਲਦੀ ਹੈ
ਕਿ ਕਿਵੇਂ ਉਹਦੀ ਵੱਟ ਤੇ
ਕੋਈ ਧਨਾਢ ਆਣ ਖੜੇਗਾ
ਉਹਦੇ ਖੇਤ ਦਾ ਮਾਲਕ ਬਣੇਗਾ
ਆਪਣੇ ਹੀ ਖੇਤ 'ਚ
ਦਿਹਾੜੀਆ ਬਣ
ਸੋਨੇ ਦੀ ਚਾਬਕ ਹੇਠ
ਮਿੱਟੀ ਨਾਲ ਮਿੱਟੀ ਹੋਵੇਗਾ
ਆਪਣੇ ਲਹੂ ਪਸੀਨੇ ਨਾਲ
ਪਾਲੀ ਫ਼ਸਲ
ਬੇਗਾਨੀ ਟਰਾਲੀ ਵਿੱਚ ਸੁੱਟ
ਘਰੇ ਖਾਲੀ ਪਰਤੇਗਾ

ਉਹ ਉੱਠ ਖਲੋਂਦਾ ਹੈ
ਸਿਰ ਤੇ ਬੰਨ੍ਹਿਆ ਪਰਨਾ
ਸੂਤ ਕਰਦਾ ਹੈ
ਪੱਗੜੀ ਸੰਭਾਲਦਾ ਹੈ
ਬੁੱਕਲ ਮਾਰਿਆ ਖੇਸ
ਲਾਹ ਕੇ ਵਗਾਹ ਮਾਰਦਾ ਹੈ
ਇਨਕਲਾਬ ਜ਼ਿੰਦਾਬਾਦ
ਦੇ ਨਾਹਰੇ ਲਾਉਂਦਾ
ਟਰਾਲੀਆਂ ਹੇਠਾਂ ਸੁੱਤਿਆਂ ਨੂੰ
ਜਗਾਉਂਦਾ
ਦਿੱਲੀ ਵੱਲ ਮੂੰਹ ਕਰਕੇ
ਉੱਚੀ ਆਵਾਜ਼ ਵਿੱਚ ਆਖਦਾ ਹੈ
ਅਸੀਂ ਲੜਾਂਗੇ
ਅਸੀਂ ਮਰਾਂਗੇ
ਅਸੀਂ ਜਿੱਤਾਂਗੇ।

• • •

## ਜਾਗਣ ਦੀ ਜਾਗ

ਜਦੋਂ
ਕਿਸੇ ਤਖਤ ਦੇ
ਨਾਦਰਸ਼ਾਹੀ ਫ਼ੁਰਮਾਨ ਚੋਂ ਨਿਕਲੀ
ਦਹਿਸ਼ਤ ਤੇ ਵਹਿਸ਼ਤ ਦੀ
ਬਦਬੂ
ਲੋਕਾਂ ਦੀ ਹੋਂਦ ਤੇ
ਹਮਲਾ ਕਰਦੀ ਹੈ
ਲੋਕਾਂ ਦਾ ਦਮ ਘੁੱਟਦੀ ਹੈ
ਤਾਂ
ਲੋਕੀਂ ਜਾਗ ਪੈਂਦੇ ਹਨ
ਤੇ ਇਹ ਵੀ ਸੱਚ ਹੈ ਕਿ
ਜਾਗਦੇ ਲੋਕਾਂ ਦਾ ਸੂਰਜ
ਕਦੇ ਛਿੱਪਦਾ ਨਹੀਂ ਹੁੰਦਾ
ਹੱਕਾਂ ਲਈ ਉੱਠਿਆ ਜੋਸ਼
ਰੋਕਿਆਂ ਰੁਕਦਾ ਨਹੀਂ ਹੁੰਦਾ
ਹੁਣ ਉਸ ਤਖਤ ਤੋਂ
ਮਾਰੂ ਫ਼ੁਰਮਾਨ ਦੀ ਬਦਬੂ ਆਈ ਹੈ
ਜਿਸ ਤਖਤ ਦੇ ਸਿਰ ਤੋਂ
ਚਿੱਟੇ ਹੁਕਮਰਾਨ ਦੀ ਗੁਲਾਮੀ ਦਾ
ਤਾਜ ਲਾਹ ਕੇ
ਆਜ਼ਾਦੀ ਦਾ ਤਾਜ ਸਜਾਉਣ ਖਾਤਿਰ
ਕਿਸੇ ਭਗਤ ਸਿੰਘ ਨੂੰ
ਬਾਲ ਉਮਰੇ ਹੀ
ਆਪਣੇ ਖੇਤਾਂ ਵਿੱਚ
ਬੰਦੂਕਾਂ ਦੀ ਫ਼ਸਲ ਉਗਾਉਣੀ ਪਈ
ਤੇ ਭਰ ਜਵਾਨੀ ਵਿੱਚ
ਲੋਕਾਂ ਨੂੰ ਜਗਾਉਣ ਖਾਤਿਰ
ਸਤਲੁੱਜ ਦੇ ਕੰਢੇ
ਆਪਣੇ ਲਹੂ ਦੀ ਜੋਤ
ਜਗਾਉਣੀ ਪਈ
ਇਤਿਹਾਸ ਤੁਰਦਾ ਤੁਰਦਾ
ਫਿਰ ਉਸ ਰਾਹ ਤੇ ਆਇਆ ਹੈ
ਸ਼ਹੀਦਾਂ ਦੇ ਖ਼ੂਨ ਨਾਲ ਲਿਬਰੇਜ਼
ਪੰਜਾਬ ਦੀ ਮਿੱਟੀ ਦੇ ਜਾਏ
ਆਪਣੀ ਫ਼ਸਲ ਦੇ
ਹਰ ਦਾਣੇ ਦੇ ਸਨਮਾਨ ਖਾਤਿਰ
ਆਪਣੇ ਪਿੰਡ ਦੀ ਹੋਂਦ ਖਾਤਿਰ
ਆਪਣੇ ਮੁੜ੍ਹਕੇ ਦੀ ਪਹਿਚਾਨ ਖਾਤਿਰ

ਹਕੂਮਤ ਦੀਆਂ ਡਾਂਗਾਂ ਖਾਂਦੇ
ਪਾਣੀ ਦੀਆਂ ਬੁਛਾੜਾਂ ਝਲਦੇ
ਰਾਹਾਂ ਚੋਂ ਕੰਡਿਆਲੀਆਂ ਤਾਰਾਂ ਤੇ
ਭਾਰੇ ਪਥਰ ਹਟਾਉਂਦੇਪੱਗਾਂ ਸੰਭਾਲਦੇ
ਤੁਰੇ ਜਾ ਰਹੇ ਹਨ
ਦੇਸ਼ ਭਰ ਦੇ
ਕਿਰਤੀ ਕਾਮਿਆਂ
ਕਿਸਾਨਾਂ ਤੇ ਮਜਦੂਰਾਂ ਨੂੰ
ਜਾਗਣ ਦੀ ਜਾਗ ਲਗਾਉਣ ਲਈ ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

PIONEER FINANCIAL SERVICES

TRUCK LOANS

Low Interest Rates, Fast Approval




PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

Monarch

INSURANCE BROKERS

TRUCK INSURANCE

BEST INSURANCE RATES IN ALBERTA

CALL: 587-832-1208

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



*ਗ੍ਰੇਟਰ ਟੋਰਾਂਟੋ ਵਾਲਿਆਂ ਨੇ ਮਨਾਇਆ ਨਵਾਂ ਸਾਲ ਕਿਸਾਨਾਂ ਦੇ ਨਾਲ*

# ਮੋਮਬੱਤੀਆਂ ਜਗਾ ਕੇ ਦਿੱਲੀ ਧਰਨੇ 'ਤੇ ਬੈਠੇ ਕਿਸਾਨਾਂ ਦੇ ਹੱਕ 'ਚ ਕੀਤੀ ਆਵਾਜ਼ ਬੁਲੰਦ, ਕਾਲੇ ਕਾਨੂੰਨ ਰੱਦ ਕਰਨ ਦੀ ਕੀਤੀ ਮੰਗ

ਕੈਨੇਡਾ ਮਾਲਟਨ, 31 ਦਸੰਬਰ (ਸਰਗਰਮ ਬਿਊਰੋ) ਵੇਸਟਵੁੱਡ ਮਾਲ ਮਾਲਟਨ ਮੀਸੀਸਾਗਾ ਦੇ ਬਾਹਰ ਡਿਜੀਟਲ ਕਿਸਾਨ ਮੋਰਚਾ ਟੋਰਾਂਟੋ ਦੇ ਸੱਦੇ ਤੇ ਵਿਦਿਆਰਥੀਆਂ, ਕੈਨੇਡਾ ਦੇ ਰੇਡੀਉ ਚੈਨਲਾਂ ਦੇ ਸਰਪ੍ਰਸਤਾਂ, ਫਾਰਮਰਜ਼ ਸਪੋਰਟ ਕੋ-ਆਰਡੀਨੇਸ਼ਨ ਦੇ ਕਈ ਪ੍ਰਬੰਧਕਾਂ ਅਤੇ ਗ੍ਰੇਟਰ ਟੋਰਾਂਟੋ ਦੇ ਲੋਕਾਂ ਨੇ ਮਿਲ ਕੇ ਮਨਾਇਆ ਨਵਾਂ ਸਾਲ ਕਿਸਾਨਾਂ ਦੇ ਨਾਲ।



ਗ੍ਰੇਟਰ ਟੋਰਾਂਟੋ ਦੇ ਵਸਨੀਕ ਕਿਸਾਨਾਂ ਦੇ ਹੱਕ ਆਵਾਜ਼ ਬੁਲੰਦ ਕਰਦੇ ਹੋਏ।

ਟੋਰਾਂਟੋ ਜੋਨ ਦੇ ਸਮੇਂ ਅਨੁਸਾਰ ਸ਼ਾਮ 5 ਤੋਂ 7 ਵਜੇ ਤੱਕ ਮੋਮਬੱਤੀਆਂ ਜਗਾ ਕੇ, ਭਾਰਤੀ ਹਕੂਮਤ ਦੇ ਕਾਲੇ ਕਾਨੂੰਨ ਦੇ ਵਿਰੋਧ ਵਿਚ ਨਾਅਰੇਬਾਜ਼ੀ ਕੀਤੀ ਗਈ। ਡੀਜ਼ੀਟਲ ਕਿਸਾਨ ਮੋਰਚਾ ਟੋਰਾਂਟੋ ਦੇ ਸੰਚਾਲਕ ਦਲਜੀਤ ਸਿੰਘ ਕਾਫ਼ਿਰ ਨੇ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਲੋਕਾਂ ਨੇ ਅੱਜ ਮੋਮਬੱਤੀਆ ਜਗਾ ਕੇ ਭਾਰਤੀ ਕਿਸਾਨਾਂ ਤੇ ਮਜਦੂਰਾਂ ਨੂੰ ਭਰੋਸਾ ਦਿੱਤਾ ਕਿ ਵਿਦੇਸ਼ੀਂ ਵੱਸਦਾ ਹਰ ਭਾਰਤੀ.. ਕਿਸਾਨਾਂ, ਮਜਦੂਰਾਂ ਦੇ ਘਰ, ਖੇਤ ਅਤੇ ਜ਼ਿੰਦਗੀ ਵਿੱਚ ਕਦੇ ਹਨੇਰਾ ਨਹੀਂ ਹੋਣ ਦੇਣਗੇ।

ਉਨ੍ਹਾਂ ਕਿਹਾ ਕਿ ਭਾਰਤ ਦੀ ਕੇਂਦਰੀ ਹਕੂਮਤ ਤੋਂ ਕਾਲੇ ਕਾਨੂੰਨ ਤੁਰੰਤ ਰੱਦ ਕਰਾਉਣੇ ਬਹੁਤ ਜ਼ਰੂਰੀ ਹਨ ਕਿਉਂਕਿ ਇਸ ਨਾਲ ਸਿਰਫ਼ ਕਿਸਾਨ ਹੀ ਨਹੀਂ ਆਮ ਜਨਤਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਭਾਰਤੀ ਮਹਿੰਗਾਈ ਨੇ ਪਹਿਲਾਂ ਹੀ ਆਮ ਆਦਮੀ ਦੀ ਕਮਰ ਤੋੜ ਦਿੱਤੀ ਹੈ। ਇਨ੍ਹਾਂ ਕਾਲੇ ਕਾਨੂੰਨਾਂ ਨੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਲਈ ਵੀ ਮੋਹਥਾਜ ਕਰ ਦੇਣਾ ਹੈ। ਮੋਦੀ ਸਰਕਾਰ ਕੁਝ ਕਾਰਪੋਰੇਟ ਘਰਾਣਿਆਂ ਦੀ ਦਲਾਲ ਬਣ ਕੇ ਕੰਮ ਕਰ ਰਹੀ ਹੈ। ਹਰ ਪਬਲਿਕ, ਸਰਕਾਰੀ ਸੈਕਟਰ ਨੂੰ ਬਰਬਾਦ ਕਰਕੇ ਪਹਿਲੋਂ ਹੀ ਪੂੰਜੀਵਾਦੀਆਂ ਨੂੰ ਗਹਿਣੇ ਧਰ ਦਿੱਤਾ ਹੈ। ਇੱਕੋ ਖੇਤਬਾੜੀ ਸੈਕਟਰ ਬਚਿਆ ਸੀ ਜਿਸ ਉੱਤੇ ਹੁਣ ਕਾਰਪੋਰੇਟ ਘਰਾਣਿਆਂ ਦੀ ਗਿੱਰਜਾਂ ਮੰਡਰਾਂ ਰਹੀਆਂ ਹਨ। ਜਿਸਨੂੰ ਸਮੇਂ ਸਿਰ ਨੱਥ ਪਾਉਣ ਲਈ ਹਰ ਵਰਗ ਨੂੰ ਧਰਮਾਂ, ਜਾਤਾਂ, ਰਾਜਾਂ, ਭਾਸ਼ਾ ਤੋਂ ਉੱਪਰ ਉੱਠ ਨਿਰਨਾਇਕ ਲੰਬੀ ਲੜਾਈ ਲੜਨੀ ਪਵੇਗੀ। ਇਸ ਜੰਗ ਵਿੱਚ ਉਹ ਖੁਦ ਅਤੇ ਹੋਰ ਜਥੇਬੰਦੀਆਂ ਨਾਲ ਮਿਲ ਕੇ ਆਪਣੀ ਸਮੱਰਥਾਂ ਅਨੁਸਾਰ ਹਰ ਤਰ੍ਹਾਂ ਦਾ ਯੋਗਦਾਨ ਪਾਉਂਦੇ ਰਹਿਣਗੇ। ਹੋਰਾਂ ਜਥੇਬੰਦੀਆਂ ਦੇ ਆਗੂਆਂ ਨੇ ਆਪਣੀ ਅਗਲੀ ਰਣਨੀਤੀ ਬਾਰੇ ਕਈ ਐਲਾਨ ਕੀਤੇ ਅਤੇ ਟੋਰਾਂਟੋ ਵਿੱਚ ਅਜਿਹੇ ਮੁਜ਼ਾਹਰਿਆਂ ਨੂੰ ਹੋਰ ਅੱਗੇ ਵਧਾਉਣ ਲਈ ਲਈ ਲੋਕਾਂ ਨੂੰ ਜੰਗੀ ਪੱਧਰ ਤੇ ਜਾਗਰੂਕ ਕੀਤਾ ਜਾਵੇਗਾ।





